# ਸੰਪਾਦਕੀ

***ਡਾ. ਡੀ. ਕੇ ਪਾਂਡੇ***

ਵਾਹਿਗੁਰੂ ਜੀ ਦੀ ਨਿਰਾਲੀ, ਅਨੂੰਠੀ ਦੁਨੀਆਂ ਵਿਚ ਨਿਤ ਨਵੇਂ ਨਵੇਂ ਫੁਲ ਖਿੜਦੇ ਰਹਿੰਦੇ ਹਨ। ਉਸ ਵਾਹਿਗੁਰੂ ਜੀ ਦੇ ਹੁਕਮ ਅਨੁਸਾਰ, ਕੁਝ ਫੁਲਾਂ ਦਾ ਸੁਗੰਧੀ ਦੇਣ ਦਾ ਕੰਮ ਬਹੁਤ ਛੇਤੀ ਮੁਕ ਜਾਂਦਾ ਹੈ ਤਾਂ ਕੁਝ ਫੁਲ ਕਈ ਕਈ ਸਾਲਾਂ ਤਕ ਆਪਣੀ ਖੁਸ਼ਬੂ ਦੁਨੀਆਂ ਨੂੰ ਦਿੰਦੇ ਰਹਿੰਦੇ ਹਨ। ਜਦੋਂ ਫੁੱਲ ਵਾਹਿਗੁਰੂ ਦੀ ਸਜਾਈ ਗਈ ਇਸ ਧਰਤੀ ਤੇ ਆਉਂਦਾ ਹੈ ਤਾਂ ਉਸ ਦੇ ਨਾਲ ਇਹ ਵੀ ਲਿਖ ਦਿਤਾ ਜਾਂਦਾ ਹੈ ਕਿ ਅਮੁੱਕ ਫੁਲ ਕਿਹੜੇ ਬਾਗ ਦੀ ਕਲੀ ਬਣੇਗਾ ਅਤੇ ਉਸ ਬਾਗ ਦਾ ਮਾਲਕ ਕੌਣ ਹੋਵੇਗਾ? ਉਸ ਸਿਰਜਨਹਾਰ ਦੀ ਮੌਜ ਦਾ ਕੋਈ ਵੀ ਪਾਰਾਵਾਰ ਨਹੀਂ ਹੈ। ਕਦੇ ਤਾਂ ਉਹ ਚੰਗੇ ਚੰਗੇ ਫੁਲਾਂ ਨੂੰ ਜੰਗਲਾਂ ਵਿਚ ਉਗਾਉਂਦਾ ਹੈ ਜਿਥੇ ਉਨ੍ਹਾਂ ਦਾ ਕੋਈ ਰਖਵਾਲਾ ਨਹੀਂ ਹੁੰਦਾ, ਕਿਤੇ ਗੁਲਾਬ ਦੇ ਫੁਲਾਂ ਦੇ ਨਾਲ ਕੰਡੇ ਵੀ ਲਾ ਦਿੰਦਾ ਹੈ ਤਾਂ ਕਿ ਉਹ ਆਪਣੀ ਰੱਖਿਆ ਆਪੇ ਹੀ ਕਰ ਸਕਣ। ਕਈ ਫੁਲਾਂ ਨੂੰ ਕੇਵਲ ਵੇਖਣ ਵਾਸਤੇ ਹੀ ਪੈਦਾ ਕਰਦਾ ਹੈ, ਉਨ੍ਹਾਂ ਦੀ ਸੁਗੰਧੀ ਨਹੀਂ ਹੁੰਦੀ। ਠੀਕ ਇਸੇ ਤਰ੍ਹਾਂ, ਸੰਤ ਮਹਾਤਮਾ, ਪੀਰ ਵੀ ਉਸ ਦੇ ਹੁਕਮ ਨਾਲ ਧਰਤੀ ਤੇ ਅਵਤਾਰ ਲੈਂਦੇ ਹਨ ਅਤੇ ਆਪਣੇ ਜੀਵਨ ਕਾਲ ਵਿਚ ਅਜਿਹੀ ਸੋਹਣੀ ਮਨਮੋਹਣੀ, ਬਗੀਚੀ ਤਿਆਰ ਕਰਦੇ ਹਨ ਜਿਸ ਵਿਚ ਜਗਿਆਸੂ, ਆਤਮ ਮਾਰਗੀ, ਸਤਿਸੰਗੀ ਪਿਆਰੇ, ਆਪਣਾ ਜੀਵਨ ਸਫਲਾ ਕਰਨ ਲਈ ਰੋਜ਼ਾਨਾ ਉਸ ਵਾਟਿਕਾ ਵਿਚ, ਨਵੇਂ ਨਵੇਂ ਫੁਲਾਂ ਦੀ ਸੁਗੰਧੀ ਦਾ ਆਨੰਦ ਮਾਣਦੇ ਹਨ।

ਅੱਜ ਤੋਂ ਠੀਕ ਸੱਤ ਸਾਲ ਪਹਿਲਾਂ 1995 ਵਿਚ ਮਹਾਰਾਜ ਜੀ (ਸੰਤ ਵਰਿਆਮ ਸਿੰਘ ਜੀ) ਨੇ ਆਤਮ ਮਾਰਗ ਮੈਗਜ਼ੀਨ ਦਾ ਪੰਜਾਬੀ ਵਿਚ ਅਧਿਆਤਮਕ ਸਾਹਿਤ ਦਾ ਇਕ ਫੁੱਲ ਦਾ ਬੂਟਾ ਲਾਇਆ ਸੀ ਜਿਹੜਾ ਅੱਜ ਲੱਖਾਂ ਪ੍ਰੇਮੀਆਂ ਦੇ ਗਲੇ ਦਾ ਹਾਰ ਬਣ ਗਿਆ ਹੈ। ਉਸ ਤੋਂ ਇਕ ਸਾਲ ਬਾਅਦ ਫਰਵਰੀ 1996 ਵਿਚ ਹਿੰਦੀ ਵਿਚ ਵੀ ਇਹ ਬੂਟਾ ਲਾਇਆ ਗਿਆ ਤੇ ਉਹ ਵੀ ਹਿੰਦੀ ਪ੍ਰੇਮੀਆਂ ਲਈ ਇਕ ਅਨਮੋਲ ਖਜ਼ਾਨਾ ਬਣ ਗਿਆ। ਅੱਜ ਵੱਡੇ ਫਖਰ ਅਤੇ ਖੁਸ਼ੀ ਨਾਲ ਇਹ ਕਹਿ ਸਕਦੇ ਹਾਂ ਕਿ 6 ਸਾਲ ਪੰਜਾਬੀ ਵਿਚ ਅਤੇ 5 ਸਾਲ ਹਿੰਦੀ ਵਿਚ, ਆਤਮ ਮਾਰਗ ਆਪਣੀ ਅਧਿਆਤਮਕ ਸੁਗੰਧੀ ਬਿਨਾਂ ਰੋਕ ਟੋਕ ਦਿੰਦਾ ਆ ਰਿਹਾ ਹੈ ਜਿਸ ਦਾ ਪ੍ਰਗਟਾਵਾ ਇਸ ਤੋਂ ਵੀ ਹੋ ਜਾਂਦਾ ਹੈ ਕਿ ਅੱਜ ਦੂਰ ਦੂਰ ਦੇਸ਼ਾਂ ਵਿਚ ਬੈਠੇ ਪ੍ਰਭੂ ਪਿਆਰੇ ਇੰਟਰਨੈਟ ਤੇ ਇਸ ਦਾ ਲਾਹਾ ਪ੍ਰਾਪਤ ਕਰ ਰਹੇ ਹਨ।

ਫੁਲਾਂ ਦੀ ਬਗੀਚੀ ਉਹੀ ਚੰਗੀ ਹੁੰਦੀ ਹੈ ਜਿਸ ਵਿਚ ਹਰ ਤਰ੍ਹਾਂ ਦੇ ਫੁੱਲ, ਹਰ ਮੌਸਮ ਅਨੁਸਾਰ ਲਗਦੇ ਹੋਣ। ਇਸ ਸੋਹਣੀ ਅਤੇ ਮੋਹਣੀ ਵਾਟਿਕਾ ਵਿਚ ਵੱਖ ਵੱਖ ਧਰਮਾਂ, ਮਜ਼ਹਬਾਂ ਦੇ ਵਿਚ ਛਿਪੀ ਹੋਈ ਰਮਜ਼ ਜਿਸ ਦਾ ਸਾਰ, ਪਿਆਰ (attraction) ਹੈ, ਨੂੰ ਅਧਾਰ ਬਣਾ ਕੇ ਉਨ੍ਹਾਂ ਵੱਖ ਵੱਖ ਮਜ਼ਹਬਾਂ ਵਿਚੋਂ ਪਿਆਰ ਦੇ ਨਵੇਂ ਨਵੇਂ ਫੁੱਲ ਚੁਣ ਚੁਣ ਕੇ ਲਾਏ ਜਾਂਦੇ ਹਨ, ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਨਾਲ ਰਲ ਕੇ ਸੋਹਣੇ ਲਗਦੇ ਹਨ। ਮਹਾਂਪੁਰਸ਼ਾਂ ਦੇ ਆਪਣੇ ਪ੍ਰਵਚਨ ਜੋ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਵਿਚ, ਉਨ੍ਹਾਂ ਦੇ ਪਵਿੱਤਰ ਮੁਖਾਰਬਿੰਦ ਤੋਂ ਨਿਕਲਦੇ ਹਨ, ਆਪਣੇ ਆਪ ਹੀ ਪ੍ਰਕਾਸ਼ ਦਿੰਦੇ ਹਨ। ਉਨ੍ਹਾਂ ਦੇ ਨਾਲ ਅਧਿਆਤਮਕ ਸਾਹਿਤ ਤੋਂ ਚੁਣ ਚੁਣ ਕੇ ਲਾਏ ਗਏ ਫੁੱਲ ਇਸ ਮੈਗਜ਼ੀਨ ਵਿਚ ਸੋਨੇ ਤੇ ਸੁਹਾਗੇ ਵਰਗਾ ਕੰਮ ਕਰਦੇ ਹਨ।

ਅੱਜਕਲ੍ਹ ਮੈਗਜ਼ੀਨ ਵਿਚ 'ਅਬਿਨਾਸ਼ੀ ਜੋਤ' ਸਿਰਲੇਖ ਦੇ ਹੇਠਾਂ ਭਾਈ ਲਹਿਣਾ ਜੀ ਦਾ ਜੀਵਨ, ਜਿਹੜੇ ਕਈ ਸਾਲਾਂ ਤੋਂ ਲਗਾਤਾਰ ਦੇਵੀ ਦੇ ਪੁਜਾਰੀ ਬਣ ਕੇ ਆਪਣਾ ਜੀਵਨ ਗੁਜ਼ਾਰ ਰਹੇ ਸਨ, ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਦੇ ਹੀ 'ਅਬਿਨਾਸ਼ੀ ਜੋਤ' ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਮਹਾਰਾਜ ਵਿਚ ਕਿਸ ਤਰ੍ਹਾਂ ਬਦਲ ਗਿਆ, ਦਿਤਾ ਜਾ ਰਿਹਾ ਹੈ। ਇਸ ਲੇਖ ਨੂੰ ਪੜ੍ਹ ਕੇ, ਵਿਚਾਰ ਅਤੇ ਮੰਨਨ ਕਰਨ ਤੇ ਹਰ ਇਕ ਜਗਿਆਸੂ ਨੂੰ ਆਪਣੇ ਆਪੇ ਦਾ ਪਤਾ ਲਗ ਸਕਦਾ ਹੈ। ਇਹੀ ਉਹ ਸਿਖਰ ਹੈ, ਨਿਸ਼ਾਨਾ ਹੈ ਜਿਥੇ ਹਰ ਇਕ ਮਨੁੱਖ ਨੇ ਪੁੱਜਣਾ ਹੈ। ਮਹਾਂਪੁਰਸ਼ਾਂ ਦਾ ਵੀ ਜੀਵਨ ਦਾ ਇਹੀ ਸੰਦੇਸ਼ ਹੈ ਜਿਹੜਾ ਉਹ ਜਨ ਜਨ ਤਕ ਪਹੁੰਚਾਉਣਾ ਚਾਹੁੰਦੇ ਹਨ।

ਇਸੇ ਤਰ੍ਹਾਂ 'ਜਿਸ ਦੇ ਹੋਵੈ ਵਲਿ ਸੁ ਕਦੇ ਨ ਹਾਰਦਾ॥' ਸਿਰਲੇਖ ਦੇ ਹੇਠਾਂ ਜਿਨ੍ਹਾਂ ਨੇ ਆਪਣਾ ਆਧਾਰ, ਜੀਵਨ ਸਹਾਰਾ ਵਾਹਿਗੁਰੂ ਜੀ ਨੂੰ ਬਣਾਇਆ ਹੈ ਉਨ੍ਹਾਂ ਦਾ ਸੰਸਾਰੀ ਲੋਕ, ਰਾਜੇ, ਮਹਾਰਾਜੇ ਕੁਝ ਵੀ ਨਹੀਂ ਵਿਗਾੜ ਸਕੇ। ਮਹਾਤਮਾ ਕਬੀਰ, ਪ੍ਰਹਿਲਾਦ ਅਤੇ ਨਾਮਦੇਵ ਜਿਹੇ ਭਗਤਾਂ ਦਾ ਜੀਵਨ ਅਸਲੀ ਪਿਆਰ ਕਰਨ ਵਾਲੀ ਚੀਜ਼ ਵਾਹਿਗੁਰੂ ਦੇ ਨਾਲ ਸੱਚਾ ਪਿਆਰ ਪਾਉਣ ਦੀ ਪ੍ਰੇਰਨਾ ਦਿੰਦਾ ਹੈ। ਜੇ ਉਸ ਦਾ ਪਿਆਰ ਮਿਲ ਜਾਵੇ ਤਾਂ ਫਿਰ ਕਿਸੇ ਹੋਰ ਦੇ ਪਿਆਰ ਦੀ ਲੋੜ ਹੀ ਨਹੀਂ ਰਹਿੰਦੀ।

ਮਹਾਂਪੁਰਸ਼ਾਂ ਦੀ ਕਥਨੀ ਅਤੇ ਕਰਨੀ ਵਿਚ ਕੋਈ ਫਰਕ ਨਹੀਂ ਹੁੰਦਾ। ਬ੍ਰਹਮਗਿਆਨੀ ਮਹਾਂਪੁਰਸ਼ ਸਭ ਦੇ ਸਾਂਝੇ ਹੁੰਦੇ ਹਨ। 28.12.2000 ਨੂੰ ਈਦ ਦੇ ਸਮਾਗਮ ਤੇ ਮਹਾਂਪੁਰਸ਼ਾਂ ਨੇ ਚਾਹੜਮਾਜਰਾ ਪਿੰਡ ਮਸਜਿਦ ਵਿਚ ਪੁੱਜ ਕੇ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਜੀ ਦੇ ਬਚਨਾਂ ਨੂੰ ਇਸ ਕਲਜੁਗ ਦੇ ਵਿਚ ਪੂਰਾ ਕਰ ਵਿਖਾਇਆ–

***ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥***

***ਅਕਾਲ ਉਸਤਤਿ***

ਇਸ ਸੁਭਾਗੇ ਦਿਹਾੜੇ ਚਾਹੜਮਾਜਰੇ ਪਿੰਡ ਦੇ ਮੁਸਲਮਾਨਾਂ ਲਈ ਇਕ ਸੁੰਦਰ ਮਸਜਿਦ ਆਪਣੇ ਪਾਸੋਂ ਸਾਰਾ ਖਰਚ ਕਰਕੇ, ਮੁਕੰਮਲ ਕਰਕੇ ਈਦ ਦੀ ਨਮਾਜ਼ ਪੜ੍ਹਨ ਲਈ ਇਕ ਅਨੂਠਾ ਤੋਹਫਾ ਦਿਤਾ। ਇਸ ਸਦ ਭਾਵਨਾ ਦੀ ਮਿਸਾਲ ਮਿਲਣੀ ਮੁਸ਼ਕਲ ਹੈ।

(ਬਾਕੀ ਪੰਨਾ 22 ਤੇ)

# ਨਕਲੀ ਬ੍ਰਹਮਗਿਆਨੀ

***ਸੰਤ ਸਾਧੂ ਸਿੰਘ ਜੀ, ਸੰਗਰੂਰ***

ਵਾਹਿਗੁਰੂ ਨੇ ਸੰਸਾਰ ਇਕ ਸੰਕਲਪ ਨਾਲ ਆਪਣੇ ਗੁਪਤ ਰੂਪ ਤੋਂ ਪ੍ਰਗਟ ਰੂਪ ਵਿਚ ਰਚ ਕੇ ਐਸਾ ਕੌਤਕ ਦਿਖਾ ਰੱਖਿਆ ਹੈ ਜਿਸਨੂੰ ਸਮਝਣਾ, ਦੇਖਣਾ, ਮੰਨਣਾ ਔਰ ਉਸ ਵਿਚ ਅਭੇਦ ਹੋ ਕੇ, ਚੁੱਪ, ਅਫੁਰ, ਨਿਰ-ਵਿਕਲਪ ਹੋ ਕੇ ਮਨ, ਸਰੀਰ, ਸੰਸਾਰ ਦੀ ਸਾਰੀ ਕਿਰਿਆ ਗੁਰਮਤਿ ਅਨੁਸਾਰ ਕਰਨ ਦਾ ਵਾਹਿਗੁਰੂ ਜੀ ਦਾ ਸਾਨੂੰ ਹੁਕਮ ਹੈ। ਯਾਨਿ ਜੋ ਕੁਛ ਇਨ੍ਹਾਂ ਅੱਖਾਂ ਨਾਲ ਸਾਨੂੰ ਦਿਸਦਾ ਹੈ ਸਭ ਗੋਬਿੰਦ ਹੈ, ਵਾਹਿਗੁਰੂ ਹੈ, ਸੱਚ ਹੈ। ਹਜ਼ੂਰ ਦਾ ਫੁਰਮਾਨ ਹੈ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ॥***
***ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ***
***ਹਰਿ ਬਿਨੁ ਅਵਰੁ ਨ ਕੋਈ॥***
***ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ***
***ਸਤਿਗੁਰਿ ਮਿਲਿਐ ਦਿਬਦ੍ਰਿਸਟਿ ਹੋਈ॥ ਪੰਨਾ - 922***

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਗਾਰੇ ਤੇ ਚੋਟ ਲਾ ਕੇ ਸਾਰੇ ਸੰਸਾਰ ਨੂੰ ਦਸਦੇ ਹਨ ਕਿ ਭਾਈ, ਸਾਰਾ ਸੰਸਾਰ, ਸੰਸਾਰ ਦੇਖਣਾ ਹੀ ਭੁੱਲ ਹੈ ਇਸ ਨੂੰ ਜੋ ਇਹ ਵਾਸਤਵ ਵਿਚ ਹੈ, ਅਸਲ ਵਿਚ ਹੈ ਉਹੀ ਦੇਖੋ। ਅਸਲੀਅਤ ਇਹ ਹੈ ਕਿ ਇਹ ਵਿਸ਼ਵ ਸੰਸਾਰ ਨਹੀਂ, ਨਿਰੰਕਾਰ ਹੀ ਹੈ। ਇਸ ਕਰਕੇ ਹੀ ਬਾਣੀ ਵਿਚ ਹੁਕਮ ਕੀਤਾ ਗਿਆ ਹੈ -

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26***

ਜੇ ਸੇਵਾ ਕਮਾਈ ਜਾਵੇ, ਜੇ ਸੇਵਾ ਕੀਤੀ ਜਾਵੇ ਤਾਂ ਵਾਹਿਗੁਰੂ ਜੀ ਸੇਵਾਦਾਰ ਤੇ ਅਤਿਅੰਤ ਪ੍ਰਸੰਨ ਹੁੰਦੇ ਹਨ, ਜੋ ਮੰਗੇ ਓਹੀ ਦੇ ਦਿੰਦੇ ਹਨ। ਗੁਰੂ ਇਤਿਹਾਸ ਅਤੇ ਸੰਸਾਰ ਦਾ ਇਤਿਹਾਸ ਐਸੀਆਂ ਸਾਖੀਆਂ, ਉਦਾਹਰਣਾਂ ਨਾਲ ਭਰਪੂਰ ਹੈ। ਕੋਈ ਇਕ ਉਦਾਹਰਣ ਦੇਣ ਦੀ ਤਾਂ ਗੱਲ ਹੀ ਕੀ ਹੈ। ਸੇਵਾ ਨੂੰ ਹੀ ਮੇਵਾ ਲਗਦਾ ਹੈ ਇਸ ਵਿਚ ਕੋਈ ਦੋ ਰਾਇਆਂ ਨਹੀਂ ਹਨ। ਗੁਰੂ ਘਰ ਵਿਚ ਸੇਵਾ ਜੋੜੇ ਝਾੜਨ ਤੋਂ ਸ਼ੁਰੂ ਹੋ ਕੇ, ਸਿਰ ਸੇਵਾ ਵਿਚ ਲਾ ਦੇਣ ਤੇ ਖਤਮ ਹੁੰਦੀ ਹੈ। ਜਿਨ੍ਹਾਂ ਨੇ ਆਪਣਾ ਸਿਰ ਗੁਰੂ ਨੂੰ ਦੇ ਦਿਤਾ ਉਹ ਗੁਰੂ ਘਰ ਵਿਚ ਪ੍ਰਵਾਨ ਹੋ ਗਏ। ਔਰ ਅੱਗੇ ਨੂੰ ਵੀ ਹੁੰਦੇ ਰਹਿਣਗੇ। ਇਹ ਗੱਲ ਕੋਈ ਦਲੀਲਾਂ ਦੀ ਮੁਹਥਾਜ ਨਹੀਂ ਰਹਿ ਗਈ ਕਿ ਸੰਗਤ ਦੀ ਸੇਵਾ, ਪਬਲਿਕ ਦੀ ਸੇਵਾ, ਗਰੀਬਾਂ ਦੀ ਸੇਵਾ ਹੋਰ ਤਾਂ ਕੀ ਕਹਿਣਾ ਹੈ ਪਸ਼ੂਆਂ ਦੀ ਸੇਵਾ, ਫਸਲ ਦੀ ਸੇਵਾ ਵੀ, ਵਾਹਿਗੁਰੂ ਦੀ ਸੇਵਾ ਹੀ ਹੈ ਔਰ ਫਲੀਭੂਤ ਹੁੰਦੀ ਹੈ।

ਪਰ ਜੇ ਚੱਕਰ ਪੁੱਠਾ ਚਲ ਪਵੇ ਤਾਂ ਚੱਕਰ ਤਾਂ ਉਸੇ ਸਪੀਡ ਨਾਲ ਚਲਦਾ ਹੈ, ਦੇਖਣ ਵਾਲੇ ਨੂੰ ਵੀ ਦਿਸਦਾ ਹੈ ਕਿ ਚੱਕਰ ਸਪੀਡ ਨਾਲ ਚਲ ਰਿਹਾ ਹੈ ਪਰ ਜੇ ਸਪੀਡ ਵਧ ਜਾਵੇ ਤਾਂ ਦੇਖਣ ਵਾਲਾ ਨਹੀਂ ਦਸ ਸਕਦਾ ਕਿ ਚੱਕਰ ਸਿੱਧਾ ਚਲ ਰਿਹਾ ਹੈ ਜਾਂ ਪੁੱਠਾ ਚਲ ਰਿਹਾ ਹੈ। ਜਿਵੇਂ ਗੱਡੀ ਦਾ ਮੁਸਾਫਰ ਜਦੋਂ ਬਾਹਰ ਨੂੰ ਦੇਖਦਾ ਹੈ ਤਾਂ ਉਸ ਨੂੰ ਧਰਤੀ ਘੁੰਮਦੀ ਦਿਸਦੀ ਹੈ ਯਾਨਿ ਹੋਰ ਦਾ ਹੋਰ ਦਿਸਦਾ ਹੈ। ਪੁੱਠੇ ਚੱਕਰ ਨਾਲ ਲੈਣ ਦੇਣ ਨੂੰ ਕੁਛ ਨਹੀਂ ਹੁੰਦਾ, ਕੇਵਲ ਪਾਣੀ ਰਿੜਕਣ ਜਾਂ ਰੇਤਾ ਪੀੜਨ ਵਾਲੀ ਗੱਲ ਹੁੰਦੀ ਹੈ ਇਸੀ ਤਰ੍ਹਾਂ ਹੀ ਹੋ ਰਿਹਾ ਹੈ ਪਰ ਬੀਜ ਨਾਸ਼ ਨਹੀਂ ਹੈ।

ਕੋਈ ਸਮਾਂ ਸੀ (ਹੋ ਸਕਦਾ ਹੈ ਹੁਣ ਵੀ ਹੋਣ) ਨਕਲੀਏ ਨਕਲਾਂ ਕਰਦੇ ਹੁੰਦੇ ਸੀ। ਜਿਥੇ ਪਤਾ ਲਗਣਾ ਕਿ ਨਕਲੀਏ ਆਉਣੇ ਹਨ, ਹਜ਼ਾਰਾਂ ਆਦਮੀ ਉਥੇ ਬਿਨਾਂ ਵਿਛਾਈ ਕੀਤਿਆਂ ਦਰਖਤਾਂ ਤੇ, ਉਚੇ ਥਾਵਾਂ ਤੇ, ਰੂੜੀਆਂ ਤੇ ਬੈਠ ਜਾਂਦੇ ਸਨ ਕਿਉਂਕਿ ਉਨ੍ਹਾਂ ਨੇ ਤਾਂ ਨਕਲ ਦੇਖਣੀ ਹੈ ਤੇ ਸੁਣਨੀ ਹੈ। ਛਿਨ ਭਰ ਦਾ ਮਨੋਰੰਜਨ ਹੁੰਦਾ ਸੀ ਜਿਸ ਦਾ ਨਤੀਜਾ ਬਹੁਤ ਸਾਰੇ ਅਣਜਾਣ ਦਰਸ਼ਕ ਪਿਛੋਂ ਕਈ ਕਈ ਦਿਨ ਉਨ੍ਹਾਂ ਦੀਆਂ ਗੱਲਾਂ ਕਰਦੇ ਰਹਿੰਦੇ ਸਨ ਤੇ ਖੁਸ਼ ਹੁੰਦੇ ਰਹਿੰਦੇ ਸਨ। ਕਿੰਨਾ ਖੁਸ਼ ਹੁੰਦੇ ਸੀ ਲੋਕ-ਨਕਲੀਆਂ ਨੂੰ ਸੁਣ ਕੇ ਅਤੇ ਦੇਖ ਕੇ, ਜਿਨ੍ਹਾਂ ਵੇਖਿਆ ਸੀ, ਓਹੋ ਜਾਣਦੇ ਹਨ।

ਦੂਜੇ ਪਾਸੇ ਜੇ ਨਕਲੀਆ ਕਾਮਲ ਉਸਤਾਦ ਦੀ ਦ੍ਰਿਸ਼ਟੀ ਵਿਚ ਆ ਜਾਵੇ ਤਾਂ ਇਮਤਿਹਾਨਾਂ ਵਿਚ ਉਹੀ ਨਕਲ ਕਰਨ ਵਾਲਾ ਵਿਦਿਆਰਥੀ ਸਜ਼ਾ ਦਾ ਭਾਗੀ ਬਣ ਜਾਂਦਾ ਹੈ। ਉਸ ਨੂੰ ਨੰਬਰ ਤਾਂ ਕੀ ਮਿਲਣੇ ਹਨ, ਸਿਫਰ ਹੀ ਮਿਲਦੀ ਹੈ ਭਾਵੇਂ ਉਤਰ ਨਕਲ ਕਰਕੇ ਠੀਕ ਹੀ ਲਿਖਿਆ ਹੋਵੇ ਪਰ ਹੱਕਦਾਰ ਉਹ ਸਿਫਰ ਦਾ ਹੀ ਹੁੰਦਾ ਹੈ ਭਾਵੇਂ ਕਿੰਨਾਂ ਜ਼ੋਰ ਲਾਈ ਜਾਵੇ ਕਿ ਮੇਰਾ ਉਤਰ ਵੀ ਇਸ ਨਾਲ ਹੀ ਮਿਲਦਾ ਹੈ; ਇਹ ਨੂੰ ਸੌ ਬਟਾ ਸੌ ਨੰਬਰ, ਮੈਨੂੰ ਸਿਫਰ? ਉਸਤਾਦ ਕਹਿੰਦੈ ਤੂੰ ਨੰਬਰਾਂ ਲਈ ਵਕਾਲਤ ਕਰਦੈਂ? ਤੂੰ ਤਾਂ ਸਜ਼ਾ ਦਾ ਭਾਗੀ ਹੈਂ ਕਿਉਂਕਿ ਤੂੰ ਤਾਂ ਨਕਲਚੀ ਹੈਂ, ਚੋਰ ਹੈਂ, ਤੂੰ ਤਾਂ ਚੋਰੀ ਕੀਤੀ ਹੈ, ਤੂੰ ਫੜਿਆ ਗਿਆ ਹੈਂ।

ਕਬੀਰ ਸਾਹਿਬ ਭਗਤਾਂ ਦੇ ਸ਼੍ਰੋਮਣੀ ਪੂਰਨ ਬ੍ਰਹਮਗਿਆਨੀ ਗੁਰੂ ਪਦ ਨੂੰ ਪ੍ਰਾਪਤ ਅੱਜ ਅੰਮ੍ਰਿਤ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਸਮਰਪਿਤ ਹਨ, ਨਮਸਕਾਰ ਕਰਨ ਯੋਗ, ਪੂਜਣਯੋਗ ਹਨ ਕਿਉਂਕਿ ਜੀਵਨ ਪ੍ਰੈਕਟੀਕਲ ਸੀ, ਅਸਲ ਸੀ।

***ਜਹ ਕਰਣੀ ਤਹ ਪੂਰੀ ਮਤਿ॥***
***ਕਰਣੀ ਬਾਝਹੁ ਘਟੇ ਘਟਿ॥ ਪੰਨਾ - 25***

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥***
***ਪੰਨਾ - 62***

ਉਨ੍ਹਾਂ ਦਾ ਜੀਵਨ ਸੀ। ਉਨ੍ਹਾਂ ਪਾਸ ਆ ਕੇ ਇਕ

ਕਪੜੇ ਬੁਨਣ ਵਾਲਾ ਉਨ੍ਹਾਂ ਨਾਲ ਲੜਨ ਲੱਗ ਪਿਆ ਕਿ ਤੂੰ ਕਿਉਂ ਐਨਾ ਅਨੰਦ ਵਿਚ ਹੈਂ, ਸੁਖੀ ਹੈਂ, ਪੂਜਯ ਹੈਂ, ਸੰਤੁਸ਼ਟ ਹੈਂ, ਰੱਜਿਆ ਪੁਜਿਆ ਹੈਂ, ਮੈਂ ਕਿਉਂ ਨਹੀਂ ਹਾਂ? ਮੈਂ ਵੀ ਜੁਲਾਹਾ ਹਾਂ। ਕਬੀਰ ਜੀ ਕਹਿਣ ਲੱਗੇ ਸੁਣਨਾ ਚਾਹੁੰਦਾ ਹੈਂ? ਜਾਂ ਦੇਖਣਾ ਚਾਹੁੰਦਾ ਹੈਂ। ਸੁਣਨਾ theory ਹੈ, ਦੇਖਣਾ practical ਹੈ, ਮੰਨਣਾ ਸ਼ੁਧ ਪ੍ਰੈਕਟੀਕਲ ਹੈ, ਔਰ ਲਾਜ਼ਮੀ ਫਲਦਾਇਕ ਹੈ। ਮੰਨਣ ਦੀ ਮਹਿਮਾ ਅਕਥੁਨੀਐ ਹੈ। ਕਥਨੀ ਕਰਨੀ, theory ਅਤੇ practical ਵਿਚ ਫਰਕ ਐਨਾ ਹੈ ਕਿ ਜਿਵੇਂ ਇਕ ਨਕਸ਼ਾ ਦੇਖਦਾ ਹੈ, ਦੂਜਾ ਓਹੀ ਕੁਝ ਪ੍ਰਤੱਖ ਦੇਖਦਾ ਹੋਵੇ। ਇਉਂ ਕਹੋ ਕਾਗਜ਼ਾਂ ਵਿਚ ਕਿਸੇ ਸੜਕ ਦਾ, ਮਕਾਨ ਦਾ, ਪੁਲ ਦਾ ਨਕਸ਼ਾ ਬਣਾ ਲਿਆ, ਇਹ theory ਹੈ। Theory ਨੂੰ ਪ੍ਰਤੱਖ practical ਬਣਾ ਲਿਆ ਫੇਰ ਤਾਂ ਪੜ੍ਹਾਈ ਪੂਰੀ ਹੈ, ਫਲਦਾਇਕ ਹੈ, ਸੁਖਦਾਇਕ ਹੈ, ਮੁਕੰਮਲ ਹੈ। ਨਹੀਂ ਤਾਂ ਅਧੂਰੀ ਹੀ ਹੈ।

ਉਸ ਕਪੜਾ ਬੁਣਨ ਵਾਲੇ ਨੇ ਕਿਹਾ ਕਿ ਮੈਨੂੰ ਅੱਖੀਂ ਦਿਖਾਓ, ਪ੍ਰੈਕਟੀਕਲੀ ਪ੍ਰਤੱਖ ਰੂਪ ਵਿਚ ਦਿਖਾਓ। ਕਬੀਰ ਸਾਹਿਬ ਨੇ ਮਾਤਾ ਲੋਈ ਨੂੰ ਹਾਕ ਮਾਰੀ, ਕਿਹਾ ਪਾਂਡੂ ਲਿਆਓ, ਕੁੱਟ ਕੇ ਕਪੜ ਛਾਣ ਕਰੋ, ਘਿਉ ਵਿਚ ਗੁੰਨ ਕੇ ਦੀਵਾ ਬਣਾ ਕੇ ਉਸ ਨੂੰ ਘਿਉ ਬੱਤੀ ਪਾ ਕੇ ਜਗਾ ਦਿਓ, ਚਾਨਣ ਹੋ ਜਾਵੇਗਾ। ਲੋਈ ਜੀ ਨੇ ਸਾਰੀ ਕਿਰਿਆ 'ਸਤਿ ਹੈ' ਕਹਿ ਕੇ ਪੂਰੀ ਕਰ ਦਿਤੀ। ਜੁਲਾਹਾ ਕਹਿਣ ਲੱਗਿਆ ਇਹ ਤਾਂ ਗੱਲ ਹੀ ਬਹੁਤ ਆਸਾਨ ਹੈ। ਉਸ ਨੇ ਘਰ ਜਾ ਕੇ ਆਪਣੀ ਘਰਵਾਲੀ ਤੋਂ ਮਾਤਾ ਲੋਈ ਦੀ ਨਕਲ ਕਰਾਉਣੀ ਸ਼ੁਰੂ ਕਰ ਦਿਤੀ। ਉਹ ਕਿਵੇਂ ਕਰੇ –

***ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ॥***
***ਪੰਨਾ – 119***

ਸਿੱਕਾ ਅਸਲੀ ਨਕਲੀ ਦੇਖਣ ਨੂੰ ਤਾਂ ਕੋਈ ਫਰਕ ਨਹੀਂ ਲਗਦਾ ਪਰ ਨਕਲੀ ਦੀ ਕੋਈ ਕੀਮਤ ਨਹੀਂ ਹੁੰਦੀ। ਕਲਜੁਗ ਕਹਿੰਦੇ ਹੀ ਉਸ ਨੂੰ ਹਨ ਜਿਥੇ ਬਹੁ ਸੰਮਤੀ ਨਕਲ ਦੇ ਵਣਜ, ਨਕਲੀ ਦੀ ਪੂਜਾ, ਨਕਲੀ ਨਾਲ ਪਿਆਰ ਕਰੇ। ਕਲਜੁਗ ਦਾ ਪ੍ਰਤੀਕ ਹੈ ਆਦਿ ਤੋਂ ਅੰਤ ਤਕ ਨਕਲ ਐਨੀ ਵਧ ਜਾਵੇ, pollution ਐਨੀ ਵਧ ਜਾਵੇ ਕਿ ਆਵਾ ਹੀ ਊਤ ਜਾਵੇ। ਗੁਰੂ ਬਾਬਾ ਜੀ ਫੁਰਮਾਉਂਦੇ ਹਨ –

***(i) ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥***
***ਪੰਨਾ – 468***

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ –

***(ii) ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥***
***ਹਉ ਭਾਲਿ ਵਿਕੁੰਨੀ ਹੋਈ॥***
***ਆਧੇਰੈ ਰਾਹੁ ਨ ਕੋਈ॥***
***ਵਿਚਿ ਹਉਮੈ ਕਰਿ ਦੁਖੁ ਰੋਈ॥***
***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ਪੰਨਾ – 145***

***(iii) ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥***
***ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥***
***ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ॥***
***ਭਾਈ ਗੁਰਦਾਸ ਜੀ, ਵਾਰ 1/30***

ਇਕ ਸੰਤ ਨੇ ਗੱਲ ਸੁਣਾਈ ਕਿ ਸਾਡੇ ਪਾਸ ਇਕ ਸਿੰਘ ਰਹਿੰਦਾ ਸੀ। ਸੇਵਾ ਸਿਮਰਨ ਤਾਂ ਕਰਦਾ ਨਹੀਂ ਸੀ ਅਸੀਂ ਉਸਨੂੰ ਘਰੇ ਭੇਜ ਦਿਤਾ ਪਰ ਇਕ ਹੋਰ ਸੰਤ ਉਸ ਦੇ ਘਰੇ ਜਾ ਕੇ ਉਸਨੂੰ ਲੈ ਆਏ। ਤਦੇ ਹੀ ਭਾਈ ਗੁਰਦਾਸ ਜੀ ਲਿਖਦੇ ਹਨ –

***ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।***
***ਭਾਈ ਗੁਰਦਾਸ ਜੀ, ਵਾਰ 1/30***

ਚੱਕਰ ਸਿੱਧੇ ਦੀ ਬਜਾਏ ਉਲਟ ਚੱਲਣ ਕਰਕੇ ਹੀ ਸਿਆਣਿਆਂ ਨੇ ਇਸ ਕਾਲ ਨੂੰ ਕਲਜੁਗ ਕਿਹਾ ਹੈ।

ਉਸ ਜੁਲਾਹੇ ਨੇ ਆਪਣੀ ਘਰਵਾਲੀ ਤੋਂ ਧੱਕੇ ਜੁਕੇ ਨਾਲ ਪਾਂਡੂ ਮੰਗਾ ਕੇ ਕੁਟਵਾ ਕੇ ਬਰੀਕ ਤਾਂ ਕਰਵਾ ਲਿਆ। ਸਤਿ ਬਚਨ ਤਾਂ ਉਹ ਕਹਿਣ ਜਾਣਦੀ ਨਹੀਂ ਸੀ, ਸਤਿ ਬਚਨ ਦੀ ਮਹਿਮਾ ਦਾ ਉਸ ਨੂੰ ਗਿਆਨ ਨਹੀਂ ਸੀ ਕਿਉਂਕਿ ਉਸ ਨੇ ਕਿਹੜਾ ਸਤਿ ਬਚਨ ਕਹਿਣ ਦਾ ਸਬਕ ਪਕਾਇਆ ਹੋਇਆ ਸੀ। ਜਦੋਂ ਜੁਲਾਹੇ ਨੇ ਕਿਹਾ ਕਿ ਇਸ ਨੂੰ ਘੀ ਵਿਚ ਗੁੰਨ ਕੇ ਦੀਵਾ ਬਣਾ ਕੇ ਜਗਾ ਦੇ ਤਾਂ ਉਹ ਨਾ ਮੰਨੀ। ਜੁਲਾਹੇ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿਤਾ ਕਿਉਂਕਿ ਬੇਸਮਝੀ ਦਾ, ਨਕਲ ਦਾ ਨਤੀਜਾ ਹੀ ਕਲੇਸ਼ ਹੈ, ਕਲਜੁਗ ਹੈ। ਚੀਕ ਚਿਹਾੜਾ ਸੁਣ ਕੇ ਲੋਕ ਇਕੱਠੇ ਹੋ ਗਏ। ਜੁਲਾਹੇ ਦੀ ਘਰ ਵਾਲੀ ਨੇ ਕਿਹਾ ਇਸ ਨੂੰ ਤਾਂ ਭੂਤ ਦੀ ਸ਼ਿਕਾਇਤ ਹੋ ਗਈ ਹੈ। ਹੁਣ ਸਾਰਿਆਂ ਨੇ ਜੁਲਾਹੇ ਦਾ ਭੂਤ ਕੱਢਣਾ ਸ਼ੁਰੂ ਕੀਤਾ, ਉਹ ਚਾਂਗਾਂ ਮਾਰੇ। ਇਸੀ ਤਰ੍ਹਾਂ ਅੱਜ ਦੇ ਚੁੰਚ ਗਿਆਨੀਆਂ ਪਾਸ ਵੀ ਚਾਂਗਾਂ ਹੀ ਰਹਿ ਗਈਆਂ।

ਜਦੋਂ ਸਾਡੇ ਦੇਸ਼ ਵਿਚ ਬੀਜ ਤੋਂ ਲੈ ਕੇ ਬੋਹਲ ਤਕ ਸੰਸਾਰ ਮਾਰਕੀਟ ਵਿਚ ਹਰ ਚੀਜ਼ ਨਕਲੀ ਵਿਕ ਰਹੀ ਹੈ, ਖੂਬ ਵਿਕ ਰਹੀ ਹੈ, ਖੁਰਾਕ ਨਕਲੀ, ਦੁੱਧ ਨਕਲੀ, ਦਵਾਈਆਂ ਨਕਲੀ, ਸਿੱਖ ਨਕਲੀ, ਬੰਦੇ ਨਕਲੀ, ਇਮਤਿਹਾਨਾਂ ਦੀਆਂ ਡਿਗਰੀਆਂ ਨਕਲੀ ਤਾਂ ਫੇਰ ਨਕਲੀ ਬ੍ਰਹਮਗਿਆਨੀ ਕਿਉਂ ਨਾ ਹੋਣ ਭਾਈ, ਨਕਲੀ ਸੰਤ ਕਿਉਂ ਨਾ ਹੋਣ।

ਇਕ ਸੰਤਾਂ ਨੇ ਗੱਲ ਸੁਣਾਈ, ਕਹਿੰਦੇ ਇਕ ਪ੍ਰੇਮੀ ਨੇ ਅੰਮ੍ਰਿਤ ਛਕਿਆ। ਉਹ ਆਪ ਦੇ ਸਹੁਰੇ ਘਰ ਵਿਆਹ ਵਿਚ ਸ਼ਾਮਲ ਹੋ ਗਿਆ। ਉਥੇ ਖੂਬ ਸ਼ਰਾਬ ਦੇ ਦੌਰ ਚਲ ਰਹੇ ਸਨ। ਉਸ ਸਿੱਖ ਨੂੰ ਕਹਿਣ ਲੱਗੇ, ਚੱਲ ਪ੍ਰਾਹੁਣਿਆਂ! ਤੈਨੂੰ ਵੀ ਪੰਜ ਰਤਨੀ ਪਿਲਾਈਏ। ਉਹ ਸਿੱਖ ਕਹਿੰਦਾ ਮੈਂ ਤਾਂ ਅੰਮ੍ਰਿਤ ਛਕ ਲਿਆ ਹੈ, ਕੋਹੜ ਵੱਢ ਦਿਤਾ ਹੈ। ਉਹ ਕਹਿੰਦਾ ਮੈਨੂੰ ਇਕ ਬੈਠਕ ਵਿਚ ਲੈ ਗਏ। ਮੈਂ ਦੇਖ ਕੇ ਹੈਰਾਨ ਹੋ ਗਿਆ ਕਿ ਜਟਾ ਜੂਟ ਸਿੰਘਾਂ ਦੇ ਬਾਣਿਆਂ ਵਿਚ ਸਜੇ ਹੋਏ ਪ੍ਰੇਮੀ ਸ਼ਰਾਬ ਪੀ ਰਹੇ ਹਨ। ਮੈਂ ਸਮਝਿਆ ਇਨ੍ਹਾਂ ਨੇ ਅਜੇ ਅੰਮ੍ਰਿਤ ਨਹੀਂ ਛਕਿਆ ਹੋਣਾ ਤਾਂ ਹੀ ਸ਼ਰਾਬ ਪੀ ਰਹੇ ਹਨ ਪਰ ਭੇਖ ਪੂਰਾ ਧਾਰਿਆ ਹੋਇਆ ਹੈ। ਉਹ ਭੇਖੀ ਮੈਨੂੰ ਵੀ ਮਜ਼ਬੂਰ ਕਰਨ ਲੱਗੇ, ਪ੍ਰਾਹੁਣਿਆਂ ਪੀ ਥੋੜ੍ਹੀ ਜੀ – ਮੈਂ ਕੁੜਤੇ ਹੇਠੋਂ ਕੱਢ ਕੇ ਕ੍ਰਿਪਾਨ ਦਿਖਾ ਦਿਤੀ ਕਿ ਜੇ ਤੁਹਾਨੂੰ ਮੇਰੇ ਅੰਮ੍ਰਿਤਧਾਰੀ ਹੋਣ ਤੇ

ਯਕੀਨ ਨਹੀਂ ਆਉਂਦਾ ਤਾਂ ਆਹ ਗੁਰੂ ਸਾਹਿਬ ਦੀ ਬਖਸ਼ਿਸ਼ ਦਾ ਪ੍ਰਤੀਕ ਦੇਖ ਲਵੋ, ਮੈਂ ਤਾਂ ਅੰਮ੍ਰਿਤਧਾਰੀ ਹਾਂ। ਮੈਂ ਕੀ ਦੱਸਾਂ, ਸ਼ਰਮ ਨਾਲ ਸਿਰ ਝੁਕ ਜਾਂਦਾ ਹੈ, ਜਦੋਂ ਉਸ ਨੇ ਦੱਸਿਆ ਕਿ ਉਹ ਸ਼ਰਾਬ ਪੀਣ ਵਾਲਿਆਂ ਨੇ ਆਪਣਾ ਪੱਖ ਪੇਸ਼ ਕਰਨ ਲਈ ਕੁੜਤੇ ਚੁਕ ਕੇ ਸਬੂਤ ਦੇ ਦਿਤਾ ਕਿ ਇਹਦੇ ਨਾਲ ਕੀ ਫਰਕ ਪੈਂਦਾ ਹੈ, ਲੈ ਸਾਡੇ ਤੇਰੇ ਨਾਲੋਂ ਵੀ ਵੱਡੀਆਂ ਵੱਡੀਆਂ ਕਿਰਪਾਨਾਂ ਪਾਈਆਂ ਹੋਈਆਂ ਹਨ।

ਸੰਸਾਰ ਦਾ ਉਧਾਰ ਕਰਦੇ ਹੋਏ ਗੁਰੂ ਨਾਨਕ ਪਾਤਸ਼ਾਹ ਇਕ ਸ਼ਹਿਰ ਦੇ ਨੇੜੇ ਪਹੁੰਚੇ, ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਇਸ ਸ਼ਹਿਰ ਦਾ ਕੀ ਵਰਤਾਰਾ ਹੈ ਤਾਂ ਉਤਰ ਦਿਤਾ ਕਿ ਸੱਚੇ ਪਾਤਸ਼ਾਹ! ਇਥੇ ਤਾਂ ਸਾਰੇ ਹੀ ਬ੍ਰਹਮਗਿਆਨੀ ਹਨ। ਕਰਮ, ਉਪਾਸਨਾ ਤੇ ਗਿਆਨ ਦੇ ਸਾਧਨ ਕਰਨ ਦੀ ਕੋਈ ਲੋੜ ਨਹੀਂ, ਇਥੇ ਸਾਰੇ ਪੂਰੇ ਹੀ ਹਨ, ਘੱਟ ਕੋਈ ਨਹੀਂ। ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਆਪ ਦਾ ਤਾਂ ਫੁਰਮਾਨ ਹੈ –

***ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ॥***

***ਪੰਨਾ – 1269***

***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥***

***ਪੰਨਾ – 1427***

ਇਹ ਤਾਂ ਸ਼ਹਿਰ ਹੀ ਬ੍ਰਹਮਗਿਆਨੀਆਂ ਦਾ ਹੈ। ਸਤਿਗੁਰੂ ਜੀ ਕਹਿਣ ਲੱਗੇ, ਮਰਦਾਨਿਆਂ! ਆਪਾਂ ਇਸੇ ਕਰਕੇ ਹੀ ਇਥੇ ਆਏ ਹਾਂ ਕਿ ਅਸਲ ਨਕਲ ਦਾ ਨਿਰਣਾ ਕੀਤਾ ਜਾ ਸਕੇ। ਇਕ ਕੰਮ ਕਰ, ਤੂੰ ਸ਼ਹਿਰ ਵਿਚ ਜਾਹ, ਉਥੇ ਜਾ ਕੇ ਹੋਕਾ ਦੇਹ, ਇਹ ਕਹਿ ਕਿ ਸਾਰੀਆਂ ਬਿਮਾਰੀਆਂ ਨੂੰ ਦੂਰ ਕਰਨ ਵਾਲਾ ਵੈਦ ਹਕੀਮ ਤੁਹਾਡੇ ਸ਼ਹਿਰ ਪਹੁੰਚ ਚੁਕਿਆ ਹੈ। ਮਰਦਾਨਾ ਹੋਕਾ ਦਿੰਦਾ ਜਾਂਦਾ-ਜਾਂਦਾ ਬਾਦਸ਼ਾਹ ਦੇ ਮਹਿਲ ਅੱਗੇ ਪਹੁੰਚਿਆ ਤਾਂ ਉਨ੍ਹਾਂ ਨੇ ਉਥੇ ਹੀ ਰੋਕ ਲਿਆ। ਚੋਬਦਾਰ ਨੇ ਪੁਛਿਆ ਕਿ ਜਿਸ ਵੈਦ ਹਕੀਮ ਦੀ ਤੂੰ ਗੱਲ ਕਰਦਾ ਹੈਂ ਜੇ ਉਹ ਸਾਰੀਆਂ ਬਿਮਾਰੀਆਂ ਦੂਰ ਕਰਨ ਦੀ ਸਮਰੱਥਾ ਰਖਦਾ ਹੈ ਤਾਂ ਕੀ ਉਹ ਕੋਹੜ ਵੀ ਦੂਰ ਕਰ ਸਕਦਾ ਹੈ? ਭਾਈ ਮਰਦਾਨੇ ਨੇ ਕਿਹਾ ਕਿ ਉਹ ਐਸਾ ਵੈਦ ਹੈ ਜੋ ਸਾਰੀਆਂ ਅੰਦਰਲੀਆਂ ਬਾਹਰਲੀਆਂ ਬਿਮਾਰੀਆਂ ਨੂੰ ਕੱਟਣ ਦੀ ਸਮਰੱਥਾ ਰਖਦਾ ਹੈ। ਹਉਮੈ ਰੋਗ ਦੇ ਪੀੜਤਾਂ ਨੂੰ ਵੀ ਪ੍ਰਮੇਸ਼ਰ ਬਣਾ ਦਿੰਦਾ ਹੈ। ਇਹ ਸੁਣ ਕੇ ਉਨ੍ਹਾਂ ਨੇ ਕਿਹਾ ਕਿ ਸਾਡੇ ਮਹਾਰਾਜ ਬਿਮਾਰ ਹਨ, ਉਨ੍ਹਾਂ ਨੂੰ ਕੋਹੜ ਹੋਇਆ ਹੈ, ਬੇਅੰਤ ਦਵਾ ਦਾਰੂ ਕੀਤੀਆਂ ਪਰ ਆਰਾਮ ਨਹੀਂ ਆਇਆ।

ਸੋ ਇਸ ਤਰ੍ਹਾਂ ਰਾਜਾ ਗੁਰੂ ਨਾਨਕ ਪਾਤਸ਼ਾਹ ਪਾਸ ਆਇਆ ਅਤੇ ਆਪਣੀ ਬਿਮਾਰੀ ਦਾ ਜ਼ਿਕਰ ਕੀਤਾ। ਗੁਰੂ ਮਹਾਰਾਜ ਨੇ ਕਿਹਾ ਕਿ ਇਹ ਤਾਂ ਮਾਮੂਲੀ ਬਿਮਾਰੀ ਹੈ ਪਰ ਇਕ ਬ੍ਰਹਮਗਿਆਨੀ ਦਾ ਤੇਲ ਚਾਹੀਦਾ ਹੈ। ਤੁਹਾਡੇ ਤਾਂ ਸਾਰਾ ਸ਼ਹਿਰ ਹੀ ਬ੍ਰਹਮਗਿਆਨੀਆਂ ਦਾ ਹੈ ਕਿਉਂਕਿ ਬ੍ਰਹਮਗਿਆਨੀ ਤਾਂ ਕਿਸੇ ਗੱਲ ਵਿਚ ਫਸਿਆ ਨਹੀਂ ਕਰਦਾ, ਉਹ ਤਾਂ ਦੇਹ ਹੰਗਤਾ ਤੋਂ ਉਪਰ ਹੋਇਆ ਕਰਦਾ ਹੈ। ਰਾਜੇ ਨੂੰ ਬੜਾ ਹੌਂਸਲਾ ਹੋਇਆ, ਉਸ ਨੇ ਸਾਰੇ ਸ਼ਹਿਰ ਵਿਚ ਮੁਨਿਆਦੀ ਕਰਾ ਦਿਤੀ ਕਿ ਰਾਜੇ ਨੂੰ ਇਕ ਬ੍ਰਹਮਗਿਆਨੀ ਦੀ ਲੋੜ ਹੈ ਉਹ ਸਵੇਰੇ ਉਥੇ ਪਹੁੰਚ ਜਾਵੇ। ਬ੍ਰਹਮਗਿਆਨੀ ਨੂੰ ਦੇਹ ਹੰਗਤਾ ਨਹੀਂ ਹੁੰਦੀ, ਉਸ ਨੂੰ ਆਪਣੇ ਸਰੂਪ ਦਾ ਪੂਰਨ ਗਿਆਨ ਹੁੰਦਾ ਹੈ। ਇਸ ਕਰਕੇ ਆਸ ਤਾਂ ਇਹ ਸੀ ਕਿ ਸਾਰਾ ਸ਼ਹਿਰ ਆ ਜਾਵੇਗਾ ਪਰ ਇਕ ਵੀ ਬੰਦਾ ਨਾ ਆਇਆ। ਰਾਜੇ ਨੂੰ ਪੁਛਿਆ ਕਿ ਤੁਹਾਡੇ ਤਾਂ ਸਾਰਾ ਸ਼ਹਿਰ ਬ੍ਰਹਮਗਿਆਨੀਆਂ ਦਾ ਹੈ ਪਰ ਕੋਈ ਵੀ ਨਹੀਂ ਆਇਆ? ਤੁਹਾਡੇ ਸ਼ਹਿਰ ਦੀਆਂ ਤਾਂ ਗੱਲਾਂ ਦੂਰ ਦਰਾਜ਼ ਤਕ ਫੈਲ ਰਹੀਆਂ ਹਨ ਕਿ ਰਾਜੇ ਦੇ ਸ਼ਹਿਰ ਵਿਚ ਬ੍ਰਹਮਗਿਆਨੀ ਹਨ। ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਤੇਰੇ ਸ਼ਹਿਰ ਵਿਚ ਫਲਾਣਾ ਬੰਦਾ ਬ੍ਰਹਮਗਿਆਨੀ ਹੈ, ਉਸ ਪਾਸ ਜਾ ਕੇ ਬੇਨਤੀ ਕਰੋ। ਰਾਜੇ ਨੇ ਚੋਬਦਾਰ ਭੇਜਿਆ, ਉਸ ਪ੍ਰੇਮੀ ਨੇ ਕਿਹਾ ਕਿ ਮੈਂ ਬ੍ਰਹਮਗਿਆਨੀ ਤਾਂ ਨਹੀਂ ਹਾਂ ਪਰ ਜੇ ਮੇਰਾ ਸਰੀਰ, ਰਾਜੇ ਦੇ ਕੰਮ ਆ ਜਾਵੇ ਤਾਂ ਮੈਨੂੰ ਇਹ ਪਰਉਪਕਾਰ ਕਰਨ ਵਾਸਤੇ ਕੋਈ ਇਤਰਾਜ਼ ਨਹੀਂ।

ਗੁਰੂ ਮਹਾਰਾਜ ਨੇ ਕਿਹਾ ਕਿ ਚੌਂਕੀ ਦੀਆਂ ਦੋ ਛੱਤਾਂ ਬਣਾਓ, ਪਹਿਲੀ ਚਾਰ ਫੁਟ ਉਚੀ ਹੋਵੇ, ਦੂਜੀ ਉਹਦੇ ਉਪਰ ਫੇਰ ਸਾਢੇ ਚਾਰ ਫੁੱਟ ਉਚੀ ਹੋਵੇ। ਉਪਰਲੀ ਚੌਂਕੀ ਦੇ ਉਪਰ ਘੜਾ ਰੱਖਿਆ ਜਾਵੇ ਜਿਸ ਵਿਚੋਂ ਪਾਣੀ ਨਿਕਲਣ ਲਈ ਪ੍ਰਬੰਧ ਕੀਤਾ ਜਾ ਸਕੇ। ਸਾਰਾ ਸ਼ਹਿਰ ਇਕੱਠਾ ਹੋ ਗਿਆ ਕਿ ਦੇਖੀਏ ਕਿਵੇਂ ਰਾਜੇ ਦਾ ਕੋਹੜ ਦੂਰ ਹੁੰਦਾ ਹੈ ਤੇ ਕਿਵੇਂ ਬ੍ਰਹਮਗਿਆਨੀ ਦਾ ਤੇਲ ਕੱਢਿਆ ਜਾਂਦਾ ਹੈ। ਉਸ ਵੇਲੇ ਬ੍ਰਹਮਗਿਆਨੀ ਨੂੰ ਚੌਂਕੀ ਦੀ ਉਪਰਲੀ ਛੱਤ ਤੇ ਬੈਠਾਇਆ ਤੇ ਇਸ਼ਨਾਨ ਕਰਾਇਆ ਗਿਆ, ਹੇਠਾਂ ਰਾਜੇ ਨੂੰ ਬਿਠਾਇਆ ਗਿਆ ਅਤੇ ਇਸ਼ਨਾਨ ਦਾ ਜਲ ਰਾਜੇ ਦੇ ਉਪਰ ਜਿਉਂ ਜਿਉਂ ਗਿਰਦਾ ਹੈ, ਤਿਉਂ ਤਿਉਂ ਉਸ ਦਾ ਸਰੀਰ ਕੰਚਨ ਵਰਗਾ ਹੁੰਦਾ ਗਿਆ।

ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਰਾਜਨ! ਤੇਰੇ ਸ਼ਹਿਰ ਵਿਚ ਇਕ ਬ੍ਰਹਮਗਿਆਨੀ ਹੈ ਜੋ ਸਾਰੇ ਦੁਖਾਂ ਨੂੰ ਦੂਰ ਕਰਨ ਦੀ ਸਮਰੱਥਾ ਰਖਦਾ ਹੈ। ਉਸ ਵੇਲੇ ਸਾਰਾ ਸ਼ਹਿਰ ਗੁਰੂ ਮਹਾਰਾਜ ਦੀ ਚਰਨੀ ਆ ਲੱਗਿਆ ਅਤੇ ਆਪ ਨੇ ਸਾਰੇ ਸ਼ਹਿਰ ਦਾ ਉਧਾਰ ਕਰਨ ਵਾਸਤੇ ਨਾਮ ਦੀ ਦਾਤ ਦਿਤੀ ਅਤੇ ਕੁਝ ਸਮਾਂ ਉਥੇ ਰਹਿਣ ਪਿਛੋਂ ਗੁਰੂ ਮਹਾਰਾਜ ਨੇ ਉਥੋਂ ਵਿਦਾ ਲਈ।

ਹੁਣ ਜੋ ਮੈਂ ਬੇਨਤੀ ਕਰ ਰਿਹਾ ਹਾਂ ਉਹ ਨਕਲੀ ਬ੍ਰਹਮਗਿਆਨੀਆਂ ਦੀ ਹੀ ਕਰ ਰਿਹਾ ਹਾਂ। ਨਕਲੀਆਂ ਨੂੰ ਅਸਲੀਅਤ ਦੀ ਸੋਝੀ ਦਿਤੀ ਜਾਵੇ। ਨਕਲ ਐਨੀ ਵਧ ਗਈ ਕਿ ਕਾਬੂ ਤੋਂ ਬਾਹਰ ਹੋਈ ਪਈ ਹੈ। ਨਕਲੀ ਪੜ੍ਹਾਈ, ਨਕਲੀ ਸਰਟੀਫਿਕੇਟ, ਨਕਲੀ ਡਿਗਰੀਆਂ, ਨਕਲੀ ਸੰਤ, ਨਕਲੀ ਬ੍ਰਹਮਗਿਆਨੀ। ਸਤਿਗੁਰੂ ਸਮਰੱਥ ਹਨ, ਨਕਲੀ ਬ੍ਰਹਮਗਿਆਨੀਆਂ ਦਾ ਪਾਜ ਉਘੇੜ ਕੇ ਉਨ੍ਹਾਂ ਨੂੰ ਸੋਝੀ ਬਖਸ਼ਿਸ਼ ਕੀਤੀ। ਸੱਜਣ ਠੱਗ ਜਿਹੇ ਨਕਲੀ ਸੰਤਾਂ ਨੂੰ ਅਸਲੀ ਸੰਤ ਬਣਾਇਆ।

ਸਰਕਾਰ ਦਾ ਸਾਰਾ ਜ਼ੋਰ ਲੱਗਿਆ ਪਿਆ ਹੈ ਕਿ examination ਵਿਚ ਨਕਲ ਨਾ ਹੋਵੇ ਪਰ ਨਕਲ ਰੋਕਣ ਵਾਲੇ ਆਪ ਹੀ ਨਕਲ ਕਰਾਈ ਜਾਂਦੇ ਹਨ। ਜਿਨ੍ਹਾਂ ਨੇ ਨਕਲ ਹਟਾਉਣੀ ਹੈ ਉਹੀ ਨਕਲ ਸਿਖਾਈ ਜਾਂਦੇ ਹਨ। ਇਹੀ ਗੱਲ

ਪ੍ਰਮਾਰਥਕ ਖੇਤਰ ਵਿਚ ਹੈ। ਨਕਲ ਐਨੀ ਵਧ ਗਈ ਜਿਥੇ ਦੇਖੋ ਨਕਲ ਹੀ ਨਕਲ ਹੈ, ਅਨੁਭਵ ਤਾਂ ਈਦ ਦੇ ਚੰਦ ਵਾਂਗ ਹੋ ਗਿਆ ਹੈ। ਪ੍ਰੈਕਟੀਕਲ ਘਾਲਣਾ ਦੀ ਲੋੜ ਹੀ ਨਹੀਂ ਰਹੀ। ਨਕਲ ਕੀਤੀ ਤੇ ਸੁਣਾ ਦਿਤੀ। ਫੇਰ ਉਸ ਦਾ ਝਾੜ ਤਾਂ ਨਕਲੀ ਹੀ ਹੋਣਾ ਹੈ। ਜਦੋਂ ਬੀਜ ਨਕਲੀ ਤਾਂ ਬੋਹਲ ਕਿਥੋਂ ਅਸਲੀ ਭਾਲਦੇ ਹਾਂ?

ਬਾਹਰਲੇ ਮੁਲਕ ਦੀ ਗੱਲ ਹੈ ਇਕ ਪ੍ਰੇਮੀ ਨੇ ਹੱਡ ਬੀਤੀ ਸੁਣਾਈ, ਕਹਿੰਦਾ ਸਾਡੇ ਸੰਤ ਬਹੁਤ ਜਾਂਦੇ ਹਨ, ਚੋਟੀ ਦੇ ਸੰਤ ਜਾਂਦੇ ਹਨ। ਇਕ ਸੰਤ ਦੀ ਬੱਲੇ ਬੱਲੇ ਸੁਣ ਕੇ ਮੈਂ ਵੀ ਉਨ੍ਹਾਂ ਦੇ ਆਖਰੀ ਦੀਵਾਨ ਵਿਚ ਚਲਿਆ ਗਿਆ, ਪੁਛਿਆ ਪਹਿਲਾਂ ਕਿਉਂ ਨਹੀਂ ਗਿਆ ਕਹਿੰਦਾ ਕਈ ਕਾਰਨਾਂ ਕਰਕੇ ਮੈਨੂੰ ਸੰਤਾਂ ਤੋਂ ਨਫਰਤ ਹੋ ਗਈ ਹੈ। ਬਾਨੀ ਸੰਤਾਂ ਦੇ ਲੱਛਣ ਵੀ ਦਸਦੀ ਹੈ –

***ਐਸੇ ਸੰਤ ਨ ਮੋ ਕਉ ਭਾਵਹਿ॥***
***ਡਾਲਾ ਸਿਉ ਪੇਡਾ ਗਟਕਾਵਹਿ॥ ਪੰਨਾ – 476***

ਦੇਖਣ ਵਿਚ ਗੱਲ ਬਾਨੀ ਤੋਂ ਉਲਟ ਦਿਸਦੀ ਹੈ, ਖੈਰ ਮੈਂ ਚਲਿਆ ਗਿਆ, ਸਾਰਾ ਦੀਵਾਨ ਸੁਣਿਆ–ਸੰਤਾਂ ਦਾ ਕਿਉਂਕਿ last ਦੀਵਾਨ ਸੀ, ਬਹਿ ਜਾ–ਬਹਿ ਜਾ ਕਰ ਦਿਤੀ। ਸੰਗਤਾਂ ਭ੍ਰਮਣ ਲਾ ਦਿਤੀਆਂ। ਸਾਖੀਆਂ ਸੁਣਾਈਆਂ – ਗੁਰੂ ਸਮਰੱਥ ਹੈ, ਜੋ ਮੰਗੋ ਓਹੀ ਦੇ ਦਿੰਦਾ ਹੈ। ਸੰਤ ਉਸ ਦੇ ਵਜ਼ੀਰ ਹਨ, ਦਾਤੇ ਹਨ। ਸਭ ਕੁਛ ਦੇ ਸਕਦੇ ਹਨ।

***ਸੰਤਨ ਬਿਨੁ ਅਵਰੁ ਨ ਦਾਤਾ ਬੀਆ॥ ਪੰਨਾ – 610***

ਦੀਵਾਨ ਦੇ ਅਖੀਰ ਵਿਚ ਸੰਤਾਂ ਦੀ ਫੂਕ ਨਿਕਲ ਗਈ। ਸੰਤ ਦਾਤੇ ਤੋਂ ਮੰਗਤੇ ਬਣ ਗਏ। ਮੰਗਤੇ ਵੀ ਮੰਗਤਿਆਂ (ਦੁਨੀਆਂਦਾਰਾਂ) ਦੇ। ਜਦੋਂ ਉਨ੍ਹਾਂ ਨੇ ਮਨ ਦੀ ਝੋਲੀ ਅੱਡ ਕੇ ਬੇਨਤੀ ਕੀਤੀ ਕਿ ਸਾਧ ਸੰਗਤ ਜੀ! ਕਈ ਗੁਰੂ ਘਰ ਬਣਦੇ ਹਨ ਇਸ ਲਈ ਦਿਲ ਖੋਲ੍ਹ ਕੇ ਮਾਇਆ ਦਾਨ ਕਰੋ, ਜੇ ਇਸ ਵਕਤ ਨਹੀਂ ਦੇ ਸਕਦੇ ਤਾਂ ਫਲਾਂ ਫਲਾਂ ਪ੍ਰੇਮੀਆਂ ਨੂੰ ਬਾਅਦ ਵਿਚ ਦੇ ਦੇਣੀ। ਹਰ ਮਹੀਨੇ ਹੀ ਇਨ੍ਹਾਂ ਪ੍ਰੇਮੀਆਂ ਨੂੰ ਦਸਵੰਧ ਦੇ ਦਿਆ ਕਰੋ। ਇਹ ਸਾਡੇ ਪਾਸ ਪੰਜਾਬ ਭੇਜ ਦਿਆ ਕਰਨਗੇ।

ਮੈਂ ਉਠ ਕੇ ਖੜ੍ਹਾ ਹੋ ਕੇ ਕਹਿਣ ਲੱਗਿਆ ਸੀ (ਪਰ ਕਿਹਾ ਨਹੀਂ) ਕਿ ਸੰਤ ਜੀ, ਜਿਸ ਗੁਰੂ ਤੇ ਵਿਸ਼ਵਾਸ਼ ਦ੍ਰਿੜ੍ਹ ਕਰਾਉਣ ਲਈ ਆਪ ਜੀ ਨੇ ਸਾਰਾ ਜ਼ੋਰ ਲਗਾਇਆ ਹੋਇਆ ਹੈ ਉਸ ਗੁਰੂ ਤੇ ਤੁਹਾਨੂੰ ਆਪ ਨੂੰ ਤਾਂ ਵਿਸ਼ਵਾਸ਼ ਨਹੀਂ, ਭਰੋਸਾ ਨਹੀਂ। ਜੇ ਤੁਹਾਨੂੰ ਗੁਰੂ ਤੇ ਪ੍ਰਤੀਤ ਹੋਵੇ, ਭਰੋਸਾ ਹੋਵੇ ਤਾਂ ਤੁਸੀਂ ਸਾਥੋਂ ਕਿਉਂ ਮੰਗੋਂ। ਤੁਸੀਂ ਬਹੁਤ ਚਮਤਕਾਰੀ ਮੰਗਤੇ ਹੋ ਜਿਨ੍ਹਾਂ ਨੂੰ ਮੰਗਣ ਦਾ ਬਹੁਤ ਕਮਾਲ ਦਾ ਢੰਗ ਆਉਂਦਾ ਹੈ, trained ਮੰਗਤੇ ਹੋ। ਬਾਨੀ ਦੀਆਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਕਥਨ ਅਨੁਸਾਰ ਕੇਵਲ ਕੁਰਲੀਆਂ ਹੀ ਕਰਦੇ ਹੋ। ਤੁਸੀਂ ਅਸਲੀ ਨਹੀਂ ਨਕਲੀ ਸੰਤ ਹੋ। ਆਮ ਕਹਾਵਤ ਹੈ – ਮੰਗਣ ਗਿਆ, ਸੋ ਮਰ ਗਿਆ। ਸੰਤ ਮਹਾਰਾਜ ਕਹਿੰਦੇ ਹੁੰਦੇ ਸਨ, ਮੰਗਣ ਵਾਲੇ ਦੀ ਜਮੀਰ ਖਤਮ ਹੋ ਜਾਂਦੀ ਹੈ, ਚੁੰਚ ਗਿਆਨੀ ਰਹਿ ਜਾਂਦਾ ਹੈ। ਰਾੜੇ ਸਾਹਿਬ ਵਾਲੇ ਮਹਾਂਪੁਰਸ਼ ਉਗਰਾਹੀ ਨਹੀਂ ਕਰਦੇ, ਮੰਗਦੇ ਨਹੀਂ, ਬੋਰੀਆਂ ਨਹੀਂ ਭਰਦੇ ਪਰ ਉਨ੍ਹਾਂ ਦੇ ਨਾਮ ਤੇ ਹੋਰ ਬਥੇਰੇ ਇਹ ਕੰਮ ਕਰੀ ਜਾਂਦੇ ਹਨ।

ਸਤਿਗੁਰੂ ਨਾਨਕ ਜੀ ਨੂੰ ਮਰਦਾਨਾ ਅਰਜ਼ ਕਰਦਾ ਹੈ, ਪਾਤਸ਼ਾਹ, ਭੁੱਖ ਡਾਢੀ ਲੱਗੀ ਹੈ। ਫੇਰ? ਹੁਕਮ ਹੋਵੇ ਸਾਮ੍ਹਣੇ ਨਗਰ ਦਿਸਦਾ ਹੈ ਕੁਛ ਖਾ ਪੀ ਆਵਾਂ। ਗੁਰੂ ਜੀ ਪੁਛਣ ਲੱਗੇ ਉਥੇ ਤੇਰਾ ਕੋਈ ਵਾਕਫ ਹੈ ਜਾਂ ਰਿਸ਼ਤੇਦਾਰ ਹੈ? ਕਹਿੰਦਾ ਨਹੀਂ ਮਹਾਰਾਜ। ਫੇਰ ਕਿਥੋਂ ਖਾਵੇਂਗਾ? ਕਹਿੰਦਾ ਮਹਾਰਾਜ! ਮੰਗ ਕੇ ਖਾ ਆਊਂ। ਸਤਿਗੁਰੂ ਜੀ ਕਹਿਣ ਲੱਗੇ, ਵਾਹ ਮਰਦਾਨਿਆ! ਢਾਡੀ ਹੋਵੇਂ ਸੱਚੇ ਪਾਤਸ਼ਾਹ ਦਾ, ਰਾਜਿਆਂ ਦੇ ਰਾਜੇ ਦਾ, ਮੰਗੇ ਦੁਨੀਆਂਦਾਰਾਂ ਤੋਂ। ਇਹ ਤਾਂ ਗਲਤ ਗੱਲ ਹੈ।

ਅੱਜਕਲ੍ਹ ਜਿਵੇਂ corruption ਨੂੰ ਕੋਈ ਮਾੜੀ ਚੀਜ਼ ਨਹੀਂ ਸਮਝਿਆ ਜਾਂਦਾ, ਇਸੇ ਤਰ੍ਹਾਂ ਮੰਗਣਾ ਸੰਤਾਂ ਦਾ ਰੁਟੀਨ ਹੀ ਬਣ ਗਿਆ ਹੈ।

ਮੁਆਫ ਕਰਨਾ, ਇਕ ਇਕ ਘਰ ਦਸ–ਦਸ ਬੋਰੀਆਂ ਦਾਣੇ ਲੈਣ ਲਈ ਧੱਕੇ ਨਾਲ ਸੁੱਟੀਆਂ ਜਾਂਦੀਆਂ ਹਨ। ਸੰਗਤਾਂ ਦਸਦੀਆਂ ਹਨ। ਗਰੀਬ ਕਿਸਾਨਾਂ ਦੀ ਖੂਨ ਪਸੀਨੇ ਦੀ ਕਮਾਈ ਨੂੰ ਟੇਢੇ ਮੇਢੇ ਢੰਗ ਨਾਲ ਨਚੋੜਿਆ ਜਾ ਰਿਹਾ ਹੈ।

ਦਸ਼ਮੇਸ਼ ਜੀ ਨੇ ਮਸੰਦ ਸਿਸਟਮ ਬੰਦ ਕੀਤਾ ਸੀ। ਅਸੀਂ ਫੇਰ ਸ਼ੁਰੂ ਕਰ ਲਿਆ ਹੈ। ਗੁਰੂ ਘਰ ਬਹੁਤ ਹੀ ਪੂਜਣਯੋਗ ਜਗ੍ਹਾ ਹੈ, ਸਾਡਾ ਸਿਰ ਹੈ। ਪਰ ਕਿਸੇ ਸ਼ਬਦ ਦਾ ਜੇ ਅਰਥ ਕਰਨ ਦੀ ਬਜਾਏ ਅਨਰਥ ਕਰ ਦਿਤਾ ਜਾਵੇ ਫੇਰ ਗੁਰੂ ਜੀ ਦੀ ਸਾਡੇ ਤੇ ਖੁਸ਼ੀ ਹੋਊ ਜਾਂ ਨਰਾਜ਼ਗੀ। ਇਕ ਪ੍ਰੇਮੀ ਨੇ ਦੱਸਿਆ ਕਿ ਸਾਡੇ ਪਿੰਡ ਵਿਚ 14 ਗੁਰਦੁਆਰੇ ਹਨ, ਤੜਕੇ ਕੰਨ ਪਾਈ ਨਹੀਂ ਸੁਣਦੀ। ਨਾ ਕੋਈ ਭਜਨ ਕਰ ਸਕੇ, ਨਾ ਕੋਈ ਸਕੂਲੀ ਵਿਦਿਆਰਥੀ ਆਪਣਾ ਸਬਕ ਯਾਦ ਕਰ ਸਕੇ। ਗੁਰਦੁਆਰੇ 14 ਹੋਣ ਵੀ ਕਿਉਂ ਨਾ। ਆਮਦਨ ਦਾ ਸਭ ਤੋਂ ਵਧੀਆ ਸਾਧਨ ਹੈ। ਇਸੇ ਸਾਧਨ ਨੇ ਨੌਂਵੇਂ ਪਾਤਸ਼ਾਹ ਸਮੇਂ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਦੀ ਮਤ ਮਾਰੀ ਸੀ ਨਾ। ਸੰਤ ਔਰ ਮੰਗਣਾ ਦੋਨੋਂ ਗੱਲਾਂ ਵਿਰੋਧੀ ਹਨ। ਗੁਰੂ ਘਰ ਲੜਾਈ ਦੇ ਕੇਂਦਰ ਬਣ ਰਹੇ ਹਨ। ਅਖਬਾਰਾਂ 'ਚ ਆਉਂਦਾ ਹੈ, ਫਲਾਂ ਗੁਰੂ ਘਰ ਵਿਚ ਚੋਣਾਂ ਸਮੇਂ ਪਾਰਟੀਆਂ ਦੀਆਂ ਤਲਵਾਰਾਂ ਚਲ ਗਈਆਂ।

ਗੁਰੂ ਘਰ ਬਚਤ ਬਣ ਗਏ ਹਨ ਹੁਣ ਸਾਨੂੰ ਚਾਹੀਦਾ ਹੈ ਗਰੀਬ ਜਨਤਾ ਦਾ ਇਹ ਪੈਸਾ ਗਰੀਬਾਂ ਦੀ development ਲਈ ਹੀ ਲਾਇਆ ਜਾਵੇ ਤਾਂ ਗੁਰੂ ਨਾਨਕ ਜੀ ਦੀ ਸਾਡੇ ਤੇ ਖੁਸ਼ੀ ਹੋਵੇਗੀ। ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿਚ ਕਿਤੇ ਵੀ ਲਿਖਿਆ ਨਹੀਂ ਮਿਲਿਆ ਕਿ ਸੰਤ ਦੀ ਡਿਊਟੀ ਗੁਰੂ ਘਰ ਬਣਾਉਣ ਦੀ ਹੈ। ਸਿੱਖ ਦੀ, ਸੰਤ ਦੀ ਡਿਊਟੀ ਨਾਮ ਜਪਾਉਣ ਦੀ ਥਾਂ ਥਾਂ ਲਿਖੀ ਹੋਈ ਹੈ। ਸੱਚ ਪ੍ਰਾਪਤੀ ਉਪਰੰਤ ਸੱਚ ਆਚਾਰ ਕਮਾਉਣ ਦੀ ਹੈ।

ਇਕ ਪ੍ਰੇਮੀ ਨੇ ਗੱਲ ਸੁਣਾਈ ਕਿ ਅਸੀਂ ਕਣਕ ਦੇ ਸੀਜਨ ਦੀ ਕਿਸਾਨਾਂ ਪਾਸੋਂ recovery ਕਰ ਰਹੇ ਸੀ। ਇਕ ਕਿਸਾਨ ਸਾਡਾ ਪ੍ਰੇਮੀ ਸੀ। ਅਸੀਂ ਸੋਚਿਆ ਚੱਲੋ ਉਸ ਨੂੰ

(ਬਾਕੀ ਪੰਨਾ 22 ਤੇ)

# ਰੰਗਲੇ ਸੱਜਣ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 52)*

## ਲੁਧਿਆਣੇ ਦੇ ਕੌਤਕ -

ਦੂਜੇ ਦਿਨ ਲੁਧਿਆਣੇ ਖਾਲਸਾ ਹਾਈ ਸਕੂਲ ਦੇ ਗੁਰਦਵਾਰੇ ਵਿਖੇ ਸਾਰੀ ਸੰਗਤ ਆਇ ਜੁੜੀ। ਨਾ ਕੇਵਲ ਖਾਲਸਾ ਹਾਈ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੰਗਤ ਜੁੜੀ ਬਲਕਿ ਲੁਧਿਆਣੇ ਦੇ ਹੋਰਨਾਂ ਆਸ਼ਰਮਾਂ ਦੇ ਸਿੱਖ ਵਿਦਿਆਰਥੀ ਅਤੇ ਅਧਿਆਪਕ ਵੀ ਆ ਜੁੜੇ। ਮਾਲਵਾ ਖਾਲਸਾ ਹਾਈ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਸਾਰੇ ਸਿੱਖ ਮੈਂਬਰ ਵੀ ਚਾਇ ਚਾਈਲੇ ਹੋ ਕੇ ਆਣ ਵੁਠੇ। ਏਧਰੋਂ ਅਸੀਂ ਪਟਿਆਲੇ ਤੋਂ ਮਰਜੀਵੜੇ ਸੱਜਣ ਗੁਰਬਖਸ਼ ਸਿੰਘ ਜੀ ਹੋਰਾਂ ਨੂੰ ਨਾਲ ਲੈ ਕੇ ਲੁਧਿਆਣੇ ਰੇਲਵੇ ਸਟੇਸ਼ਨ ਤੇ ਆ ਉਤਰੇ। ਉਤਰਨ ਸਾਰ ਸਾਨੂੰ ਪਤਾ ਲੱਗਾ ਕਿ ਖਾਲਸਾ ਹਾਈ ਸਕੂਲ ਦੇ ਗੁਰਦਵਾਰੇ ਵਿਖੇ ਸਾਰੀ ਸੰਗਤ ਆਇ ਜੁੜੀ ਹੈ, ਜਿਹੜੀ ਸਾਡਾ ਰਾਹ ਤਕ ਰਹੀ ਹੈ। ਪ੍ਰੇਮ ਰੰਗੀ ਮੌਜ ਦੀਆਂ ਲਟਕਾਂ ਵਿਚ ਭਾਈ ਗੁਰਬਖਸ਼ ਸਿੰਘ ਜੀ ਨੂੰ ਨਾਲ ਲੈ ਕੇ ਅਸੀਂ ਸਟੇਸ਼ਨ ਤੋਂ ਜੁੜੀ ਸੰਗਤ ਦੇ ਮਜਮੇ ਵਾਲੀ ਸੰਗਤ ਵਲ ਧਾਈ ਕਰਕੇ ਜਾ ਰਹੇ ਸਾਂ ਕਿ ਅਧਵਾਟੇ ਵਿਚ ਜਾ ਕੇ, ਤੁਰੇ ਜਾਂਦਿਆਂ ਦੀ ਜਦੋਂ ਸਾਡੀ ਅੱਖ ਉਘੜੀ, ਤਾਂ ਕੀ ਦੇਖਦੇ ਹਾਂ ਕਿ ਵੀਰ ਗੁਰਬਖਸ਼ ਸਿੰਘ ਜੀ ਵਿਚ ਹੈ ਹੀ ਨਹੀਂ। ਹੈਰਾਨ ਸਾਂ ਕਿ ਕੀ ਸੁਗਾਤ ਜਾ ਕੇ ਹਾਜ਼ਰ ਕਰਾਂਗੇ। ਸਾਡੀ ਹੈਰਾਨੀ ਪਰੇਸ਼ਾਨੀ ਦੇਖ ਕੇ ਮੋਗਾ ਨਿਵਾਸੀ ਸਿਰੀ ਅਵਧੂਤ ਭਾਈ ਆਤਮਾ ਸਿੰਘ ਜੀ ਬੋਲ ਉਠੇ, ਹੈਰਾਨ ਪਰੇਸ਼ਾਨ ਹੋਣ ਦੀ ਕੀ ਗੱਲ ਹੈ, ਹੁਣੇ ਹੀ ਗੁਪਤ ਉਡਾਰੀ ਮਾਰ ਗਏ ਗੁਰਮੁਖ ਪਿਆਰੇ ਗੁਰਬਖਸ਼ ਸਿੰਘ ਜੀ ਅਗੰਮ ਤੋਂ ਹੀ ਆ ਉਤਰਨਗੇ। ਗੁਰਮੁਖ ਵੀਰ ਸਿਰੀ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਅਵਧੂਤ ਜੀ ਉਨ੍ਹਾਂ ਦਿਨਾਂ ਵਿਚ ਬੜੀ ਹੀ ਆਤਮ-ਪ੍ਰਮਾਤਮੀ ਰੰਗਾਂ ਵਾਲੀ ਕਲਾ ਵਿਚ ਖੇਡ ਰਹੇ ਸਨ। ਉਨ੍ਹਾਂ ਦੇ ਨਾਮ-ਰੰਗਾਂ ਦੇ ਤੁਫੈਲ ਰਿਧੀ ਸਿੱਧੀ ਤਾਂ ਭਾਈ ਆਤਮਾ ਸਿੰਘ ਜੀ ਦੇ ਬਾਵੇਂ ਅੰਗ ਖੇਡ ਰਹੀ ਸੀ। ਅਸੀਂ ਬੜੀ ਬਿਹਬਲਤਾ ਸਹਿਤ ਸਿਰੀ ਭਾਈ ਆਤਮਾ ਸਿੰਘ ਜੀ ਦੇ ਚਿਹਰੇ ਵਲ ਝਾਕੇ ਤੇ ਅੰਤਰਗਤੀ ਬੇਨਤੀ ਕੀਤੀ ਕਿ ਝਾਤੀ ਮਾਰੋ, ਝਾਤੀ ਮਾਰ ਕੇ ਪਤਾ ਕਰੋ ਕਿ ਭਾਈ ਗੁਰਬਖਸ਼ ਸਿੰਘ ਜੀ ਕਿਥੇ ਚਲੇ ਗਏ ਹਨ। ਆਗਿਆ-ਪਾਲਕ ਅਵਧੂਤ ਜੀ ਨੇ ਬੜੀ ਗੁਰਮੁਖਤਾ ਸਹਿਤ ਇਕ ਦੋ ਮਿੰਟ ਲਈ ਖੜ੍ਹੇ ਖੜੋਤੇ ਹੀ ਸਮਾਧੀ ਸਥਿਤ ਹੋ ਕੇ ਬੜੀ ਦ੍ਰਿੜ੍ਹਤਾ ਸਹਿਤ ਉਤਰ ਦਿਤਾ ਕਿ ਵੀਰ ਗੁਰਬਖਸ਼ ਸਿੰਘ ਜੀ ਇਕ ਦਰਿਆ ਦੇ ਕਿਨਾਰੇ ਇਕ ਸਰਕੜੇ ਦੇ ਬੂਝੇ ਪਾਸ ਤਾੜੀ ਲਾਈ ਬੈਠੇ ਹਨ, ਮੈਂ ਹੁਣੇ ਜਾ ਕੇ ਉਨ੍ਹਾਂ ਨੂੰ ਲੈ ਆਉਂਦਾ ਹਾਂ। ਉਹ ਫੁਰਤੋ ਫੁਰਤੀ ਚਲੇ ਗਏ, ਅਸੀਂ ਉਥੇ ਹੀ ਆਤਮ-ਰੰਗਾਂ ਵਿਚ ਗੜੂੰਦ ਹੋਏ ਖੜੋਤੇ ਰਹੇ। ਜਦੋਂ ਅੱਖ ਉਘੜੀ ਤਾਂ ਪਤਾ ਲੱਗਾ ਕਿ ਭਾਈ ਆਤਮਾ ਸਿੰਘ ਜੀ ਗੁਰਮੁਖ ਪਿਆਰੇ ਗੁਰਬਖਸ਼ ਸਿੰਘ ਜੀ ਨੂੰ ਨਾਲ ਲਈ ਆ ਰਹੇ ਹਨ। ਫੇਰ ਜੱਫੀਆਂ ਪਾ ਕੇ, ਏਵੇਂ ਜਿਵੇਂ ਮਿਲੇ, ਚਿਰਾਂ ਦੇ ਵਿਛੜੇ ਮਿਲੇ ਹੁੰਦੇ ਹਨ। ਕੰਘੀਆਂ ਪਾ ਕੇ ਫੇਰ ਗੁਰਦਵਾਰੇ ਦੀ ਜੁੜੀ ਸੰਗਤ ਵਲ ਨੂੰ ਸਾਰੇ ਤੁਰ ਪਏ।

ਅੱਗੇ ਕੀ ਦੇਖਦੇ ਹਨ ਕਿ ਗੁਰਦਵਾਰੇ ਵਿਚ ਸਾਰੀ ਸੰਗਤ ਜੁੜੀ ਬੈਠੀ ਹੈ ਅਤੇ ਕੀਰਤਨ ਕਰ ਰਹੀ ਹੈ। ਅਸੀਂ ਵੀ ਏਧਰੋਂ ਕੀਰਤਨ ਕਰਦੇ ਗਏ, ਵੀਰ ਗੁਰਬਖਸ਼ ਸਿੰਘ ਜੀ ਸਭ ਤੋਂ ਮੂਹਰੇ ਸਨ, ਬੜੇ ਹੀ ਆਤਮ-ਤਰੰਗੀ ਮੌਜਾਂ ਵਿਚ ਕੀਰਤਨ-ਧੁਨੀਆਂ ਦੀਆਂ ਆਤਮ-ਧੁਨਾਂ ਗੁੰਜਾ ਰਹੇ ਸਨ, ਸੀਸ ਉਤੇ ਕਾਲਾ ਦੁਮਾਲਾ ਸਜਾਇਆ ਹੋਇਆ, ਆਸਨ ਦੀ ਬੁੱਕਲ ਮਾਰੀ ਹੋਈ, ਤੇੜ ਕਛਹਿਰਾ ਹੀ ਕਛਹਿਰਾ, ਪਜਾਮਾ ਕੋਈ ਨਹੀਂ। ਚੱਕਰ ਕ੍ਰਿਪਾਨਾਂ ਆਦਿਕ ਸ਼ਸ਼ਤਰਾਂ ਨਾਲ ਸਜੇ ਹੋਏ, ਉਸ ਸਿੱਧੇ ਸਾਦੇ, ਸਾਦ ਮੁਰਾਦੇ ਗੁਰਮੁਖ ਵੇਸ ਵਿਚ ਪਿਆਰੇ ਗੁਰਬਖਸ਼ ਸਿੰਘ ਸਾਰੀ ਸ੍ਰਿਸ਼ਟੀ ਦੇ ਚੱਕਰਵਰਤੀ ਰਾਜੇ ਪ੍ਰਤੀਤ ਹੁੰਦੇ ਸਨ। ਚਿਹਰੇ ਉਤੇ ਉਹ ਜੁਲ-ਜੁਲਾਲੀ ਜਮਾਲ ਆਇਆ ਹੋਇਆ ਕਿ ਦੇਖਣਹਾਰਿਆਂ ਤੋਂ ਝੱਲਿਆ ਨਾ ਜਾਵੇ। ਸਰੀਰ ਦੀ ਰੂਪ ਕਰਾਂਤੀ ਦਗ ਦਗਾ ਰਹੀ ਸੀ, ਬਾਲੜੀ ਆਯੂ ਅਵਸਥਾ, ਅਜੇ ਦਾੜ੍ਹੇ ਦੀ ਲੂਈਂ ਵੀ ਨਹੀਂ ਫੁਟੀ ਸੀ, ਅੱਖਾਂ ਮੀਟੀਆਂ ਹੋਈਆਂ, ਅਗੰਮੀ ਨਾਮ ਦੇ ਨਸ਼ੇ ਚੜ੍ਹੇ ਹੋਏ, ਜੁੜੀ ਸੰਗਤ ਵਿਚ ਪ੍ਰਕਾਸ਼ਤ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਰਭਾਗ ਧੜੰਮ ਕਰਕੇ ਡੰਡਉਤ ਪਰਨੇ ਡਿਗ ਕੇ ਜਾ ਮੱਥਾ ਟੇਕਿਆ। ਸਾਵਧਾਨ ਹੋਣ ਸਾਰ ਗੁਰ-ਸ਼ਬਦ ਦੀ ਕੀਰਤਨ-ਧੁਨੀ ਐਸੀ ਦਿਲ-ਚੀਰਵੀਂ ਲੈਅ ਵਿਚ ਗੂੰਜਾਈ ਕਿ ਸਾਰੀ ਜੁੜੀ ਹੋਈ ਸੰਗਤ ਅਜ਼-ਬਸ਼ ਹੋ ਕੇ ਝੂਮਣ ਤੇ ਝੂਲਣ ਲਗ ਪਈ। ਇਕ ਪਾਸੇ ਵੀਰ ਗੁਰਬਖਸ਼ ਸਿੰਘ ਨਾਲ ਜੁੜ ਕੇ ਅਸੀਂ ਸ਼ਬਦ ਪੜ੍ਹੀਏ, ਦੂਜੇ ਪਾਸੇ ਸਾਰੀ ਸੰਗਤ ਪੜ੍ਹੇ। ਇਹ ਜੋਟੀਆਂ ਦਾ ਸ਼ਬਦ ਸਮਾਪਤ ਹੋਣ ਦੀ ਦੇਰ ਹੀ ਸੀ ਕਿ ਸੰਗਤ ਵਿਚ ਜੁੜੇ ਹੋਏ ਅਨੇਕਾਂ ਵਿਦਿਆਰਥੀ ਅੰਮ੍ਰਿਤ ਛਕਣ ਦੇ ਅਭਿਲਾਖੀ ਹੋ ਕੇ ਜੋਦੜੀਆਂ ਕਰਦੇ ਉਠ ਖੜ੍ਹੇ ਹੋਏ ਅਤੇ ਉਠ ਕੇ ਜੋਦੜੀਆਂ ਕਰਨ ਲੱਗੇ। ਖਾਲਸਾ ਹਾਈ ਸਕੂਲ ਦੇ ਸੈਕੰਡ ਮਾਸਟਰ ਸਿਰੀ ਭਾਈ ਹਰਿਭਗਤ ਸਿੰਘ ਜੀ ਨੇ ਐਨ੍ਹ ਉਸ ਸਮੇਂ ਸਾਰੀ ਸੰਗਤ ਵਿਚ ਉਠ ਕੇ ਐਲਾਨ ਕਰ ਦਿਤਾ ਕਿ ਕਲ੍ਹ ਨੂੰ ਦੂਜੇ ਦਿਨ ਹੀ ਉਨ੍ਹਾਂ ਦੇ ਗ੍ਰਹਿ ਵਿਖੇ ਅਖੰਡ ਪਾਠ ਦੀ ਸਮਾਪਤੀ ਪਰ ਉਥੇ ਅੰਮ੍ਰਿਤ ਸੰਚਾਰ ਸਮਾਗਮ ਕੀਤਾ ਜਾਵੇਗਾ, ਸਾਰੀ ਸੰਗਤ ਤੇ ਖਾਸ ਕਰ ਅੰਮ੍ਰਿਤ-ਅਭਿਲਾਖੀ ਆ ਹਾਜ਼ਰ ਹੋਵਣ।

ਅਖੰਡ ਪਾਠ ਆਰੰਭ ਹੋ ਗਿਆ - ਸੈਕੰਡ ਮਾਸਟਰ ਦੇ ਘਰ। ਆਸਾਵੰਤਿਆਂ ਦੀ ਇਹ ਆਸਾ ਭਾਵਨੀ ਸੀ ਕਿ ਇਸ ਸਾਰੇ ਸਮਾਗਮ ਵਿਚ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ, ਪਿਆਰੇ ਪਿਆਰਾ ਸਿੰਘ ਜੀ, ਸਿਰੀ ਭਾਈ ਹਰਿਬਚਨ ਸਿੰਘ 'ਦੂਲੇਸ਼ਰ' ਜ਼ਰੂਰ ਆ ਸ਼ਾਮਲ ਹੋਣ। ਸੋ ਅਜੇ ਸ੍ਰੀ ਅਖੰਡ ਪਾਠ ਨਮਿਤ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਹੀ ਹੋਇਆ ਸੀ ਕਿ ਉਕਤ ਤਿੰਨੇ ਗੁਰਮੁਖ ਜਨ ਇਕ ਅਗੰਮੀ ਖਿੱਚ ਨਾਲ ਅੰਬਾਲੇ ਛਾਉਣੀ ਤੋਂ ਆ ਸ਼ਾਮਲ ਹੋਏ। **ਸੰਤ ਹੀਰਾ**

**ਸਿੰਘ ਜੀ ਦਾਊਦਪੁਰ** ਵਾਲੇ ਭੀ ਕਿਧਰੋਂ ਅਗੰਮੋਂ ਹੀ ਆ ਜੁੜੇ। ਉਧਰੋਂ ਪਟਿਆਲੇ ਤੋਂ ਸਿਰੀ ਭਾਈ ਗੁਰਮੁਖ ਪਿਆਰੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਵੀ ਆਣ ਦੀਦਾਰ-ਪਜ਼ੀਰ ਹੋਏ। ਸੱਤੇਂ ਦਾ ਸਾਹਾ ਜੁੜ ਗਿਆ। ਖ਼ੂਬ ਅਖੰਡ ਕੀਰਤਨ ਹੋਏ। ਅਖੰਡ ਕੀਰਤਨ ਆਸਾ ਜੀ ਦੀ ਵਾਰ ਦੇ ਭੋਗ ਪਏ ਤੇ ਅਖੰਡਪਾਠ ਅਰੰਭ ਹੋਇਆ, ਪਹਿਲੇ ਅਖੰਡਪਾਠਾਂ ਦੀ ਮਾਹੀਅਤ ਵਿਚ ਹੀ ਅਰੰਭ ਹੋਇਆ। ਆਦਿ, ਮਧਿ, ਅੰਤ ਹਰ ਸਮੇਂ ਹੀ ਸਰੋਤੇ ਜਨਾਂ ਦੀ ਸੰਗਤ ਫਕੋ ਫਕ ਜੁੜੀ ਰਹੀ, ਖਾਸ ਕਰਕੇ ਜਦੋਂ ਸੁਥਰੀਸ਼ਰ ਭਾਈ ਗੁਰਬਖਸ਼ ਸਿੰਘ ਜੀ ਦੀ ਰੌਲ ਸ੍ਰੀ ਅਖੰਡਪਾਠ ਦੀ ਆਵੇ, ਉਦੋਂ ਤਾਂ ਪ੍ਰੇਮੀ ਸਰੋਤੇ ਜਨਾਂ ਦੇ ਸਮੂੰਹ ਸਮੁਦਾਇ ਦਾ ਇਕ ਝੂਲਦੀਆਂ ਲਹਿਰਾਂ ਵਾਲਾ ਸਮੁੰਦਰ ਠਾਠਾਂ ਮਾਰਨ ਲਗ ਪਵੇ। ਅੰਮ੍ਰਿਤ-ਅਭਿਲਾਖੀ ਜਨ ਤਾਂ ਐਸੇ ਉਮਾਹੇ ਉਮਡਾਏ ਹੋਏ ਸਨ ਕਿ ਮੁੱਢ ਤੋਂ ਸਮਾਧ-ਸਥਿਤ ਜੁੜ ਕੇ ਡਟ ਗਏ ਅਤੇ ਫੇਰ ਉਠੇ ਹੀ ਨਹੀਂ। ਅਖੰਡ ਪਾਠ ਸਮਾਪਤ ਹੋਣ ਪਰ ਅਖੰਡ ਕੀਰਤਨ ਫੇਰ ਅਰੰਭ ਹੋ ਗਿਆ ਅਤੇ ਅਖੰਡ ਕੀਰਤਨ ਦੇ ਭੋਗ ਦੀ ਸਮਾਪਤੀ ਪਰ ਉਸ ਮੰਡਲ ਅੰਦਰ ਪੰਜੇ ਅਖੰਡਪਾਠੀ, ਪੰਜੇ ਪਿਆਰੇ ਅਤੇ ਅੰਮ੍ਰਿਤ-ਅਭਿਲਾਖੀ ਜਨ ਹੀ ਰਹਿ ਗਏ। ਹੋਰ ਸਾਰੀ ਸੰਗਤ ਬਾਹਰ ਪਧਾਰ ਗਈ।

ਅੰਮ੍ਰਿਤ-ਭਿੰਨੜੀ-ਲਸ਼ਕ-ਲਹਿਰ ਵਾਲੇ ਗੁਰਮੁਖ ਪਿਆਰੇ, ਨਵ-ਬਾਲੜੇ, ਸਭਨਾਂ ਦੇ ਅਜ਼ੀਜ਼ ਅਤੇ ਸਭਨਾਂ ਦੀਆਂ ਅੱਖੀਆਂ ਦੇ ਤਾਰੇ ਭਾਈ ਗੁਰਬਖਸ਼ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਚੌਰ-ਬਰਦਾਰ ਹੋ ਕੇ ਲਿਸ਼ਕਾਰੇ ਮਾਰਨ ਲੱਗੇ। ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਗਰਭਾਗ ਪੰਜੇ ਪਿਆਰੇ ਅੰਮ੍ਰਿਤ-ਸੰਚਾਰ ਦੀ ਸਾਰੀ ਸਮੱਗਰੀ ਲਈ ਤਿਆਰ-ਬਰ-ਤਿਆਰ ਹੋਏ ਬੈਠੇ ਹਨ। ਦੂਜੇ ਕਮਰੇ ਵਿਚ ਕੋਈ ਡੇਢ ਸੌ ਦੇ ਕਰੀਬ ਅੰਮ੍ਰਿਤ-ਅਭਿਲਾਖੀ ਜਨ ਅੰਮ੍ਰਿਤ ਬੂੰਦ ਦੇ ਪਿਆਸੇ ਹੋ ਕੇ ਉਡਨਵਾਨ ਹੋ ਕੇ ਖਲੋਤੇ ਹਨ। ਇਕ ਇਕ ਕਰਕੇ ਉਨ੍ਹਾਂ ਅੰਮ੍ਰਿਤ ਅਭਿਲਾਖੀਆਂ ਵਿਚੋਂ ਪੰਜਾਂ ਪਿਆਰਿਆਂ ਦੇ ਪੇਸ਼ ਹੋਇਆ। ਜੋ ਆਵੇ, ਉਸ ਦੀ ਇਕ ਟਕ ਨਜ਼ਰ ਗੁਰੂ ਸਾਹਿਬ ਦੇ ਤਾਬੇ ਬੈਠੇ ਰਾਜ ਦੁਲਾਰੇ ਵਲ ਜਾਵੇ। ਸੋਧ ਸੁਧਾਈ ਅਰੰਭ ਹੋਈ, ਡੇਢ ਸੌ ਅਭਿਲਾਖੀਆਂ ਵਿਚੋਂ ਕੇਵਲ 38 ਹੀ ਪਾਸ ਹੋਏ, ਬਾਕੀਆਂ ਵਾਸਤੇ ਫੇਰ ਸਮਾਂ ਨੀਯਤ ਹੋਇਆ। ਅਜੇ ਉਨ੍ਹਾਂ ਦੀ ਤੜਫ ਹੋਰ ਵਧਣ ਦਿਤੀ ਜਾਵੇ, 38 ਅੰਮ੍ਰਿਤ-ਅਭਿਲਾਖੀਆਂ ਦੇ ਨਿਤਰੇ ਪੂਰ ਵਿਚੋਂ ਕਈ ਇਕ ਨਿਖਰਵੇਂ ਸੱਜਣਾਂ ਦੇ ਨਾਮ ਜੋ ਯਾਦ ਹਨ, ਸੋ ਲਿਖੇ ਜਾਂਦੇ ਹਨ –

1. ਸਿਰੀ ਭਾਈ ਇਕਬਾਲ ਸਿੰਘ ਪਿੰਡ ਬੋਪਾਰਾਇ (ਲੁਧਿਆਣਾ) 2. ਸਿਰੀ ਭਾਈ ਪ੍ਰਧਾਨ ਸਿੰਘ ਪਿੰਡ ਜੰਡੀ (ਲੁਧਿਆਣਾ) 3. ਸਿਰੀ ਭਾਈ ਕੇਹਰ ਸਿੰਘ 4. ਸਿਰੀ ਭਾਈ ਸੁੰਦਰ ਸਿੰਘ ਘੁਮਾਣ (ਲੁਧਿਆਣਾ) 5. ਸਿਰੀ ਭਾਈ ਨਿਕੜੇ ਵੀਰ ਸੰਤਾ ਸਿੰਘ ਮੂਸਾਪੁਰੀਏ (ਜ਼ਿਲਾ ਜਲੰਧਰ) 6. ਸਿਰੀ ਭਾਈ ਨਿਰਭੈ ਸਿੰਘ ਜੀ ਲਲਤੋਂ ਵਾਲੇ, ਆਦਿ ਪ੍ਰੇਮੀ ਜਨਾਂ ਦਾ ਜੁੜਵਾਂ ਜੁਟ ਸੀ। ਇਨ੍ਹਾਂ ਦਵਾਰਾ ਫੇਰ ਹੋਰ ਪੂਰਾਂ ਦੇ ਪੂਰ ਤਿਆਰ ਹੋਏ।

ਖਾਲਸਾ ਹਾਈ ਸਕੂਲ ਲੁਧਿਆਣਾ ਵਿਖੇ ਇਸ ਬਿਧਿ ਅਮਰ ਜੀਵੜੇ ਭੁਝੰਗੀ ਜਨਾਂ ਦੇ ਪੂਰਾਂ ਦੇ ਪੂਰ ਤਿਆਰ ਹੋ ਗਏ। ਸਾਰੇ ਹੀ ਕੀਰਤਨੀ ਜਨ ਹਨ, ਸਾਰੇ ਨਿਤਨੇਮੀ ਪ੍ਰੇਮੀ ਹਨ, ਗੁਰਮੁਖ ਪਿਆਰਿਆਂ ਦੀ ਰਹਿਤ ਬਹਿਤ ਵਿਚ ਸਾਰੇ ਹੀ ਤਤਪਰ ਹਨ। ਕੰਮਾਂ ਤੇ ਸਕੂਲਾਂ ਦੀਆਂ ਪੜ੍ਹਾਈਆਂ ਤੋਂ ਸ੍ਰੇਸ਼ਟ ਤੇ ਮੁਖੀ ਕੰਮ ਸਮਝ ਕੇ ਸਾਰੇ ਹੀ ਅੰਮ੍ਰਿਤ ਵੇਲੇ ਦੋ ਵਜੇ ਉਠ ਕੇ ਸੌਚ ਇਸ਼ਨਾਨ ਕਰਦੇ ਹਨ ਅਤੇ ਗੁਰਦੁਆਰੇ ਵਿਖੇ ਜੁੜ ਕੇ ਨਿਤਨੇਮ ਬਾਣੀਆਂ ਦੀਆਂ ਪ੍ਰੇਮ-ਧੁਨੀਆਂ ਧੁਨਾਵਣ ਪਸ਼ਚਾਤ ਨਿਤਾਪ੍ਰਤਿ ਸਿਰੀ ਆਸਾ ਜੀ ਦੀ ਵਾਰ ਦੇ ਅਖੰਡ ਕੀਰਤਨ ਕਰਦੇ ਹਨ। ਫੇਰ ਰਹਿੰਦਾ ਸਮਾਂ ਪੜ੍ਹਾਈਆਂ ਵਿਚ ਦਿੰਦੇ ਹਨ। ਸਕੂਲਾਂ ਦੀਆਂ ਜਮਾਤਾਂ ਵਿਚ ਜਾ ਕੇ ਬਰਾਏਨਾਮ ਬੈਠੇ ਰਹਿੰਦੇ ਹਨ। ਚਿਤ ਬਿਰਤੀ ਨਿਰੰਕਾਰ ਦੀ ਯਾਦ ਵਿਚ ਸਭ ਦੀ ਅਰੂੜ੍ਹ ਰਹਿੰਦੀ ਹੈ। ਉਪਰੋਂ ਉਪਰੋਂ ਸਕੂਲ-ਪੜ੍ਹਾਈਆਂ ਦਾ ਠਾਠਾ ਬਾਗਾ ਵੀ ਕਰਦੇ ਹਨ, ਗੁਰਮੁਖ ਜਨ ਸਕੂਲ-ਮਾਸਟਰ ਬੜੀਆਂ ਫਿਕਰ ਚਿੰਤਾਵਾਂ ਵਿਚ ਪੈਂਦੇ ਹਨ ਕਿ ਇਨ੍ਹਾਂ ਬਾਲਕਾਂ ਦਾ ਜੀਵਨਾ ਪੜ੍ਹੀਵਨਾ ਕੈਸੇ ਤੋੜ ਨਿਭੇਗਾ? ਗੁਰੂ ਦੀ ਨੇਤ ਐਸੀ ਹੋਈ ਕਿ ਸਕੂਲ ਦੇ ਸਾਲਾਨਾ ਇਮਤਿਹਾਨਾਂ ਵਿਚ ਇਹ ਸਾਰੇ ਦੇ ਸਾਰੇ ਗੁਰਮੁਖ ਭੁਝੰਗੀ ਸਭ ਤੋਂ ਚੰਗੇ ਨੰਬਰਾਂ ਵਿਚ ਪਾਸ ਹੋਏ। ਪ੍ਰੰਤੂ ਨੁਕਤਾਚੀਨਾਂ ਦੀ ਦੰਦ-ਕਥਾ ਫੇਰ ਵੀ ਨਹੀਂ ਜਾਂਦੀ, ਕਿਉਂਕਿ ਇਹ ਸਾਰੇ ਅੰਮ੍ਰਿਤਧਾਰੀ ਭੁਝੰਗੀ ਗਾਤਰੇ ਦੀਆਂ ਕ੍ਰਿਪਾਨਾਂ ਲਾ ਕੇ ਸਕੂਲੇ ਜਾਂਦੇ ਸਨ। ਉਨ੍ਹੀਂ ਦਿਨੀਂ ਗਾਤਰੇ ਵਾਲੀ ਕ੍ਰਿਪਾਨ ਲਾ ਕੇ ਸਕੂਲੇ ਜਾਣਾ ਵੀ ਬੜਾ ਜੁਰਮ ਸਮਝਿਆ ਜਾਂਦਾ ਸੀ। ਇਨ੍ਹਾਂ ਭੁਝੰਗੀਆਂ ਨੂੰ ਤਾਂ ਸ਼ਸਤਰ ਬਸਤਰ ਸਜਾ ਕੇ ਸਕੂਲੇ ਜਾਣ ਦੀ ਐਸੀ ਚੇਪ ਪਈ ਹੋਈ ਸੀ ਕਿ ਕਿਸੇ ਦੀ ਭੀ ਉਨ੍ਹਾਂ ਨੂੰ ਹਟਾਵਣ ਦੀ ਜੁਰਅਤ ਨਹੀਂ ਹੁੰਦੀ ਸੀ। ਸਭੇ ਪ੍ਰਬੰਧਕ ਜਨ ਸਕੂਲ ਦੇ ਹਮਦਰਦ ਸਦਾਵਣ ਵਾਲੇ ਨੇਤਾ ਜਨ ਇਹੀ ਆਖਣ ਪਾਖਣ ਕਿ ਭਾਈ ਗੁਰਬਖਸ਼ ਸਿੰਘ ਮੁੜ ਕੇ ਸਕੂਲੇ ਕਾਹਦਾ ਲਿਆਂਦਾ, ਇਨ੍ਹਾਂ ਨੇ ਤਾਂ ਸਕੂਲ ਨੂੰ ਪ੍ਰਮਾਰਥੀ ਚਾਟੜਿਆਂ ਦੀ ਚਟਸਾਲ ਹੀ ਬਣਾ ਦਿਤਾ। ਸੱਚਮੁੱਚ ਸਾਰੇ ਵਿਦਿਆਰਥੀ ਭੀ ਵਿਗਾੜ ਦਿਤੇ।

ਭਾਈ ਪੂਰਨ ਸਿੰਘ ਜੀ 'ਜਨੇਤਪੁਰ' ਵਾਲਿਆਂ ਨੇ ਵਖਰਾ ਲੰਗਰ ਸਰਬ-ਲੋਹ ਬਿਬੇਕ ਦਾ ਆਰੰਭ ਕਰ ਦਿਤਾ ਜਿਸ ਵਿਚ ਸਮੁੱਚੇ ਰਹਿਤ ਬਿਬੇਕ ਉਤਸ਼ਾਹੀ ਭੁਝੰਗੀ ਜਨ ਲੰਗਰ ਛਕਿਆ ਕਰਨ ਤੇ ਭਾਈ ਪੂਰਨ ਸਿੰਘ ਜੀ ਅਹਿਨਿਸੀ ਨਿਸ਼ਕਾਮ ਸੇਵਾ ਵਿਚ ਹੀ ਜੁਟੇ ਰਹਿਣ। ਉਨ੍ਹਾਂ ਨੂੰ ਤਾਂ ਸਕੂਲ ਜਾਣ ਦੀ ਵੀ ਸੁਧ ਬੁਧ ਭੁੱਲ ਗਈ। ਬੜੇ ਹੀ ਉਚੇ ਅਤੇ ਸੁੱਚੇ ਸਿਦਕ ਵਾਲਾ ਅੰਨ੍ਹਾ ਨਿਸ਼ਚਾ ਗੁਰਮਤਿ ਅਸੂਲਾਂ ਉਤੇ ਰਖਦੇ ਸਨ। ਅੰਨ੍ਹੇ ਨਿਸ਼ਚੇ ਦਾ ਇਹ ਭਾਵ ਨਹੀਂ ਕਿ ਅੰਧਾ ਧੁੰਧ ਹੀ ਨਿਸ਼ਚਾ ਕਰ ਬੈਠੇ ਸਨ। ਬਲਕਿ ਅੰਨ੍ਹੇ ਨਿਸ਼ਚੇ ਦਾ ਇਹ ਭਾਵ ਹੈ ਕਿ ਗੁਰਮਤਿ ਅਸੂਲਾਂ ਦੀ ਭਾਉ-ਭਾਵਨੀ ਉਤੇ ਤਤਪਰ ਹੋ ਕੇ ਲੋਹੇ ਦੀ ਲੱਠ ਵਾਂਗੂੰ ਤਿਨ੍ਹਾਂ ਅਸੂਲਾਂ ਉਤੇ ਤਿਆਰ-ਬਰ-ਤਿਆਰ ਰਹਿਣ ਵਾਲੇ ਇਹ ਭਾਈ ਪੂਰਨ ਸਿੰਘ ਜੀ ਸਨ। ਸਿਮਰਨ ਵਿਚ ਐਸੇ ਤਤਪਰ ਕਿ ਕਦੇ ਸੌਂਦੇ ਦਿਸਦੇ ਹੀ ਨਹੀਂ ਸਨ। ਭਾਈ ਗੁਰਬਖਸ਼ ਸਿੰਘ ਜੀ ਦੇ ਸਨਮੁਖ ਬੈਠ ਕੇ ਕੀਰਤਨ-ਅਭਿਆਸ ਦਾ ਹੁਲਾਸ ਪੂਰਾ ਕਰਦੇ ਸਨ। ਅਖੰਡ ਪਾਠ ਕਰਨ ਵਿਚ ਐਸੇ ਪ੍ਰਬੀਨ ਸਨ

ਕਿ ਘੰਟਿਆਂ ਬੱਧੀ ਇਹੋ ਹੀ ਉਚੀ ਤਾਰ ਤੇ ਲੈਅ ਵਿਚ ਬੜਾ ਤੇਜ਼ ਤੇ ਪੰਚਮ ਸੁਰ ਵਾਲਾ ਅਖੰਡਪਾਠ ਉਨ੍ਹਾਂ ਦਾ ਸੀ। ਅਖੰਡਪਾਠ ਕਰਦਿਆਂ ਚਿਹਰੇ ਤੇ ਲਾਲੀ ਆ ਜਾਣੀ, ਅੱਖਰ ਅੱਖਰ ਸਰੋਤੇ ਜਨਾਂ ਦੀ ਸਮਝ ਵਿਚ ਪੈਣੇ। ਅੱਗੇ ਇਕ ਭਾਈ ਗੁਰਬਖਸ਼ ਸਿੰਘ ਜੀ ਸਨ, ਹੁਣ ਦੋ ਅਖੰਡ ਪਾਠੀ ਜੁੜ ਕੇ ਸੋਨੇ ਤੇ ਸੁਹਾਗਾ ਬਣ ਗਿਆ। ਅਖੰਡਪਾਠਾਂ ਦੀ ਤਾਲ ਬੱਝੀ ਹੀ ਰਹਿੰਦੀ ਸੀ ਤੇ ਜਿਥੇ ਇਹ ਦੋਇ ਅਖੰਡਪਾਠੀ (ਭਾਈ ਗੁਰਬਖਸ਼ ਸਿੰਘ ਤੇ ਭਾਈ ਪੂਰਨ ਸਿੰਘ ਜੀ) ਜੁੜ ਜਾਂਦੇ ਸਨ, ਉਥੇ ਤੀਜੇ ਦੀ ਵਾਰੀ ਹੀ ਨਹੀਂ ਆਉਂਦੀ ਸੀ। ਰੌਲਾਂ ਵੰਡਾਂ ਦੇ ਟੰਟੇ ਬਖੇੜੇ ਹੀ ਨਹੀਂ ਸਨ, ਅਜਿਹੇ ਇਕ ਤੋਂ ਇਕ ਚੜ੍ਹਦੇ ਦਗ-ਜਗੰਦੇ ਚਿਹਰਿਆਂ ਵਾਲੇ ਅਨੇਕਾਂ ਹੀ ਅਖੰਡਪਾਠੀ ਉਤਪੰਨ ਹੋ ਗਏ ਸਨ। ਸਕੂਲ ਬੋਰਡਿੰਗ ਹਾਊਸ ਦੇ ਗੁਰਦੁਆਰੇ ਵਿਖੇ ਹਰ ਦਮ ਇਨ੍ਹਾਂ ਲਟਬੌਰਿਆਂ ਦੀ ਪ੍ਰੇਮ ਵਰ੍ਹਾਨੀ-ਪੀਂਘ ਚੜ੍ਹੀ ਹੀ ਰਹਿੰਦੀ ਸੀ।

ਉਨ੍ਹੀਂ ਦਿਨੀਂ ਇਹ ਭੁਝੰਗੀ ਸਭਾ ਬੜੀ ਹੀ ਚੜ੍ਹਦੀਆਂ ਕਲਾਂ ਵਿਚ ਸੀ। ਸਾਰੇ ਹੀ ਸਕੂਲ ਦੇ ਸਿੱਖ ਵਿਦਿਆਰਥੀ ਭੁਝੰਗੀ ਇਸ ਸਭ ਦੇ ਮੈਂਬਰ ਸਨ। ਹਰ ਸਾਲ ਦੋ ਗੁਰਪੁਰਬ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਦੇ ਬੜੀ ਆਨ ਸ਼ਾਨ ਨਾਲ ਮਨਾਵਦੇ ਸਨ। ਸਾਰੇ ਲੁਧਿਆਣੇ ਸ਼ਹਿਰ ਵਿਚ ਕੋਈ ਹੋਰ ਸਿੱਖ ਸਭਾ ਸੁਸਾਇਟੀ ਮੌਜੂਦ ਨਹੀਂ ਸੀ, ਜੋ ਇਨ੍ਹਾਂ ਗੁਰਪੁਰਬਾਂ ਦੇ ਸਾਰੇ ਪ੍ਰਬੰਧ ਨੂੰ ਸਰੰਜਾਮ ਦੇ ਸਕੇ। ਇਹ ਕੇਵਲ ਇਨ੍ਹਾਂ ਤਿਆਰ-ਬਰ-ਤਿਆਰ ਭੁਝੰਗੀਆਂ ਦਾ ਸਦਕਾ ਹੀ ਸੀ, ਜੋ ਇਸ ਵੀਰ ਗੁਰਬਖਸ਼ ਸਿੰਘ ਜੀ ਦੀ ਨਜ਼ੀਰ ਨਾਲ ਅਸਰ-ਪਜ਼ੀਰ ਹੋਈ। ਸਾਨੂੰ ਹੋਰ ਬਹੁਤੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ, ਕੇਵਲ ਭਾਈ ਗੁਰਬਖਸ਼ ਸਿੰਘ ਜੀ ਦੇ ਸੰਖੇਪ ਜੀਵਨ ਲਿਖਣ ਨਾਲ ਹੀ ਸਰੋਕਾਰ ਹੈ। ਸੋ ਅਸੀਂ ਸੰਖੇਪ ਕਰਕੇ ਹੁਣ ਇਸ ਨੂੰ ਮੁਕਾਂਵਦੇ ਹਾਂ।

ਸੰਖੇਪ ਗੱਲ ਇਹ ਹੈ ਕਿ ਭਾਈ ਗੁਰਬਖਸ਼ ਸਿੰਘ ਜੀ ਇਸ ਸਕੂਲ ਵਿਚੋਂ ਮੈਟਰਿਕ ਪਾਸ ਕਰਕੇ ਪਟਿਆਲੇ ਜਾ ਨੌਕਰ ਹੋਏ ਅਤੇ ਭਾਣੇ ਅੰਦਰ ਹੀ ਭਾਈ ਜੋਗਿੰਦਰ ਸਿੰਘ ਜੀ, ਭਾਈ ਆਤਮਾ ਸਿੰਘ ਜੀ, ਭਾਈ ਜਸਵੰਤ ਸਿੰਘ ਜੀ ਨਾਲ ਇਕਲਵੰਜੇ ਜਾ ਸਥਾਪਤ ਹੋਏ। ਏਧਰ ਸਮੇਂ ਦੇ ਗੇੜ ਵਿਚ 1914-15 ਵਾਲੇ ਸਾਜ਼ਸ਼ ਕੇਸਾਂ ਵਿਚ ਸਾਰਾ ਜਥਾ ਉਲਝਾਅ ਲਿਆ ਗਿਆ ਅਤੇ ਅਸੀਂ 16 ਸਾਲਾਂ ਦੀ ਯਾਤਰਾ ਕਰਨ ਲਈ ਜੇਲ੍ਹ ਦੇ ਅੰਦਰ ਦੂਰ ਦੁਰਾਡੀ ਦਸ਼ਾ ਵਲ ਚਲੇ ਗਏ। ਪਿਛੋਂ ਭਾਣੇ ਦੇ ਗੇੜ ਵਿਚ ***'ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥'*** ਗੁਰਵਾਕ ਦੇ ਭਾਵ ਅਨੁਸਾਰ ਭਾਈ ਗੁਰਬਖਸ਼ ਸਿੰਘ ਬਗਦਾਦ ਆਦਿ ਦੇਸਾਂ ਪ੍ਰਦੇਸਾਂ ਵਿਚ ਕ੍ਰਿਤ ਕਮਾਈ ਕਰਨ ਲਈ ਚਲੇ ਗਏ। ਅਸਾਡੇ ਜੇਲ੍ਹੋਂ ਬਾਹਰ ਆਉਂਦਿਆਂ ਨੂੰ ਇਹ ਵੀਰ ਗੁਰਬਖਸ਼ ਸਿੰਘ ਜੀ ਵੀ ਬਾਹਰੋਂ ਪ੍ਰਦੇਸਾਂ ਵਿਚੋਂ ਘਰ ਆ ਚੁਕੇ ਸਨ। ਪ੍ਰਦੇਸਾਂ ਵਿਚ ਰਹਿਣ ਕਰਕੇ ਅਤੇ ਕੁਸੰਗਤ ਦਾ ਪ੍ਰਭਾਵ ਵਧ ਜਾਣ ਕਰਕੇ, ਭਾਈ ਗੁਰਬਖਸ਼ ਸਿੰਘ ਜੀ ਦੀ ਉਹ ਟੀਸੀ ਵਾਲੀ ਆਤਮ-ਦਸ਼ਾ ਨਾ ਰਹੀ, ਕਈ ਪ੍ਰਕਾਰ ਦੀ ਰਹਿਤ ਰਹਿਣੀ ਤੋਂ ਖਿਸਕ ਗਏ, ਖਿਸਕ ਕੇ ਗੁਰਮਤਿ ਮੰਜ਼ਲ ਦੀ ਨੀਚਾਣ ਵਿਚ ਆ ਪਏ।

ਪ੍ਰਬਲ ਸਤਿਸੰਗ ਦੀ ਅੰਸ ਅਜੇ ਭਾਈ ਗੁਰਬਖਸ਼ ਸਿੰਘ ਜੀ ਦੇ ਰੋਮ ਰੋਮ ਵਿਚ ਠਾਠਾਂ ਮਾਰ ਰਹੀ ਸੀ, ਇਸ ਕਰਕੇ ਉਹ ਸੰਗਤ ਪੰਜਾਂ ਪਿਆਰਿਆਂ ਵਿਚ ਪੇਸ਼ ਹੋ ਕੇ ਫੇਰ ਸਾਵਧਾਨ ਹੋ ਗਏ। ਇਨ੍ਹਾਂ ਦੀ ਸਿੰਘਣੀ ਬੀਬੀ ਕਰਤਾਰ ਕੌਰ ਨੂੰ ਭੀ ਨਾਲ ਸਾਵਧਾਨ ਹੋਣਾ ਪਿਆ। ਇਹ ਬੜੀ ਹੀ ਸਿੱਧੀ ਸਾਦੀ ਲਟਬੌਰੀ ਦਸ਼ਾ ਵਾਲੀ ਬੀਬੀ ਨਿਕਲੀ, ਅੰਦਰ ਸਾਵਧਾਨਤਾ ਕਰਾਇਕੇ ਪੰਜਾਂ ਪਿਆਰਿਆਂ ਦੇ ਮੰਡਲ ਵਿਚ ਹੀ ਉਚੀ ਚਾਘਾਂ ਮਾਰਨ ਲਗ ਪਈ, ਭਾਈ ਗੁਰਬਖਸ਼ ਸਿੰਘ ਜੀ ਨੇ ਬੜੀ ਗੰਭੀਰਤਾ ਨਾਲ ਸਮਝਾ ਬੁਝਾਇਕੇ ਉਸ ਨੂੰ ਥਾਂਇ ਸਿਰ ਲਿਆਂਦਾ। ਉਸ ਦਿਨ ਤੋਂ ਪਿਛੋਂ ਇਨ੍ਹਾਂ ਨੇ ਆਪਣੇ ਨਗਰ 'ਕਮਾਲਪੁਰੇ' ਜਾ ਕੇ ਕਈ ਵਾਰੀ ਜਥੇ ਦੇ ਜੋੜ-ਮੇਲ ਕਰਾਏ। ਅਤੇ 'ਹਰਿਜਨੁ ਪਰਵਾਰੁ ਸਧਾਰੁ ਹੈ' ਗੁਰਵਾਕ ਅਨੁਸਾਰ ਸਾਰੇ ਪਰਿਵਾਰ ਨੂੰ ਤਿਆਰ-ਬਰ-ਤਿਆਰ ਸਜਾ ਲਿਆ। ਸਾਰੇ ਹੀ ਨਗਰ-ਨਿਵਾਸੀ ਇਨ੍ਹਾਂ ਦੇ ਪੂਰਨ ਅਨੁਸਾਰੀ ਸਨ, ਇਨ੍ਹਾਂ ਦੇ ਤੁਫੈਲ ਹੀ ਕਮਾਲਪੁਰੇ ਨਗਰ ਵਿਚ ਖਾਲਸਾ ਹਾਈ ਸਕਲ ਕਾਇਮ ਹੋਇਆ, ਜਿਸ ਦੇ ਭਾਈ ਗੁਰਬਖਸ਼ ਸਿੰਘ ਜੀ ਧਾਰਮਕ ਅਧਿਆਪਕ ਥਾਪੇ ਗਏ। ਜਦੋਂ ਵੀ ਅਤੇ ਜਿਥੇ ਵੀ ਜਥੇ ਵਲੋਂ ਅਖੰਡਪਾਠ ਜਾਂ ਅਖੰਡ ਕੀਰਤਨ ਸਮਾਗਮ ਹੋਵੇ, ਉਥੇ ਹੀ ਭਾਈ ਗੁਰਬਖਸ਼ ਸਿੰਘ ਜੀ ਅਵੱਸ਼ ਆ ਹਾਜ਼ਰ ਹੁੰਦੇ ਸਨ। ਦਿੱਲੀ, ਐਬਟਾਬਾਦ, ਕਸ਼ਮੀਰ ਆਦਿਕ ਦੂਰ ਦੁਰੇਡੇ ਦੇ ਸਮਾਗਮਾਂ ਵਿਚ ਹਰਦਮ ਸ਼ਾਮਲ ਹੁੰਦੇ ਰਹੇ। ਅਨਿੰਨ ਗੁਰਸਿੱਖੀ ਦੇ ਅਤੇ ਗੁਰਮਤਿ ਦੇ ਅਹਿਲ ਥੰਮ੍ਹ ਸਨ।

ਅਜੇ ਥੋੜ੍ਹੀ ਹੀ ਉਮਰ ਸੀ ਕਿ ਇਨ੍ਹਾਂ ਦੇ ਅਕਾਲ ਚਲਾਣੇ ਦਾ ਸਮਾਂ ਨੇੜੇ ਆ ਢੁਕਿਆ। ਸਾਨੂੰ ਤਾਂ ਇਸ਼ਾਰੇ ਮਾਤਰ ਦਸ ਹੀ ਦਿਆ ਕਰਦੇ ਸਨ ਕਿ ਹੁਣ ਤਿਲ ਥੋੜੜੇ ਹੀ ਬਾਕੀ ਹਨ। ਸਿਹਤ ਇਨ੍ਹਾਂ ਦੀ ਬੜੀ ਹੀ ਚੰਗੀ ਰਿਸ਼ਟ ਪੁਸ਼ਟ ਸੀ, ਪਰ ਜਦੋਂ ਧੁਰ ਦੇ ਸਦੜੇ ਆਉਂਦੇ ਹਨ ਓਦੋਂ ਸੜੀਆਂ ਸਿਹਤਾਂ ਅਤੇ ਰਿਸ਼ਟਤਾਈਆਂ ਪੁਸ਼ਟਤਾਈਆਂ ਸਭ ਲਾਚਾਰ ਹੋ ਜਾਂਦੀਆਂ ਹਨ। ਅਸੀਂ ਇਕ ਦਿਨ ਆਪਣੀ ਲੈਅ ਅਨੰਦ ਵਿਚ ਹੀ ਨਾਰੰਗਵਾਲ ਆਪਣੇ ਬੁੰਗਿਆਂ ਤੇ ਮਸਤ ਬੈਠੇ ਸਾਂ ਕਿ ਕਮਾਲਪੁਰੇ ਤੋਂ ਭਾਈ ਗੁਰਬਖਸ਼ ਸਿੰਘ ਜੀ ਦਾ ਬੜਾ ਸਪੁੱਤਰ 'ਕਾਕਾ ਹਰਿਚਰਨ ਸਿੰਘ' ਬੜਾ ਘਬਰਾਇਆ ਹੋਇਆ ਆਇਆ ਤੇ ਕਹਿਣ ਲੱਗਾ ਕਿ ਬਾਪੂ ਜੀ, (ਭਾਈ ਗੁਰਬਖਸ਼ ਸਿੰਘ ਜੀ) ਬੜੇ ਬੇਚੈਨ ਹਨ ਤੇ ਆਪ ਜੀ ਨੂੰ ਯਾਦ ਕਰਦੇ ਹਨ, ਤੇ ਕਸ਼ਟ-ਨਵਿਰਤੀ ਲਈ ਅਰਦਾਸ ਕਰਨ ਲਈ ਯਾਚਨਾ ਕੀਤੀ ਹੈ। ਉਹ ਕਾਕਾ ਤਾਂ ਇਹ ਸੰਦੇਸਾ ਦੇ ਕੇ ਤੁਰਤ ਫੁਰਤ ਹੀ ਪਿਛੇ ਮੁੜ ਗਿਆ, ਪਿਛੋਂ ਅਸੀਂ ਸਤਿਗੁਰੂ ਦੇ ਹਜ਼ੂਰ ਅਰਦਾਸਾ ਸੋਧ ਕੇ ਉਨ੍ਹਾਂ ਦੇ ਨਮਿਤ ਯਾਚਨਾ ਕੀਤੀ ਅਤੇ ਉਹੀ ਯਾਚਨਾ ਅਰਦਾਸ ਵਾਲਾ ਸਮਾਂ ਹੀ ਸੀ ਕਿ ਉਧਰ ਕਮਾਲਪੁਰੇ ਵਿਖੇ ਭਾਈ ਗੁਰਬਖਸ਼ ਸਿੰਘ ਜੀ ਚੜ੍ਹਾਈਆਂ ਕਰ ਗਏ ਤੇ ਸਦੀਵੀ ਕਸ਼ਟ-ਨਵਿਰਤੀ ਦੀ ਥਾਪਨਾ ਲੈ ਗਏ। ਤਾਬੜ ਤੋੜ ਹੋਰ ਸਦੜਾ ਨਾਰੰਗਵਾਲ ਬੈਠਿਆ ਆ ਗਿਆ

(ਬਾਕੀ ਪੰਨਾ 34 ਤੇ)

# ਅਮਰ ਗਾਥਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 13)*

ਸ਼ਾਨ.........................................।

***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

***ਧਾਰਨਾ - ਕੋਈ ਨਾਉਂ ਨਾ ਜਾਣੇ ਮੇਰਾ,***
***ਗੁਰੂ ਜੀ ਸਭ ਤੇਰੀ ਵਡਿਆਈ ਹੈ -2, 2.***
***ਸਭ ਤੇਰੀ ਵਡਿਆਈ ਹੈ -4, 2.***
***ਕੋਈ ਨਾਉ ਨਾ ਜਾਣੇ ਮੇਰਾ .........-2.***

***ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ॥***
***ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ॥***
***ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ॥***
***ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ॥***
***ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ॥***
***ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ॥***
***ਓਹੁ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥***
***ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗ ਮਾਣੀ॥***
***ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥***
***ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥***
***ਪੰਨਾ - 383***

***ਧਾਰਨਾ - ਕੋਈ ਨਾਉ ਨ ਜਾਣੇ ਮੇਰਾ***
***ਗੁਰੂ ਜੀ ਸਭ ਤੇਰੀ ਵਡਿਆਈ ਹੈ - 2, 2.***
***ਸਭ ਤੇਰੀ ਵਡਿਆਈ ਹੈ - 4, 2.***
***ਕੋਈ ਨਾਉ ਨ ਜਾਣੇ ਮੇਰਾ ,......-2.***

***ਧਾਰਨਾ - ਮੈਨੂੰ ਦਸਿਓ ਸੁਹਾਗਣਿ ਸਹੀਓ,***
***ਕਿਵੇਂ ਤੁਸੀਂ ਰਾਵਿਆ ਕੰਤ ਪਿਆਰਾ -2, 2.***

ਸਾਧ ਸੰਗਤਿ ਜੀ! ਗੱਜ ਕੇ ਬੋਲਣਾ 'ਸਤਿਨਾਮੁ ਸ੍ਰੀ ਵਾਹਿਗੁਰੂ'। ਦੂਰ ਦਰਾਜ਼ ਤੋਂ ਮੌਸਮ ਦੀ ਖਰਾਬੀ ਦੇ ਬਾਵਜੂਦ ਬਹੁਤ ਸਾਰੀਆਂ ਸੰਗਤਾਂ ਗੁਰੂ ਦਰਬਾਰ ਵਿਚ ਹਾਜ਼ਰ ਹੋਈਆਂ ਹਨ। ਭਾਵੇਂ ਬਾਰਸ਼ ਹੋ ਰਹੀ ਹੈ, ਬਾਹਰ ਪਾਣੀ ਹੀ ਪਾਣੀ ਨਜ਼ਰ ਆਉਂਦਾ ਹੈ ਪਰ ਫੇਰ ਵੀ ਸੰਕੋਚ ਕੇ ਆਰਾਮ ਨਾਲ ਬੈਠੋ ਤੇ ਸ਼ਬਦ ਵਿਚ ਸਭ ਬੋਲਣ ਦਾ ਯਤਨ ਕਰਿਆ ਕਰੋ। ਧਾਰਨਾ ਨੂੰ ਸਮਝਿਆ ਕਰੋ। ਸਿੱਧੀਆਂ ਧਾਰਨਾਂ ਨੇ, ਕੋਈ ਔਖੀ ਬਾਨੀ ਨਹੀਂ ਹੈ। ਔਖੀ ਬਾਣੀ ਹੋਵੇ ਤਾਂ ਭੁਲੇਖਾ ਲਗ ਜਾਇਆ ਕਰਦਾ ਹੈ। ਆਮ ਵਰਤੋਂ ਵਿਚ ਆਉਣ ਵਾਲੀਆਂ ਹਨ।

ਪਿਛਲੇ ਸੱਤ ਦੀਵਾਨਾਂ ਵਿਚ ਲਗਾਤਾਰ ਇਕ ਸਵਾਲ ਚੱਲ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਵੇਲੇ ਇਕ ਗੁਰਸਿਖ ਮਨਸੁਖ ਨਾਮ ਦਾ ਲੰਕਾ ਵਿਚ ਵਪਾਰ ਕਰਨ ਗਿਆ। ਉਸ ਦਾ ਉਪਦੇਸ਼ ਸੁਣ ਕੇ ਉਥੋਂ ਦਾ ਜੋ ਰਾਜਾ ਸ਼ਿਵਨਾਭ ਸੀ, ਉਹ ਪ੍ਰੇਮੀ ਹੋ ਗਿਆ। ਐਨਾ ਗੁਰੂ ਨਾਨਕ ਪਾਤਸ਼ਾਹ ਨਾਲ ਪਿਆਰ ਕੀਤਾ, ਐਨੀ ਖਿੱਚ ਪਾਈ ਕਿ ਪ੍ਰੇਮ ਦੇ ਵਸੀਭੂਤ ਹੋ ਕੇ ਗੁਰੂ ਨਾਨਕ ਪਾਤਿਸ਼ਾਹ ਪੰਜਾਬ ਤੋਂ ਚੱਲ ਕੇ ਸਨੇ-ਸਨੇ ਉਸ ਰਾਜੇ ਦੀ ਰਾਜਧਾਨੀ ਵਿਚ ਪਹੁੰਚੇ ਤੇ ਓਥੇ ਬਹੁਤ ਪ੍ਰੀਖਿਆ ਆਪ ਦੀ ਰਾਜਾ ਸ਼ਿਵਨਾਭ ਨੇ ਲਈ। ਜਦੋਂ ਠੀਕ ਤਰ੍ਹਾਂ ਦੇ ਨਾਲ ਉਸ ਦਾ ਮਨ ਮੰਨ ਗਿਆ ਕਿ ਇਹ ਸੱਚਮੁੱਚ ਗੁਰੂ ਨਾਨਕ ਪਾਤਿਸ਼ਾਹ ਹੀ ਨੇ, ਉਸ ਵੇਲੇ ਫੇਰ ਉਸ ਨੇ ਆਪਣਾ ਤਨ, ਮਨ, ਧਨ ਸਭ ਕੁਛ ਗੁਰੂ ਦੇ ਅਰਪਣ ਕਰ ਦਿਤਾ। ਸਾਡੀ ਤੇ ਗੁਰੂ ਦੀ ਕਿਉਂ ਨਹੀਂ ਬਣਦੀ? ਕਿਉਂਕਿ ਅਸੀਂ ਆਪਣੇ ਅਖੌਤੀ ਪਿਆਰ ਵਿਚ ਸੰਕੋਚ ਰੱਖਦੇ ਹਾਂ, ਪਨ੍ਹਾ ਰੱਖਦੇ ਹਾਂ, ਵਿੱਥ ਰੱਖਦੇ ਹਾਂ, ਫਰਕ ਰੱਖਦੇ ਹਾਂ। ਗੁਰੂ ਤੋਂ ਲੈਂਦੇ ਸਭ ਕੁਛ ਹਾਂ ਕਿ ਆਹ ਵੀ ਮੇਰਾ ਹੋ ਜਾਏ, ਇਹ ਵੀ ਹੋ ਜਾਏ ਪਰ ਗੁਰੂ ਦੇ ਨਾਲ ਪਿਆਰ ਨਹੀਂ ਕਰਦੇ। ਸੰਸਾਰ ਦੇ ਪਿਆਰ ਦੀ ਰੀਤਿ ਇਹ ਹੈ ਕਿ ਪਿਆਰ ਵਾਲਾ ਕਦੇ ਵੀ ਕੁਛ ਨਹੀਂ ਲਿਆ ਕਰਦਾ, ਦਿਆ ਕਰਦਾ ਹੈ। ਪਿਆਰ ਦਾ ਸੁਭਾਅ ਮੰਗਣਾ ਨਹੀਂ ਹੈ, ਪਿਆਰ ਦਾ ਸੁਭਾਅ ਹੈ - ਕੁਰਬਾਨੀ ਕਰਦੇ ਚਲੇ ਜਾਣਾ। ਇਥੋਂ ਤੱਕ ਕਿ ਆਪਣਾ ਆਪ ਵੀ ਸਾਰਾ ਵੇਚ ਦੇਣਾ। ਜਦ ਵਿਕ ਜਾਂਦਾ ਹੈ ਉਸ ਵੇਲੇ ਗੁਰੂ ਤੇ ਜੋ ਸ਼ਰਧਾ ਹੁੰਦੀ ਹੈ, ਗੁਰੂ ਆਪਣੇ ਪਿਆਰੇ ਦੇ ਵਿਚ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੰਦਾ ਹੈ। ਫੇਰ ਆਪਣੇ ਵਰਗਾ ਬਣਾ ਲਿਆ ਕਰਦਾ ਹੈ, ਕੋਈ ਭੇਤ ਨਹੀਂ ਰਿਹਾ ਕਰਦਾ। ਅਸੀਂ ਇਸ ਗੱਲ ਨੂੰ ਸਮਝ ਨਹੀਂ ਸਕੇ। ਆਪਣਾ ਆਪ ਬਚਾ ਕੇ ਰੱਖਦੇ ਹਾਂ, ਆਪਣੇ ਆਪ ਦੇ ਵਿਚ ਚਲਦੇ ਹਾਂ, ਸਾਡੀ ਆਪਣੀ ਹਿਕਮਤ, ਆਪਣੀ ਦਲੀਲ ਹੈ ਕਿ ਜੋ ਕੁਛ ਕਰਦੇ ਹਾਂ ਅਸੀਂ ਆਪ ਕਰਦੇ ਹਾਂ। ਮਹਾਰਾਜ ਕਹਿੰਦੇ ਨੇ ਕਿ ਗੁਰੂ ਵਾਲਾ ਜੋ ਬੰਦਾ ਹੈ ਉਹ ਇਸ ਤਰ੍ਹਾਂ ਨਹੀਂ ਸੋਚਦਾ। ਉਹ ਅਪਣੇ ਆਪਾ ਭਾਵ (ਮੈਂ-ਮੇਰੀ) ਨੂੰ ਛੱਡ ਦਿੰਦਾ ਹੈ -

***ਆਪੁ ਛਡਿ ਸਦਾ ਰਹੈ ਪਰਨੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥***
***ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥***
***ਪੰਨਾ - 919***

ਜਿਹੜਾ ਆਪਣਾ ਆਪ ਗੁਰੂ ਤੇ ਛੱਡ ਦਿੰਦਾ ਹੈ, ਉਹ ਤਾਂ ਇਹ ਕਹਿੰਦਾ ਹੈ ਕਿ ਤੇਰੀ ਮਰਜ਼ੀ ਹੈ; ਦੁੱਖ ਵੀ ਤੇਰੀ ਮਰਜ਼ੀ ਵਿਚ ਆਉਂਦਾ ਹੈ, ਸੁੱਖ ਵੀ ਤੇਰੀ ਮਰਜ਼ੀ ਵਿਚ ਆਉਂਦਾ ਹੈ, ਨਿੰਦਿਆ ਵੀ ਤੇਰੀ ਰਜ਼ਾਅ ਵਿਚ ਆਉਂਦੀ ਹੈ, ਉਸਤਤ ਵੀ ਤੇਰੀ ਰਜ਼ਾਅ ਵਿਚ ਆਉਂਦੀ ਹੈ। ਜਿਵੇਂ ਤੈਨੂੰ ਭਾਉਂਦਾ ਹੈ ਮੈਨੂੰ ਠੀਕ ਹੈ -

***ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ॥***
***ਪੰਨਾ - 349***

ਚਾਹੇ ਤਾਂ ਧੱਕੇ ਮਾਰ ਕੇ ਮੈਨੂੰ ਕਢਾਉਂਦਾ ਚਲਿਆ ਜਾ, ਚਾਹੇ ਮੈਨੂੰ ਪਿਆਰ ਕਰ ਲੈ; ਇਕ ਵਡਿਆਈ ਮੈਨੂੰ ਜ਼ਰੂਰ ਦੇਹ। ਇਹ ਸਾਰਾ ਕੁਝ ਤੇਰੀ ਰਜ਼ਾਅ ਵਿਚ ਹੀ ਹੈ। ਜੇ ਧੱਕੇ ਵੀ ਮਾਰੇਂਗਾ ਤਾਂ ਵੀ ਮੈਂ ਸਮਝਾਂਗਾ ਕਿ ਮੈਂ ਤੇਰੀ ਨਿਗਾਹ ਵਿਚ ਹਾਂ, ਐਨਾ ਹੀ ਮੈਨੂੰ ਨਸ਼ਾ ਬਹੁਤ ਹੈ ਕਿ ਤੇਰੀ ਨਿਗਾਹ ਵਿਚ ਆ ਗਿਆ, ਤਾਂ ਹੀ ਧੱਕੇ ਮਰਵਾਏ ਨੇ। ਜੇ ਵਡਿਆਈ ਕਰਾ ਦੇਵੇਂਗਾ, ਪਿਆਰ ਕਰੇਂਗਾ ਤਾਂ ਵੀ ਤੇਰੀ ਵਡਿਆਈ ਹੈ; ਦੋਵੇਂ ਚੀਜ਼ਾਂ ਮਨਜ਼ੂਰ ਹਨ ਕਿਉਂਕਿ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ – 1102***

ਸੋ ਇਸ ਤਰ੍ਹਾਂ ਰਾਜਾ ਸ਼ਿਵਨਾਭ ਨੇ, ਆਪਣਾ ਆਪ ਅਰਪਣ ਕਰ ਦਿਤਾ।

***ਮਨੁ ਬੇਚੈ ਸਤਿਗੁਰ ਕੈ ਪਾਸਿ॥***
***ਤਿਸੁ ਸੇਵਕ ਕੇ ਕਾਰਜ ਰਾਸਿ॥ ਪੰਨਾ – 286***

ਜਿਹੜਾ ਆਪਣਾ ਮਨ ਵੇਚ ਦਿੰਦਾ ਹੈ ਗੁਰੂ ਉਸ ਦੇ ਸਾਰੇ ਹੀ ਕਾਰਜ ਰਾਸ ਕਰਦਾ ਹੈ –

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ॥ ਪੰਨਾ – 638***

ਜਿਸ ਦਾ ਨਾਮ ਦੇ ਨਾਲ ਪਿਆਰ ਪੈ ਜਾਂਦਾ ਹੈ, ਗੁਰੂ ਉਨ੍ਹਾਂ ਦੇ ਕੰਮ ਆਪ ਕਰਦਾ ਹੈ ਤੇ ਗੁਰੂ ਦਾ ਸਿੱਖ, ਗੁਰੂ ਤੋਂ ਬਗੈਰ ਜਿਉਂਦਾ ਨਹੀਂ ਰਿਹਾ ਕਰਦਾ –

***ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥***
***ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ***
***ਤਿਉ ਸਿਖੁ ਗੁਰ ਬਿਨੁ ਮਰਿ ਜਾਈ॥***
***ਪੰਨਾ – 757***

ਕਿਉਂਕਿ ਪਿਆਰ ਦੀ ਬਾਤ ਹੈ। ਮੱਛੀ ਦਾ ਪਿਆਰ ਪਾਣੀ ਨਾਲ ਪੈ ਗਿਆ; ਇਕ ਸਕਿੰਟ ਵਾਸਤੇ ਵੀ ਬਾਹਰ ਕੱਢੋ, ਤੜਪਣਾ ਸ਼ੁਰੂ ਕਰ ਦਿੰਦੀ ਹੈ, ਜਿਉਂਦੀ ਨਹੀਂ ਰਿਹਾ ਕਰਦੀ। ਇਸੇ ਤਰ੍ਹਾਂ ਜਿਹੜਾ ਗੁਰੂ ਦਾ ਸਿੱਖ ਹੈ, ਉਹ ਗੁਰੂ ਦੇ ਹੁਕਮ ਵਿਚ, ਰਜ਼ਾਅ ਵਿਚ ਚਲਦਾ ਹੈ, ਆਪਣਾ ਆਪ ਸਭ ਗੁਰੂ ਨੂੰ ਸੌਂਪ ਦਿੰਦਾ ਹੈ। ਉਹ ਗੁਰੂ ਬਿਨਾਂ ਰਹਿ ਨਹੀਂ ਸਕਦਾ।

ਸੋ ਉਸ ਸਮੇਂ ਰਾਜਾ ਸ਼ਿਵਨਾਭ ਨੇ ਗੁਰੂ ਨਾਨਕ ਪਾਤਸ਼ਾਹ ਪਾਸ ਬੇਨਤੀ ਕੀਤੀ ਕਿ ਪਾਤਸ਼ਾਹ! ਮੈਨੂੰ ਉਹ ਰਸਤਾ ਦੱਸੋ ਜਿਥੋਂ ਮੈਂ ਤੁਹਾਡੇ ਨਾਲੋਂ ਵਿਛੁੜਾਂ ਨਾ, ਆਪਣਾ ਵਿਛੋੜਾ ਨਾ ਹੋਵੇ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਸੰਤਾਂ ਦੇ ਕੋਲ ਰਹੀਏ ਤਾਂ ਉਨ੍ਹਾਂ ਦਾ ਵਿਛੋੜਾ ਨਹੀਂ ਹੁੰਦਾ ਲੇਕਿਨ ਇਹ ਬਾਤ ਯਥਾਰਥ ਨਹੀਂ ਹੈ। ਸੰਤ ਜਿਸ ਰੂਹਾਨੀ ਮੰਜ਼ਲ ਦੇ ਵਾਸੀ ਹਨ, ਜੇ ਤਾਂ ਉਸੇ ਰੂਹਾਨੀ ਉਚਤਾ ਨੂੰ ਪ੍ਰਾਪਤ ਕਰ ਲਵੇ ਫੇਰ ਤਾਂ ਵਿਛੋੜਾ ਨਹੀਂ ਹੁੰਦਾ। ਜੇ ਗਲਤ ਸਮਝ ਲਵੇ ਕਿ ਸੰਤ ਸਰੀਰ ਹੁੰਦਾ ਹੈ ਤਾਂ ਸਰੀਰ ਤਾਂ ਰਿਹਾ ਨਹੀਂ ਕਰਦਾ ਕਿਸੇ ਦਾ ਵੀ, ਸਰੀਰ ਤਾਂ ਪ੍ਰਕ੍ਰਿਤੀ ਦੇ ਪੰਜਾਂ ਤੱਤਾਂ – ਮਿੱਟੀ, ਪਾਣੀ, ਅਗਨੀ, ਹਵਾ ਤੇ ਅਕਾਸ਼ ਤੋਂ ਬਣਦਾ ਹੈ ਇਸ ਦੀਆਂ ਤਿੰਨ ਅਵਸਥਾ ਹਨ – ਬਾਲ, ਜੁਆਨੀ ਅਤੇ ਬੁਢੇਪਾ। ਇਸ ਪਿਛੋਂ ਮੌਤ ਅਵੱਸ਼ ਆਉਂਦੀ ਹੈ। ਜੀਵ–ਆਤਮਾ ਸਰੀਰ ਛੱਡ ਕੇ ਕਰਮਾਂ ਅਨੁਸਾਰ ਆਵਾਗਉਣ ਦੇ ਚੱਕਰ ਵਿਚ ਘੁੰਮਦੀ ਵਿਛੁੜ ਜਾਇਆ ਕਰਦੀ ਹੈ। ਵਿਛੋੜਾ ਤਾਂ ਅਵੱਸ਼ ਹੋਇਆ ਹੀ ਕਰਦਾ ਹੈ। ਕਬੀਰ ਸਾਹਿਬ ਨੂੰ ਪੁੱਛਿਆ, ਮਹਾਰਾਜ! ਤੁਸੀਂ ਕਿਥੇ ਰਹਿੰਦੇ ਹੋ, ਕਮ–ਜ਼–ਕਮ ਦੱਸ ਤਾਂ ਦਿਓ? ਕਬੀਰ ਸਾਹਿਬ ਕਹਿੰਦੇ, ਜਿਥੇ ਅਸੀਂ ਰਹਿੰਦੇ ਹਾਂ ਤੈਨੂੰ ਪਤਾ ਹੀ ਨਹੀਂ ਹੈ, ਅਸੀਂ ਤਾਂ–

***ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥***
***ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥***
***ਪੰਨਾ – 1372***

ਜਿਥੇ ਗੰਗਾ ਤੇ ਜਮੁਨਾ ਦਾ ਮਿਲਾਪ ਹੁੰਦਾ ਹੈ ਤੇ ਸੁੰਨ ਦਾ ਘਾਟ ਹੈ, ਅਫੁਰ ਅਵਸਥਾ ਹੈ, ਜਿਥੇ ਇੜਾ ਪਿੰਗਲਾ ਸੁਖਮਨਾ ਦੋਹਾਂ ਤੋਂ ਪਰ੍ਹੇ ਦਸਵੇਂ ਦੁਆਰ ਦੇ ਵਿਚ ਜਿਥੇ ਅਫੁਰ ਅਵਸਥਾ ਹੈ, ਜਿਸਨੂੰ ਸੁੰਨ ਮੰਡਲ ਕਹਿੰਦੇ ਨੇ, ਉਹ ਘਾਟ ਲੰਘ ਕੇ ਅਸੀਂ ਨਿਰਮਲ ਬ੍ਰਹਮ ਦੇ ਵਿਚ ਪਰਵੇਸ਼ ਕਰ ਲਿਆ ਹੈ। ਉਥੇ ਸਾਡੀ ਰਿਹਾਇਸ਼ ਹੈ ਤੇ ਉਸ ਦੇ ਰਸਤੇ ਦੀ ਖੋਜ ਮੁਨੀਜਨ ਕਰ ਰਹੇ ਹਨ। ਰਿਸ਼ੀ ਵੀ ਖੋਜਦੇ ਹਨ ਪਰ ਲੱਭਦਾ ਨਹੀਂ ਹੈ ਕਿਉਂਕਿ ਉਸ ਰਸਤੇ ਨੂੰ ਕੋਈ ਜਾਣਦਾ ਨਹੀਂ ਹੈ; ਜੇ ਜਾਣ ਜਾਏ ਤਾਂ ਸਾਡੇ ਨਾਲ ਮਿਲਾਪ ਹੋ ਜਾਵੇ।

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪ੍ਰੇਮੀਆ! ਸੰਤਾਂ ਨਾਲ, ਗੁਰੂਆਂ ਨਾਲ ਮਿਲਾਪ ਏਸ ਸਰੀਰ ਵਿਚ ਨਹੀਂ ਹੋਇਆ ਕਰਦਾ। ਜਿਥੇ ਸੰਤ ਰਹਿੰਦੇ ਹਨ, ਜੇ ਉਸ ਥਾਂ ਦੀ ਜਾਂਚ ਆ ਜਾਵੇ ਫੇਰ ਵਿਛੋੜਾ ਕਦੇ ਨਹੀਂ ਹੋਇਆ ਕਰਦਾ। ਸੰਤ ਜਿਥੇ ਰਹਿੰਦੇ ਹਨ ਉਸ ਨੂੰ 'ਨਿਜ ਘਰੁ' ਕਹਿੰਦੇ ਹਨ, ਚੌਥਾ ਪਦ ਕਹਿੰਦੇ ਹਨ, 'ਥਿਰੁ ਘਰੁ' ਕਹਿੰਦੇ ਨੇ, ਸੋ ਘਰੁ ਕਹਿੰਦੇ ਨੇ –

***ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥***
***ਪੰਨਾ – 6***

ਉਸ ਘਰ ਵਿਚ ਜੇ ਚਲੇ ਜਾਈਏ ਤਾਂ ਸੰਤਾਂ ਨਾਲੋਂ ਕਦੇ ਵਿਛੋੜਾ ਨਹੀਂ ਹੁੰਦਾ। ਜੇ ਪ੍ਰਕ੍ਰਿਤੀ ਦੇ ਮੰਡਲ ਵਿਚ ਰਹੀਏ, ਮਾਇਆ ਮੰਡਲ ਵਿਚ ਰਹੀਏ, ਅੱਖਾਂ ਦੇ ਨਾਲ ਦੇਖਣ ਦਾ ਯਤਨ ਕਰੀਏ ਤਾਂ ਸਾਨੂੰ ਮਿਲਾਪ ਨਹੀਂ ਹੋਇਆ ਕਰਦਾ। ਗੁਰੂ ਨਾਨਕ ਪਾਤਿਸ਼ਾਹ ਕਹਿਣ ਲੱਗੇ, ਰਾਜਨ! ਜਿਥੇ ਅਸੀਂ ਰਹਿੰਦੇ ਹਾਂ, ਉਸ ਥਾਂ ਤੇ ਪਹੁੰਚਣ ਲਈ ਅਨੇਕ ਰਸਤੇ ਹਨ। ਸੋ ਗੁਰੂ ਨਾਨਕ ਪਾਤਸ਼ਾਹ ਨੇ, ਹਠ ਦੇ ਨਾਲ ਜੋ ਹਠ–ਯੋਗ ਕਰਦੇ ਸੀ, ਤਪ ਸਾਧਦੇ ਸੀ, ਧੂਣੀਆਂ ਤਾਪਦੇ ਸੀ, ਪੁੱਠੇ ਲਟਕਦੇ ਸੀ, ਘਾਹ ਫੂਸ ਖਾ ਕੇ ਗੁਜ਼ਾਰਾ ਕਰਦੇ ਸੀ, ਰੋੜਾਂ ਦੀ ਸੇਜਾ ਵਿਛਾ ਕੇ ਸੌਂਦੇ ਸੀ, ਅੱਕ ਦਾ ਆਹਾਰ ਕਰਦੇ ਸੀ, ਉਸ ਰਸਤੇ ਬਾਰੇ ਦੱਸਿਆ ਕਿ ਬੜਾ ਹੀ ਕਠਿਨ ਰਸਤਾ ਹੈ, ਕੀੜੀ ਮਾਰਗ ਹੈ। ਪ੍ਰੇਮੀਆ! ਹੱਠ ਯੋਗ ਦੇ ਸਾਧਨ ਕਰਨ ਵਾਲਾ, ਸਰੀਰਕ ਤਪ ਕਰਨ ਵਾਲਾ ਬਹੁਤ ਮੁਸ਼ਕਲ ਨਾਲ ਪਹੁੰਚਦਾ ਹੈ, ਸੈਂਕੜੇ ਜਨਮ ਲਗ ਜਾਂਦੇ ਨੇ ਪਹੁੰਚਣ ਵਾਸਤੇ। ਦੂਸਰਾ ਆਪ ਨੇ ਕ੍ਰਿਪਾ ਦੇ ਨਾਲ ਫੁਰਮਾਇਆ ਕਿ ਇਸ ਤੋਂ ਅੱਗੇ

'ਕਸ਼ਟ ਯੋਗ' ਹੈ, ਇਹ ਹਠ-ਯੋਗ ਹੈ। ਕਸ਼ਟ ਯੋਗ (ਰਾਜ ਯੋਗ) ਦੇ ਵਾਸਤੇ ਸਾਰੇ ਭੇਤ ਦੱਸੇ। ਇਹ ਵੀ ਕਿਹਾ ਕਿ ਇਹਦੇ ਵਿਚ ਵੀ ਪਹੁੰਚਣਾ ਜ਼ਰਾ ਔਖਾ ਹੈ, ਸੁਖਾਲਾ ਨਹੀਂ ਪਹੁੰਚਿਆ ਜਾਂਦਾ। ਪਿਛਲੇ ਦੀਵਾਨ ਦੇ ਅੰਦਰ ਆਪ ਨੇ ਸ੍ਰਵਣ ਕੀਤਾ ਸੀ ਕਿ ਬਾਬਾ ਫਰੀਦ ਦਾ ਸਰੀਰ ਸੁੱਕ ਗਿਆ, ਕਾਵਾਂ ਨੇ ਮੁਰਦਾ ਸਮਝ ਕੇ ਉਹਨੂੰ ਆ ਕੇ ਠੂੰਗਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਲੇਕਿਨ ਪਰਮੇਸ਼ਰ ਤਾਂ ਮਿਲਿਆ ਨਾ ਕਿਉਂਕਿ ਰਸਤਾ ਗਲਤ ਸੀ, ਲੰਮਾ ਰਾਹ ਸੀ ਤੇ ਫੇਰ ਉਸ ਨੂੰ ਸੋਝੀ ਪਈ ਕਿ ਪ੍ਰੇਮੀਆ! ਪਹਿਲਾਂ ਤਾਂ ਇਹ ਦੇਖ ਕਿ ਜਿਸ ਨੂੰ ਤੂੰ ਮਿਲਣਾ ਚਾਹੁੰਦਾ ਹੈਂ, ਉਹ ਰਹਿੰਦਾ ਕਿਥੇ ਹੈ? ਉਹ ਜੰਗਲਾਂ ਵਿਚ ਨਹੀਂ ਹੈ, ਪਹਾੜਾਂ ਦੀਆਂ ਬਰਫਾਨੀ ਚੋਟੀਆਂ ਉਤੇ ਨਹੀਂ ਹੈ, ਸਮੁੰਦਰਾਂ ਵਿਚ ਨਹੀਂ ਹੈ; ਉਹ ਹਿਰਦੇ ਵਿਚ ਵਸਦਾ ਹੈ, ਹਰ ਥਾਂ, ਹਰ ਇਕ ਦੇ ਅੰਦਰ ਬਾਹਰ ਵਸਦਾ ਹੈ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***

***ਪੰਨਾ - 1378***

ਉਹ ਤਾਂ ਤੇਰੇ ਅੰਦਰ ਵਸਦਾ ਹੈ, ਤੇਰੇ ਨਾਲ ਰਹਿੰਦਾ ਹੈ, ਤੂੰ ਬਾਹਰ ਟੋਲ੍ਹਦਾ ਫਿਰਦਾ ਹੈਂ। ਇਨ੍ਹਾਂ ਅੱਖਾਂ ਦੇ ਨਾਲ ਉਹ ਨਹੀਂ ਦਿਸਦਾ, ਉਹ ਅੱਖਾਂ ਹੋਰ ਨੇ। ਉਹ ਤਾਂ ਤੇਰੇ ਅੰਦਰ ਝਾਕਣ ਵਾਲੀਆਂ ਅੱਖਾਂ ਨੇ। ਇਹਨਾਂ ਕੰਨਾਂ ਦੇ ਨਾਲ ਉਸ ਦਾ ਸ਼ਬਦ ਨਹੀਂ ਸੁਣਨਾ, ਇਹ ਤਾਂ ਬਾਹਰਲੀ ਆਵਾਜ਼ ਆਕਾਸ਼ ਦੇ ਰਾਹੀਂ ਸੁਣਦੇ ਨੇ ਲੇਕਿਨ ਜੋ ਅੰਦਰਲੀ ਆਵਾਜ਼ ਹੈ ਉਸ ਨੂੰ ਸੁਣਨ ਵਾਲੇ ਕੰਨ ਹੋਰ ਨੇ, ਉਨ੍ਹਾਂ ਨੂੰ ਦਿਬਯ ਕੰਨ ਕਹਿੰਦੇ ਨੇ। ਉਹ ਕੰਨ ਜੇ ਤੈਨੂੰ ਪ੍ਰਾਪਤ ਹੋ ਜਾਣ ਫੇਰ ਤੂੰ ਉਸ ਦੀ ਗੱਲ ਵੀ ਸੁਣ ਸਕੇਂਗਾ। ਉਹ ਰਸਨਾ ਹੋਰ ਹੈ ਜਿਹੜੀ ਉਸ ਦੇ ਨਾਮ ਜਪਣ ਦਾ ਸੁਆਦ ਮਾਣਦੀ ਹੈ। ਮਹਾਨ ਰਸ, ਜਿਸਨੂੰ 'ਅੰਮ੍ਰਿਤ ਰਸ' ਕਹਿੰਦੇ ਨੇ ਉਸ ਨੂੰ ਮਾਣਦੀ ਹੈ, ਉਸ ਰਸਨਾ ਦਾ ਨਾਮ ਦਿਬਯ ਰਸਨਾ ਹੈ।

ਜਿਹੜੀ ਉਸ ਦੀ ਸੁਗੰਧੀ ਲੈਂਦੀ ਹੈ, ਉਸ ਨੂੰ ਦਿਬਯ ਨਾਸਕਾ ਕਹਿੰਦੇ ਹਨ। ਜਿਹੜੀ ਦੇਹੀ ਪ੍ਰਭੂ ਮਿਲਾਪ ਦਾ ਦੇਹ ਸਪਰਸ਼ ਲੈਂਦੀ ਹੈ ਉਹ ਦਿਬਯ ਸਪਰਸ਼ ਤੇਰੇ ਅੰਦਰ ਹੀ ਹੈ। ਬਾਹਰਲੀਆਂ ਇੰਦ੍ਰੀਆਂ ਦਾ ਸਪਰਸ਼ ਤੈਨੂੰ ਹਨ੍ਹੇਰੇ ਵਿਚ ਲੈ ਜਾਏਗਾ, ਤੇ ਤੂੰ ਇਸ ਨੂੰ ਜਾਨਣ ਦੀ ਕੋਸ਼ਿਸ਼ ਕਰ। ਸੋ ਗੁਰੂ ਮਹਾਰਾਜ ਨੇ ਬੜੇ ਹੀ ਵਿਸਥਾਰ ਨਾਲ ਇਸ ਵਸਤੂ ਦੇ ਬਾਰੇ ਉਸ ਨੂੰ ਜਾਣੂ ਕਰਾਇਆ ਤੇ ਫੇਰ ਸੁਖਾਲਾ ਰਸਤਾ ਫੁਰਮਾਇਆ। ਕਹਿਣ ਲੱਗੇ, ਰਾਜਨ! ਉਹ ਰਸਤਾ ਹੋਰ ਹੈ। ਉਹ ਇਉਂ ਹੈ ਜਿਵੇਂ ਕਿਸੇ ਦਰਖਤ ਤੇ ਫਲ ਲੱਗਿਆ ਹੋਵੇ ਤੇ ਪੰਛੀ ਨੂੰ ਪਤਾ ਲੱਗ ਜਾਏ। ਉਹ ਉਡਾਰੀ ਮਾਰ ਕੇ ਉਸ ਦਰਖਤ 'ਤੇ ਚਲਿਆ ਜਾਂਦਾ ਹੈ। ਕੀੜੀ ਕਿੰਨੀ ਦੇਰ ਵਿਚ ਪਹੁੰਚਦੀ ਹੈ ਤੇ ਪੰਛੀ ਇਕ ਦਮ ਪਹੁੰਚ ਜਾਂਦਾ ਹੈ। ਪੰਛੀ ਦਾ ਰਸਤਾ ਜੋ ਹੈ ਉਹ ਭਗਤੀ ਦਾ ਰਸਤਾ ਹੈ। ਸੋ ਉਸ ਦੇ ਬਾਰੇ ਆਪ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਉਨ੍ਹਾਂ ਦੀਆਂ ਰਹਿਤਾਂ ਦੱਸੀਆਂ ਨੇ, ਇਸ ਦੇ ਵਿਚ ਵੀ ਨੇ ਜਿਸ ਨੂੰ 'ਭਗਤਿ ਯੋਗ' ਕਹਿੰਦੇ ਹਨ। 100 ਸਾਲ ਜ਼ੁਹਦ ਕਰੇ, ਤਪੱਸਿਆ ਕਰੇ, ਧੂਣੀਆਂ ਤਾਪੇ, ਸੌ ਸਾਲ ਜਲਧਾਰੇ ਕਰੇ, ਪਾਣੀ ਵਿਚ ਖੜ੍ਹਾ ਰਹੇ, ਪੁੱਠਾ ਲਟਕਦਾ ਰਹੇ; ਇਕ ਘੜੀ ਜੇ ਮੁਰਸ਼ਦ ਰਾਹੀਂ ਭਗਤੀ ਕਰ ਲਵੇ, ਬੰਦਗੀ, ਰਿਆਜ਼ਤ ਕਰ ਲਵੇ, ਇਕ ਘੜੀ (ਸਾਢੇ 24 ਮਿੰਟ) 100 ਸਾਲ ਦੇ ਤਪ, ਜ਼ੁਹਦ ਦੇ ਫਲ ਦੇ ਬਰਾਬਰ ਹੋ ਜਾਇਆ ਕਰਦੀ ਹੈ। ਕਿੰਨਾ ਸੁਖਾਲਾ ਰਸਤਾ ਹੈ; ਸੌ ਸਾਲ ਦੇ ਵਿਚ ਜਿਥੇ ਪਹੁੰਚਦਾ ਹੈ, ਉਥੇ ਸਾਢੇ 24 ਮਿੰਟਾਂ ਵਿਚ ਪਹੁੰਚ ਜਾਂਦਾ ਹੈ। ਸੋ ਸਾਡੀ ਕਲਿਆਣ ਵਾਸਤੇ ਗੁਰੂ ਨਾਨਕ ਸਾਹਿਬ ਨੇ ਬੜਾ ਹੀ ਸੁਖਾਲਾ ਰਸਤਾ ਦੱਸਿਆ ਤੇ ਫੁਰਮਾਨ ਕੀਤਾ ਕਿ ਪਹਿਲੀ ਗੱਲ ਤਾਂ ਮਨ ਦੇ ਵਿਚ ਇਹ ਯਾਦ ਰੱਖੋ ਕਿ ਅਭਿਮਾਨ ਨਹੀਂ ਕਰਨਾ; ਕਿਸੇ ਗੁਣ ਦਾ ਗੁਮਾਨ ਨਹੀਂ ਕਰਨਾ ਕਿ ਮੈਂ ਕੀਰਤਨ ਕਰਦਾ ਹਾਂ, ਮੈਂ ਵਿਆਖਿਆ ਕਰਦਾ ਹਾਂ, ਮੈਂ ਪੜ੍ਹਿਆ ਹੋਇਆ ਜ਼ਿਆਦਾ ਹਾਂ, ਮੇਰੇ ਕੋਲ ਪੈਸਾ ਜ਼ਿਆਦਾ ਹੈ। ਇਹ ਤਾਂ ਅੰਧਕਾਰ ਦੇ ਵਿਚ ਹੈ, ਅਭਿਮਾਨ ਵਿਚ ਹੈ। ਕਈਆਂ ਵਿਚ ਇਹ ਅਭਿਮਾਨ ਹੁੰਦਾ ਹੈ ਕਿ ਮੇਰੇ ਅੰਦਰ ਸ਼ਕਤੀਆਂ ਨੇ, ਮੈਂ ਦੂਸਰੇ ਦੇ ਦਿਲ ਦੀ ਗੱਲ ਬੁੱਝ ਲੈਂਦਾ ਹਾਂ, ਕਿਸੇ ਨੂੰ ਪ੍ਰੇਰ ਲੈਣਾ ਆਦਿ ਇਹ ਅਭਿਮਾਨ ਵੀ ਮਾੜਾ ਹੈ। ਕਈਆਂ ਨੂੰ ਇਸ ਤੋਂ ਵੀ ਉੱਤੇ ਅਭਿਮਾਨ ਹੋਇਆ ਕਰਦਾ ਹੈ ਕਿ ਮੈਨੂੰ ਅੰਦਰਲੀ ਸੋਝੀ ਹੈ। ਮਹਾਰਾਜ ਕਹਿੰਦੇ ਕਿਸੇ ਕਿਸਮ ਦਾ ਵੀ ਅਭਿਮਾਨ ਨਹੀਂ ਕਰਨਾ, ਨੀਵਾਂ ਸਮਝ ਕੇ - ***'ਹੋਹੁ ਸਭਨ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।'*** ਆਪਣੇ ਆਪ ਨੂੰ ਨੀਵਾਂ ਸਮਝ ਕੇ ਮੇਰੇ ਕੋਲ ਆ। ਦੂਸਰਾ ਇਹ ਹੈ ਕਿ ਸਤਿਸੰਗ ਵਿਚ ਜਾ ਕੇ ਚਿੱਤ ਨੂੰ ਇਕਾਗਰ ਕਰੋ। ਜਦ ਤਾਂਈ ਚਿੱਤ ਨਹੀਂ ਇਕਾਗਰ ਹੁੰਦਾ, ਬਿਰਤੀਆਂ ਐਧਰ ਓਧਰ ਨੱਠੀਆਂ ਫਿਰਦੀਆਂ ਹਨ, ਗੱਲ ਨਹੀਂ ਸਿਰੇ ਪਹੁੰਚਿਆ ਕਰਦੀ। ਇਕ ਬਰਤਨ ਹੈ, ਅੰਮ੍ਰਿਤ ਦੀ ਧਾਰਾ ਉਸ ਦੇ ਵਿੱਚ ਪੈ ਰਹੀ ਹੈ - ਬੋਤਲ ਵਿਚ। ਜੇ ਬੋਤਲ ਹਿੱਲ ਜਾਵੇ ਅਤੇ ਉਸ ਦਾ ਮੂੰਹ ਅੰਮ੍ਰਿਤ ਧਾਰਾ ਦੀ ਸੇਧ ਵਿਚੋਂ ਪਰ੍ਹੇ ਹਟ ਜਾਵੇ ਤਾਂ ਉਸਦੇ ਵਿਚ ਅੰਮ੍ਰਿਤ ਕਿਵੇਂ ਪੈ ਜਾਵੇਗਾ, ਉਹ ਬਾਹਰ ਡੁੱਲ੍ਹ ਜਾਵੇਗਾ। ਇਸ ਕਰਕੇ ਚਿੱਤ ਦੀ ਇਕਾਗਰਤਾ ਹਰ ਹਾਲਤ ਵਿਚ ਜ਼ਰੂਰੀ ਹੈ। ਇਸ ਤਰ੍ਹਾਂ ਫੁਰਮਾਨ ਕੀਤਾ ਹੈ-

***ਧਾਰਨਾ - ਜਸ ਕਰੋ ਵਾਹਿਗੁਰੂ ਦਾ, ਪਿਆਰਿਓ,***
***ਚਿਤ ਨੂੰ ਇਕਾਗਰ ਕਰਕੇ -2, 2.***

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥*** ***ਪੰਨਾ - 295***

ਜੇ ਕੁੱਤਾ ਕਦੇ ਬੰਨ੍ਹਿਆ ਨਾ ਹੋਵੇ, ਅਵਾਰਾ ਫਿਰਦਾ ਰਹਿੰਦਾ ਹੋਵੇ ਤਾਂ ਉਸ ਨੂੰ ਬੰਨ੍ਹ ਕੇ ਦੇਖ ਲਓ, ਉਹ ਸੰਗਲੀ ਨੂੰ ਹੀ ਚੱਕ ਮਾਰੀ ਜਾਊਗਾ। ਇਵੇਂ ਅਵਾਰਾ ਫਿਰਨ ਵਾਲਾ ਡੰਗਰ ਕਿੱਲਾ ਪੁੱਟੇਗਾ ਕਿ ਮੈਨੂੰ ਕਿਉਂ ਬੰਨ੍ਹ ਦਿਤਾ। ਇਸੇ ਤਰ੍ਹਾਂ ਮਨ ਦਾ ਸੁਭਾਅ ਹੈ, ਇਹ ਵੀ ਟਿਕਿਆ ਨਹੀਂ ਕਰਦਾ। ਉਸ ਵੇਲੇ ਐਹੋ ਜਿਹੀਆਂ ਗੱਲਾਂ ਯਾਦ ਕਰੂ ਕਿ ਆਦਮੀ ਦੀ ਬਿਰਤੀ ਨੂੰ ਆਪਣੀਆਂ ਉਡਾਰੀਆਂ ਲੈ ਕੇ ਚੱਲ ਪਏਗਾ, ਇਨ੍ਹਾਂ ਉਡਾਰੀਆਂ ਵਿਚ ਉਡਦਾ ਮਨ ਕਿਸੇ ਮੰਜ਼ਲ ਦਾ ਰਸਤਾ ਤਹਿ ਨਹੀਂ ਕਰ ਸਕੇਗਾ। ਕੋਈ ਕੰਮ ਨਹੀਂ ਬਣਨਾ ਉਸ ਨਾਲ। ਸੋ ਮਹਾਰਾਜ ਕਹਿੰਦੇ, ਪਰਮੇਸ਼ਰ ਵੱਲ ਚਿੱਤ ਲਾ ਕੇ ਰੱਖਣਾ।

ਪੰਜਵੀਂ ਹੋਇਆ ਕਰਦੀ ਹੈ ਗੁਰੂ ਦਾ ਉਪਦੇਸ਼ ਸੁਣ ਕੇ ਹਿਰਦੇ ਵਿਚ ਧਾਰਨ ਕਰਨਾ। ਗੁਰੂ ਮਹਾਰਾਜ ਕਹਿੰਦੇ ਹਨ –

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***

***ਪੰਨਾ – 755***

ਨਿੰਦਿਆ ਸੁਣਨੀ ਤੇ ਨਿੰਦਿਆ ਕਰਨੀ, ਦੋ ਤਰੀਕੇ ਹੁੰਦੇ ਹਨ। ਇਕ ਬੰਦਾ ਨਿੰਦਿਆ ਕਰਦਾ ਹੈ। ਇਕ ਬੰਦਾ ਐਸੀਆਂ ਗੱਲਾਂ ਕਰਦਾ ਹੈ ਕਿ ਦੂਸਰੇ ਦੇ ਮੁੱਖ ਤੋਂ ਦੂਸਰੇ ਦੀ ਨਿੰਦਿਆ ਕਰਾ ਕੇ ਫੇਰ ਖੁਸ਼ ਹੁੰਦਾ ਹੈ ਕਿ ਮੈਂ ਇਸ ਤੋਂ ਨਿੰਦਾ ਕਰਾ ਲਈ। ਦੋਇ ਇਕੋ ਜਿਹੇ ਭਾਗੀ ਹਨ। ਕਿੱਡਾ ਦੋਸ਼ ਲਗਦਾ ਹੈ, ਕਹਿੰਦੇ ***'ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ ਪੰਨਾ – 755'*** ਘੋਰ ਨਰਕਾਂ ਵਿਚ ਵਾਸਾ ਹੁੰਦਾ ਹੈ। ਕਹਿੰਦਾ ਜੀ ਮੈਂ ਤਾਂ ਨਿੰਦਿਆ ਨਹੀਂ ਕਰੀ। ਦਰਗਾਹ ਵਿਚ ਜਦ ਲੇਖਾ ਦਿੰਦਾ ਹੈ, ਫੇਰ ਕਹਿੰਦਾ ਹੈ ਕਿ ਮੈਂ ਤਾਂ ਨਿੰਦਿਆ ਨਹੀਂ ਕੀਤੀ। ਕਹਿੰਦੇ ਕਰਾਈ ਤਾਂ ਹੈ, ਜਾਣਕੇ ਕਰਾਈ ਹੈ। ਦੂਸਰਿਆਂ ਦੇ ਔਗੁਣ ਫੋਲਦਾ ਹੈ। ਗੁਰੂ ਘਰ ਵਿਚ ਕੀ ਹੈ – ਦੇਖ ਕੇ ਅਣਡਿੱਠ ਕਰਨਾ, ਔਗੁਣਾਂ ਦੇ ਉੱਤੇ ਅੱਖ ਮੀਚ ਲੈਣੀ ਅਤੇ ਕਹਿਣਾ ਕਿ ਨ ਭਾਈ, ਕੋਈ ਨਾ, ਆਦਮੀ ਸਭ ਭੁੱਲਦੇ ਹਨ।

***ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥***

***ਪੰਨਾ – 61***

ਜੇ ਨਹੀਂ ਭੁੱਲਦਾ ਤਾਂ ਕੇਵਲ ਵਾਹਿਗੁਰੂ ਨਹੀਂ ਭੁੱਲਦਾ, ਬਾਕੀ ਤਾਂ ਸਾਰਾ ਸੰਸਾਰ ਭੁੱਲ ਵਿਚ ਪਿਆ ਹੋਇਆ ਹੈ। ਇਸ ਨੇ ਭੁੱਲਣਾ ਹੀ ਹੈ। ਕੌਣ ਬੰਦਾ ਹੈ ਦੁਨੀਆਂ ਵਿਚ, ਜਿਹੜਾ ਔਗੁਣ ਨਹੀਂ ਕਰਦਾ? ਜਿਹੜਾ ਦੂਸਰਿਆਂ ਦੇ ਔਗੁਣ ਚਿਤਾਰਦਾ ਹੈ, ਉਹ ਆਪਣੇ ਹਿਰਦੇ ਵਿਚ ਦੇਖੇ ਕਿ ਮੇਰੇ ਵਿਚ ਕਿੰਨੇ ਔਗੁਣ ਹਨ। ਮਹਾਰਾਜ ਕਹਿੰਦੇ, ਇਉਂ ਨਹੀਂ ਕਰਨਾ, ਪ੍ਰੇਮੀਓ! ਗੁਰੂ ਦਾ ਉਪਦੇਸ਼ ਸੁਣੋ –

***ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਪੰਨਾ – 274***

ਹਟ ਜਾਓ ਨਿੰਦਿਆ ਕਰਨ ਤੋਂ ਕਿ ਮੈਂ ਨਹੀਂ ਸੁਣਨੀ –

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਪੰਨਾ – 274***

ਨੇਤਰਾਂ ਦੇ ਨਾਲ ਮਾੜੀ ਦ੍ਰਿਸ਼ਟੀ ਨਾਲ ਨਾ ਕਿਸੇ ਨੂੰ ਦੇਖੋ। ਇਸੇ ਤਰ੍ਹਾਂ ਹੱਥਾਂ ਨਾਲ ਮਾੜਾ ਕੰਮ ਨਾ ਕਰੋ, ਪੈਰਾਂ ਨਾਲ ਮਾੜੀ ਥਾਂ ਚੱਲ ਕੇ ਨਾ ਜਾਓ, ਚੰਗੇ ਥਾਂ ਜਾਉ, ਸਤਿਸੰਗ 'ਚ ਜਾਓ। ਹੱਥਾਂ ਕੋਲੋਂ ਕੰਮ ਲਓ ਸੇਵਾ ਕਰਨ ਦਾ। ਜਦੋਂ ਇਸ ਤਰ੍ਹਾਂ ਕਰਾਂਗੇ ਫੇਰ ਸਾਡਾ ਮਨ ਅਤੇ ਚਿਤ ਟਿਕ ਜਾਏਗਾ। ਫੇਰ ਇਸ ਤਰ੍ਹਾਂ ਦੇ ਨਾਲ ਫੁਰਮਾਉਂਦੇ ਹਨ ਕਿ ਮਨ ਦੇ ਸੰਕਲਪ ਨੂੰ ਰੋਕ ਕੇ ਨਾਮ ਵਿਚ ਲਾਓ, ਸਤਿਗੁਰੂ ਦੇ ਸ਼ਬਦ ਵਿਚ ਧਿਆਨ ਰੱਖਣਾ ਤੇ ਉਸ ਨੂੰ ਵਿਚਾਰ ਕੇ ਹਰ ਵਕਤ ਯਾਦ ਰੱਖਣਾ ਕਿ ਮਹਾਰਾਜ ਤਾਂ ਇਸ ਤਰ੍ਹਾਂ ਕਹਿੰਦੇ ਹਨ, ਮੈਂ ਇਹ ਕੰਮ ਨਹੀਂ ਕਰਨਾ। ਜਦੋਂ ਸ਼ਬਦ ਵਿਚ ਮਨ ਟਿਕ ਜਾਵੇ, ਥੋੜ੍ਹਾ ਜਿਹਾ ਵੀ ਟਿਕ ਜਾਵੇ – ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ, ਨਿਤਨੇਮ ਕਰਦਾ ਹੈ, ਭਜਨ ਕਰਦਾ ਹੈ, ਮਨ ਨੇ ਕੋਈ ਫੁਰਨਾ ਨਹੀਂ ਕਰਿਆ; ਜੇ ਢਾਈ ਮਿੰਟ ਫੁਰਨਾ ਨਹੀਂ ਕਰਿਆ ਤਾਂ ਉਸ ਨੂੰ ਛੋਟੀ ਸਮਾਧੀ ਕਹਿੰਦੇ ਹਨ, ਇਹ ਇਕ ਧਾਰਨਾ ਹੁੰਦੀ ਹੈ, ਧਿਆਨ ਲੱਗ ਗਿਆ, ਉਸ ਨੂੰ ਧਿਆਨ ਕਹਿੰਦੇ ਹਨ। ਜੇ ਤੀਹ ਮਿੰਟ ਟਿਕ ਜਾਵੇ ਤਾਂ ਉਹ ਸਮਾਧੀ ਹੋਇਆ ਕਰਦੀ ਹੈ। ਸੋ ਇਸ ਤਰ੍ਹਾਂ ਨਾਲ ਮਹਾਰਾਜ ਕਹਿੰਦੇ, ਦੇਖੋ ਕਿੰਨਾ ਸੁਖਾਲਾ ਰਸਤਾ ਹੈ। ਇਸ ਦੇ ਵਿਚ ਸੁੱਖਾਂ ਦਾ ਫਲ ਪ੍ਰਾਪਤ ਹੁੰਦਾ ਹੈ ਤੇ ਰਾਜ ਅਤੇ ਜੋਗ ਦਾ ਰਸ ਮਿਲ ਜਾਂਦਾ ਹੈ ਤੇ ਅਨੰਦ ਮਾਣਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਹਨ –

***ਧਾਰਨਾ – ਗੁਰਮੁਖ ਸੁਖ ਫਲ ਪਾਇਆ ਜੀ,***
***ਰਾਜ ਜੋਗ ਰਸ ਰਲੀਆਂ ਮਾਣੇ – 2, 2.***

***ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾ ਧੀਆਂ ਜਾਣੈ।***
***ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।***
***ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ।***
***ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ।***
***ਵਡ ਪਰਤਾਪ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਵਾਣੈ।***
***ਗੁਰਮੁਖਿ ਸੁਖਫਲ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ।***
***ਸਾਧ ਸੰਗਤਿ ਵਿਟਹੁ ਕੁਰਬਾਣੈ॥***

***ਭਾਈ ਗੁਰਦਾਸ ਜੀ, ਵਾਰ 29/11***

ਗੁਰਮੁਖ ਦਾ ਜੋ ਵਰਤ-ਵਰਤਾਰਾ ਹੈ ਉਸ ਦੇ ਬਾਰੇ ਫੁਰਮਾਨ ਕਰਦੇ ਹਨ ਕਿ ***'ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾ ਧੀਆਂ ਜਾਣੈ।' 'ਉਸੁ ਸੂਅਰੁ ਉਸੁ ਗਾਇ।'*** ਹੈ ਜਿੰਨੇ ਮੁਸਲਮਾਨ ਨੇ, ਸੂਅਰ ਨਹੀਂ ਖਾਂਦੇ। ਹਿੰਦੂ ਕਹਿੰਦੇ ਸਾਨੂੰ ਸੁਗੰਧ ਹੈ ਗਾਇ ਦੀ, ਗਊ ਨਹੀਂ ਅਸੀਂ ਖਾਣੀ। ਇਸ ਤਰ੍ਹਾਂ ਦੇ ਨਾਲ ***'ਪਰ ਧਨ ਹਿੰਦੂ ਮੁਸਲਮਾਣੈ।'*** ਚਾਹੇ ਹਿੰਦੂ ਹੈ ਚਾਹੇ ਮੁਸਲਮਾਨ ਹੈ, ਚਾਹੇ ਸਿੱਖ ਹੈ, ਉਸ ਨੂੰ ਸੂਰ ਤੇ ਗਊ ਨੂੰ ਖਾਣਾ ਪਰਾਏ ਧਨ ਨੂੰ ਖਾਣ ਦੇ ਬਰਾਬਰ ਹੈ। ਪੁੱਤਰ- ਕਲੱਤਰ, ਰਿਸ਼ਤੇਦਾਰਾਂ ਦੇ, ਕੁਟੰਬਾਂ ਦੇ ਮੋਹ ਦੇਖ ਕੇ ਉਸ ਦੇ ਵਿਚ ਖਿੱਚਿਆ ਨਾ ਜਾਵੇ, ਡੁੱਬੇ ਨਾ ਉਸ ਦੇ ਵਿਚ। ਫਰਜ਼ ਪੂਰਾ ਕਰੇ ਲੇਕਿਨ ਡੁੱਬੇ ਨਾ, ਆਪਣੇ ਆਪ ਨੂੰ ਵੱਖਰਾ ਰੱਖੇ। ਉਸਤਤੀ ਕਰਦਾ ਹੈ ਸੰਸਾਰ ਕਿ ਇਹ ਤਾਂ ਬੜੇ ਵਿਦਵਾਨ ਨੇ, ਕੋਈ ਉਸਤਤਿ ਕਰਦਾ ਕਹਿੰਦਾ ਹੈ ਕਿ ਇਹ ਤਾਂ ਪੂਰੇ ਸੰਤ ਹਨ ਇਨ੍ਹਾਂ ਦੀਆਂ ਸ਼ਕਤੀਆਂ ਮੈਂ ਦੇਖੀਆਂ ਨੇ। ਇਨ੍ਹਾਂ ਉਪਮਾਂ ਦੀਆਂ ਗੱਲਾਂ ਵਲ ਧਿਆਨ ਨਾ ਦੇਵੇ। ਛੋਟਾ ਬਣ ਕੇ ਹੀ ਰਹੇ। ਬਿਲਕੁਲ ਨ ਸੁਣੋ ਕਿਉਂਕਿ ਉਸਤਤਿ ਭੀ ਫਸਾ ਲੈਂਦੀ ਹੈ। ਜੇ ਕੋਈ ਨਿੰਦਿਆ ਕਰਦਾ ਹੈ, ਤਾਂ ਕਹੋ ਕਿ ਮੈਂ ਓਹੋ ਜਿਹਾ ਹੀ ਹਾਂ ਜਿਹੋ ਜਿਹਾ ਮੈਨੂੰ ਕਹਿੰਦੇ ਨੇ ਕਿਉਂਕਿ ਗੁਰੂ ਦੇ ਨਾਲ ਸਾਂਝ ਤਾਂ ਹੀ ਪੈਂਦੀ ਹੈ ਜੇ ਇਸ ਤਰ੍ਹਾਂ ਸਮਝੇ, – ***'ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ।।' (ਪੰਨਾ – 1364)*** ਮੈਨੂੰ ਛੱਡ ਕੇ ਸਾਰਾ ਸੰਸਾਰ ਭਲਿਆਂ ਦਾ ਹੈ। ***'ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ।' (ਪੰਨਾ – 1364)*** ਜਿਸ ਨੇ ਐਸੀ ਗੱਲ ਜਾਣ ਲਈ ਕਿ ***'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ' (ਪੰਨਾ – 728)*** ਗੁਰੂ ਨਾਨਕ ਕਹਿੰਦੇ ਹਨ ਉਹ ਸਾਡਾ ਮਿੱਤਰ ਹੈ ਭਾਈ। ਜੇ ਮਿੱਤਰਾਂ ਵਿਚ ਰਲਣਾ ਹੈ ਤਾਂ ਆਪਣੇ ਆਪ ਨੂੰ ਬਹੁਤ ਚੰਗਾ ਨਾ ਸਮਝੋ। ਮਾੜਿਆਂ ਵਿਚ ਰਹੋ, ਗਰੀਬਾਂ ਵਿਚ ਰਹੋ –

***ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥***
***ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥***

***ਪੰਨਾ – 15***

ਗੁਰੂ ਨਾਨਕ ਜੀ ਫੁਰਮਾਉਂਦੇ ਹਨ ਕਿ ਜਿਹੜੇ ਛੋਟਿਆਂ ਤੋਂ ਵੀ ਛੋਟੇ ਨੇ, ਮੈਂ ਤਾਂ ਉਥੇ ਰਹਿੰਦਾ ਹਾਂ, ਪ੍ਰੇਮੀਓ! ਉਹਨਾਂ ਦੇ ਹਿਰਦਿਆਂ ਵਿਚ ਰਹਿਦਾ ਹਾਂ। ਵੱਡਿਆਂ ਦੇ ਹਿਰਦਿਆਂ ਵਿਚ ਤਾਂ ਹੰਕਾਰ ਹੈ, ਕਿਸੇ ਨੂੰ ਜ਼ਮੀਨ ਦਾ ਹੰਕਾਰ ਹੈ, ਕਿਸੇ ਨੂੰ ਪੈਸਿਆਂ ਦਾ ਹੰਕਾਰ ਹੈ, ਕਿਸੇ ਨੂੰ ਬੰਦਿਆਂ ਦਾ ਹੰਕਾਰ ਹੈ, ਕਿਸੇ ਨੂੰ ਆਪਣੇ ਜ਼ੋਰ ਦਾ ਹੰਕਾਰ ਹੈ, ਕਿਸੇ ਨੂੰ ਪੜ੍ਹਾਈ ਦਾ ਹੰਕਾਰ ਹੈ, ਕਿਸੇ ਨੂੰ ਰਾਜਸੀ ਸ਼ਕਤੀ ਦਾ ਹੰਕਾਰ ਹੈ। ਕਹਿੰਦੇ, ਓਥੇ ਤਾਂ ਸਾਡੇ ਵਾਸਤੇ ਥਾਂ ਹੀ ਨਹੀਂ ਹੈ। ਸਾਡੇ ਵਾਸਤੇ ਜੇ ਕਿਤੇ ਥਾਂ ਹੈ, ਗਰੀਬਾਂ ਦੇ ਹਿਰਦਿਆਂ ਵਿਚ ਹੈ, ਓਥੇ ਅਸੀਂ ਰਹਿੰਦੇ ਹਾਂ। ਸੋ ਸਾਡੇ ਕੋਲ ਜਿਸਨੇ ਰਹਿਣਾ ਹੈ, ਉਹ ਆਪਣੇ ਆਪ ਨੂੰ ਨੀਵਾਂ ਸਮਝ ਕੇ ਰਹੇ, ਉੱਚਾ ਨ ਹੋਵੇ। ***'ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥' (ਪੰਨਾ – 1123)*** ਗਿਣੇ ਨਾ ਆਪਣੇ ਆਪ ਨੂੰ ਕਿ ਮੈਂ ਕੁਛ ਹਾਂ। ਹਉਮੈ ਵਿਚ ਆ ਕੇ ਦੂਸਰਿਆਂ ਨੂੰ ਤੰਗ ਨ ਕਰੇ। ਐਵੇਂ ਨਾ ਕਹੇ ਕਿ ਮੈਂ ਵੱਡਾ ਆਦਮੀ ਹਾਂ। ਇਸ ਦੇ ਵਿਪਰੀਤ ਦਿਲੋਂ ਹੀ ਗਰੀਬੀ ਧਾਰ ਕੇ, ਨਿਮਰਤਾ ਧਾਰ ਕੇ ਚੱਲੇ। ***'ਗੁਰਮਤਿ ਸੁਖ ਫਲ ਪਾਇਆ ਰਾਜ ਜੋਗ ਰਸ ਰਲੀਆ ਮਾਣੇ'*** ਐਸਾ ਜੋ ਰਸਤਾ ਹੈ – ਗੁਰਮੁਖਾਂ ਦਾ, ਉਹ ਰਸਤਾ ਮਹਾਰਾਜ ਕਹਿੰਦੇ ਦੇਖ ਕਿੰਨਾ ਸੁਖਾਲਾ ਹੈ। ਇਸ ਰਸਤੇ ਨੂੰ 'ਭਗਤਿ ਜੋਗ' ਦਾ ਰਸਤਾ ਕਹਿੰਦੇ ਹਨ ਕਿਉਂਕਿ ਜਦ ਤੱਕ ਭਗਤੀ ਨਹੀਂ ਕਰਦਾ, ਓਨੀ ਦੇਰ ਤੱਕ ਪਰਮੇਸ਼ਰ ਨਾਲ ਮਿਲਾਪ ਨਹੀਂ ਹੋਇਆ ਕਰਦਾ। ਰਸਤੇ ਬਹੁਤ ਨੇ ਪਰ ਇਹ ਸਾਰਿਆਂ ਨਾਲੋਂ ਸੁਖਾਲਾ ਹੈ। ਜੇ ਧੰਨੇ ਨੇ ਭਗਤੀ ਕਰੀ, ਥੋੜ੍ਹੀ ਦੇਰ ਵਿਚ ਹੀ ਪਰਮੇਸ਼ਰ ਆ ਗਏ; ਫੇਰ ਪ੍ਰਸ਼ਾਦਾ ਛਕਾਉਂਦਾ ਹੈ, ਲੱਸੀ ਲੈ ਕੇ ਪ੍ਰਭੂ ਨੂੰ ਭੋਗ ਲਵਾਉਣ ਲਈ ਬੇਨਤੀਆਂ ਕਰਦਾ ਹੈ, ਹੇ ਪ੍ਰਭੂ! ਤੁਸੀਂ ਛਕੋ। ਕਿੰਨਾ ਟਾਇਮ ਲੱਗ ਗਿਆ – ਸਵੇਰ ਦਾ ਬੈਠਾ ਹੈ ਦੁਪਹਿਰ ਤੱਕ। ਵਾਹਿਗੁਰੂ ਨੇ ਆਪ ਪ੍ਰਤੱਖ ਹੋ ਕੇ ਉਸ ਦੀ ਲੱਸੀ ਵੀ ਪੀਤੀ ਅਤੇ ਰੋਟੀ ਵੀ ਖਾਧੀ। ਨਾਮਦੇਵ ਨੇ ਦੁੱਧ ਪਿਲਾ ਦਿਤਾ। ਨਾਮਦੇਵ ਨੇ ਭਗਤੀ ਕਰੀ। ਛੱਪਰ ਜਲ ਗਿਆ, ਪਰਮੇਸ਼ਰ ਨੇ ਆਪ ਆ ਕੇ ਉਸ ਦਾ ਛੱਪਰ ਬੰਨ੍ਹ ਦਿਤਾ ਕਿਉਂਕਿ ਕਰਮ ਕਰਦਾ ਹੈ ਭਗਤੀ ਦਾ। ਪਰਮੇਸ਼ਰ ਨੂੰ ਪਿਆਰ ਚਾਹੀਦਾ ਹੈ, ਉਸਨੂੰ ਭੁੱਖ ਲੱਗੀ ਹੋਈ ਹੈ, ਪ੍ਰੇਮ ਦੀ। '***ਗੋਬਿੰਦ ਭਾਉ ਭਗਤਿ ਦਾ ਭੁੱਖਾ***' –

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਗੁਰੂ ਦੇ ਚਰਨਾਂ ਦਾ ਆਸਰਾ ਲੈ ਲਵੇ। ਜਿੰਨਾ ਚਿਰ ਗੁਰੂ ਦੀ ਸੇਵਾ ਨਹੀਂ ਕਰਦਾ, ਮਹਾਰਾਜ ਕਹਿੰਦੇ ਭਗਤੀ ਨਹੀਂ ਹੋਇਆ ਕਰਦੀ। ਗੁਰੂ ਦੀ ਸੇਵਾ ਵਿਚ ਭਗਤੀ ਹੁੰਦੀ ਹੈ –

***ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ॥***
***ਪੰਨਾ – 1013***

ਅੰਦਰ ਤਾਂ ਤ੍ਰਿਸ਼ਨਾ ਦੀ ਅੱਗ ਲੱਗੀ ਹੋਈ ਹੈ ਤੇ ਬਾਹਰ ਧੂਣੀਆਂ ਤਾਪਦਾ ਹੈ। ਕਹਿੰਦੇ ਜੇ ਗੁਰੂ ਨਹੀਂ ਮਿਲਿਆ ਤਾਂ ਇਹ ਅੱਗ ਨਹੀਂ ਬੁਝਦੀ –

***ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉਕਰਿ ਚੀਨਸਿ ਆਪੈ॥***
***ਪੰਨਾ – 1013***

ਇਸ ਨੂੰ ਕਿਵੇਂ ਪਤਾ ਲੱਗੇ ਕਿ ਮੈਂ ਕੌਣ ਹਾਂ? ਕਿਵੇਂ ਪਹੁੰਚੇਗਾ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਭਗਤੀ ਨੌਂ ਪ੍ਰਕਾਰ ਦੀ ਹੈ। ਪਹਿਲੀ ਭਗਤੀ ਨੂੰ **'ਸ੍ਰਵਣ ਭਗਤੀ'** ਕਹਿੰਦੇ ਨੇ ਜਿਵੇਂ ਹੁਣ ਤੁਸੀਂ ਬੈਠੇ ਹੋ, ਬਚਨ ਬੋਲੇ ਜਾ ਰਹੇ ਨੇ, ਸ਼ਬਦ ਬੋਲੇ ਜਾ ਰਹੇ ਨੇ, ਤੁਸੀਂ ਬੈਠੇ ਸੁਣਦੇ ਹੋ। ਇਹ ਭਗਤੀ ਪਹਿਲੇ ਬਾਹਰ ਤੋਂ ਆਇਆ ਕਰਦੀ ਹੈ ਤੇ ਇਸ ਦੇ ਬਾਰੇ ਬੇਨਤੀਆਂ ਕਰਦੇ ਹਨ ਕਿ ਹੇ ਪ੍ਰਭੂ! ਮੈਂ ਤੇਰਾ ਜਸ ਸੁਣਿਆ ਪਰ ਮੇਰੇ ਦੋ ਕੰਨ ਥੋੜ੍ਹੇ ਨੇ, ਮੈਨੂੰ ਕਰੋੜ ਕੰਨ ਦੇ।

ਇਕ ਐਸਾ ਮਹਾਤਮਾ ਹੋਇਆ ਹੈ ਜਿਸ ਨੂੰ ਵਾਹਿਗੁਰੂ ਨੇ ਕਰੋੜ ਕੰਨ ਵੀ ਦੇ ਦਿਤੇ। ਉਹ ਕਹਿੰਦਾ ਮਹਾਰਾਜ, ਮੈਂ ਤੇਰਾ ਬਹੁਤ ਜਸ ਸੁਣਨਾ ਚਾਹੁੰਦਾ ਹਾਂ ਤੇ ਮੈਨੂੰ ਕਰੋੜਾਂ ਕੰਨ ਦੇ ਦੇਹ –

***ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ***
***ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥***
***ਪੰਨਾ – 780***

ਕਿਉਂਕਿ ਪਿਆਰ ਸੀ। ਰੱਜ ਨਹੀਂ ਆਉਂਦਾ ਗੁਣ ਸੁਣਦੇ ਨੂੰ। ਸੌ ਕਰੋੜ ਵੀ ਦੇ ਦਿਤੇ। ਕਹਿੰਦੇ ਮਹਾਰਾਜ, ਹੋਰ ਦੇਹ। ਕਹਿੰਦੇ ਹੁਣ ਤਾਂ ਮੇਰੇ ਵਿਚ ਹੀ ਰਲ ਜਾ ਕਿਉਂਕਿ ਤੇਰੇ ਮੇਰੇ ਵਿਚ ਹੁਣ ਕੋਈ ਫਰਕ ਨਹੀਂ ਰਿਹਾ –

***ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ***
***ਕਟੀਐ ਕਾਲ ਕੀ ਫਾਸੀ ਰਾਮ॥ ਪੰਨਾ – 781***

ਦੂਸਰੀ ਹੁੰਦੀ ਹੈ **'ਕੀਰਤਨ ਭਗਤੀ'**। ਹਰੀ ਦਾ ਜਸ ਚਿੱਤ ਨੂੰ ਇਕਾਗਰ ਕਰਕੇ ਕਰਨਾ, ਤੇ ਇਸਦਾ ਫਲ ਕਿੰਨਾ ਹੈ, ਮਹਾਰਾਜ ਕਹਿੰਦੇ ਹਨ –

***ਕਲਿਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ॥ ਪੰਨਾ – 1076***

ਕੀਰਤਨ ਭਗਤੀ ਮਨ ਨੂੰ ਟਿਕਾ ਦਿੰਦੀ ਹੈ, ਸ੍ਰੇਸ਼ਟ ਸਾਧਨ ਹੈ, ਸਾਰਿਆਂ ਦੀ ਸਰਦਾਰ ਭਗਤੀ ਮੰਨੀ ਜਾਂਦੀ ਹੈ। ਸੋ ਮਹਾਰਾਜ ਕਹਿੰਦੇ ਹਨ, ਹੇ ਪ੍ਰਭੂ! ਮੈਂ ਤੇਰਾ ਕੀਰਤਨ ਕਰਨਾ ਹੈ ਤੇ ਮੈਨੂੰ ਤੂੰ ਲੱਖ ਜੀਭਾਂ ਦੇ ਦੇ –

***ਲਾਖ ਜਿਹਵਾ ਦੇਹੁ ਮੇਰੇ ਪਿਆਰੇ***
***ਮੁਖੁ ਹਰਿ ਆਰਾਧੇ ਮੇਰਾ ਰਾਮ॥ ਪੰਨਾ – 780***

ਮੇਰਾ ਮੁੱਖ ਤੇਰਾ ਨਾਮ ਜਪੇ, ਮੈਨੂੰ ਲੱਖ ਜੀਭਾਂ ਦੇ ਦੇ –

***ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥***
***ਪੰਨਾ – 7***

ਇਹ ਗਿਣਤੀ ਖਰਬਾਂ ਤੱਕ ਪਹੁੰਚ ਜਾਂਦੀ ਹੈ ਕਿ ਐਨੀਆਂ ਜੀਭਾਂ ਮੈਨੂੰ ਦੇ ਦੇ ਤਾਂਕਿ ਮੈਂ ਤੇਰਾ ਨਾਮ ਜਪਾਂ।

ਤੀਸਰੀ ਹੋਇਆ ਕਰਦੀ ਹੈ **'ਸਿਮਰਨ ਭਗਤੀ'**। 'ਸਿਮਰਨ' ਕਹਿੰਦੇ ਨੇ ਪ੍ਰਭੂ ਯਾਦ ਵਿਚ ਰਹਿਣਾ, ਹਰ ਵਕਤ ਯਾਦ ਵਿਚ ਰਹਿਣਾ। ਇਸ ਦੇ ਬਾਰੇ ਗੁਰਬਾਣੀ ਵਿਚ ਬਹੁਤ

ਤਾਕੀਦ ਕੀਤੀ ਹੈ -

***ਧਾਰਨਾ - ਸਿਮਰ ਪਿਆਰੇ ਨੂੰ,***
***ਸਿਮਰਉ ਸਿਮਰ ਸਿਮਰ ਸੁਖ ਪਾਵਉ - 2, 2***
***ਸਿਮਰਉ ਸਿਮਰ ਸਿਮਰ ਸੁਖ ਪਾਵਉ - 2,2.***
***ਸਿਮਰ ਪਿਆਰੇ ਨੂੰ ਸਿਮਰਉ ,....-2.***

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥ ਪੰਨਾ - 262***

ਵਾਹਿਗੁਰੂ ਨੂੰ ਯਾਦ ਰੱਖਣ ਦੇ ਨਾਲ ਸਾਰੇ ਕਲੇਸ਼ ਖਤਮ ਹੋ ਜਾਂਦੇ ਹਨ -

***ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥***
***ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥***
***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥***
***ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥***
***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥***
***ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥ ਪੰਨਾ - 262***

ਮਹਾਰਾਜ ਕਹਿੰਦੇ, ਦਿਨ ਰਾਤ ਮਾਇਆ ਤੋਂ ਜਾਗ ਨਹੀਂ ਆਇਆ ਕਰਦੀ, ਜਿੰਨਾਂ ਚਿਰ ਵਾਹਿਗੁਰੂ ਦਾ ਨਾਮ ਹਿਰਦੇ ਵਿਚ ਨਹੀਂ ਵਸਦਾ। ਸੋ ਇਸ ਤਰ੍ਹਾਂ ਵਾਹਿਗੁਰੂ ਜੀ ਦੇ ਸਿਮਰਨ ਵਿਚ ਰਹੇ, ਕਦੇ ਵਾਹਿਗੁਰੂ ਜੀ ਨੂੰ ਆਪਣੇ ਅੰਦਰੋਂ ਨਾ ਵਿਸਾਰੇ।

***ਹਰਿ ਹਰਿ ਕਬਹੂ ਨ ਮਨਹੁ ਬਿਸਾਰੇ॥***
***ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ॥***
***ਪੰਨਾ - 210***

ਫੇਰ ਐਥੇ ਵੀ ਤੇ ਦਰਗਾਹ ਵਿਚ ਜਾ ਕੇ ਵੀ ਸੁੱਖ ਹੋਵੇਗਾ। ਵਾਹਿਗੁਰੂ ਨੂੰ ਵਿਸਾਰਨਾ ਨਹੀਂ ਇਕ ਘੜੀ ਵਾਸਤੇ ਵੀ। ਜਦ ਵਿਸਰਦਾ ਹੈ, ਫੇਰ ਕੀ ਹੁੰਦਾ ਹੈ? ਉਸ ਵੇਲੇ -

***ਆਖਾ ਜੀਵਾ ਵਿਸਰੈ ਮਰਿ ਜਾਉ॥ ਪੰਨਾ - 9***

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥ ਪੰਨਾ - 142***

ਜਿਉਂਦਾ ਉਹ ਹੈ ਜਿਸ ਨੂੰ ਵਾਹਿਗੁਰੂ ਨਹੀਂ ਭੁੱਲਦਾ। ਜਿਸਨੂੰ ਪ੍ਰਭੂ ਭੁਲਦਾ ਹੈ ਉਹ ਜਿਉਂਦਾ ਨਹੀਂ, ਉਹ ਤਾਂ ਮੁਰਦਾ ਹੈ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤ ਨਹੀ ਭਗਵੰਤ॥***
***ਪੰਨਾ - 253***

ਸੋ ਸਿਮਰਨ ਕਹਿੰਦੇ ਨੇ ਵਾਹਿਗੁਰੂ ਜੀ ਨੂੰ ਸਦਾ ਯਾਦ ਰੱਖਣ ਨੂੰ। ਯਾਦ ਕਿਵੇਂ ਪੱਕਦੀ ਹੈ? ਗੁਰੂ ਮਹਾਰਾਜ ਨੇ ਸਦਾ ਯਾਦ ਪਰਪੱਕ ਕਰਨ ਵਾਸਤੇ ਨਾਮ ਦਾ ਜਪਣਾ, ਨਾਮ ਦਾ ਧਿਆਨ, ਨਾਮ ਦਾ ਕੀਰਤਨ, ਨਾਮ ਦੀ ਵੀਚਾਰ, ਇਹ ਸਾਰੇ ਹੌਲੀ-ਹੌਲੀ ਗੁਰਮੁਖ ਨੂੰ ਪ੍ਰਾਪਤ ਹੋਇਆ ਕਰਦੇ ਹਨ; ਇਰਾਦਾ ਹੋਣਾ ਚਾਹੀਦਾ ਹੈ - ਦ੍ਰਿੜ ਇਰਾਦਾ।

ਸੋ ਇਸ ਤਰ੍ਹਾਂ ਇਸ ਤੋਂ ਅੱਗੇ ਮਹਾਰਾਜ ਕਹਿੰਦੇ, **'ਪਾਦ ਸੇਵਨ'** ਭਗਤੀ ਹੋਇਆ ਕਰਦੀ ਹੈ - ਚਰਨਾਂ ਦੀ ਸੇਵਾ ਕਰਨੀ -

***ਹਰਿ ਚਰਣ ਕਮਲ ਮਕਰੰਦ ਲੋਭਿਤ***
***ਮਨੋ ਅਨਦਿਨੋ ਮੋਹਿ ਆਹੀ ਪਿਆਸਾ॥ ਪੰਨਾ - 663***

ਕਹਿੰਦੇ ਸਾਨੂੰ ਤਾਂ ਪਿਆਸ ਲੱਗੀ ਹੋਈ ਹੈ ਚਰਨਾਂ ਕਮਲਾਂ ਦੀ। ਅੱਗੇ ਅਰਚਨ ਭਗਤੀ ਹੋਇਆ ਕਰਦੀ ਹੈ -

***ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥***
***ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥***
***ਪੰਨਾ - 489***

ਫੇਰ ਬੰਦਨਾ ਭਗਤੀ ਹੁੰਦੀ ਹੈ -

***ਡੰਡਉਤਿ ਬੰਧਨ ਅਨਿਕ ਬਾਰ ਸਰਬ ਕਲਾ ਸਮਰਥ॥***
***ਪੰਨਾ - 256***

ਬਾਰ-ਬਾਰ ਬੰਦਨਾ ਕਰਨੀ -

***ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥***
***ਪੰਨਾ - 820***

ਉਸ ਤੋਂ ਬਾਅਦ **'ਮਿੱਤਰ ਭਗਤੀ'** ਹੋਇਆ ਕਰਦੀ ਹੈ- ਵਾਹਿਗੁਰੂ ਨੂੰ ਮਿੱਤਰ ਕਹਿਣਾ -

***ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।***
***ਤੁਧੁ ਬਿਨ ਰੋਗ ਰਜਾਈਆ ਦਾ ਓਡਣ***
***ਨਾਗੁ ਨਿਵਾਸਾ ਦੇ ਰਹਿਣਾ॥***

ਮਿੱਤਰ ਨੂੰ ਸੁਨੇਹਾ ਦੇ ਰਹੇ ਨੇ ਗੁਰੂ ਦਸ਼ਮੇਸ਼ ਪਾਤਸ਼ਾਹ। ਮਾਛੀਵਾੜੇ ਦੇ ਜੰਗਲ ਦੇ ਵਿਚ ਠੰਡੀ ਧਰਤੀ ਤੇ ਪਏ ਹੋਏ ਟਿੰਡ ਦਾ ਸਿਰ੍ਹਾਣਾ ਲਾਇਆ ਹੋਇਆ ਹੈ, ਧਰਤੀ ਮੀਂਹ ਪੈਣ ਕਰਕੇ ਗਿੱਲੀ ਹੋ ਚੁੱਕੀ ਹੈ, ਪੋਹ ਦਾ ਮਹੀਨਾ ਹੈ, ਕੱਪੜਾ ਉੱਪਰ ਵਾਸਤੇ ਕੋਈ ਨਹੀਂ ਹੈ, ਪੈਰਾਂ ਦੇ ਵਿਚ ਕੰਡੇ ਲੱਗ-ਲੱਗ ਕੇ ਕੋਈ ਥਾਂ ਚਰਨਾਂ ਵਿਚ ਐਸਾ ਨਹੀਂ ਰਿਹਾ ਜਿਥੇ ਕੰਡਾ ਨਾ ਚੁਭਿਆ ਹੋਵੇ, ਖੂਨ ਸਿਮਿਆ ਪਿਆ ਹੈ ਤੇ ਉਸ ਵੇਲੇ ਮਹਾਰਾਜ ਆਪਣੇ ਮਿੱਤਰ ਦੀ ਯਾਦ ਵਿਚ ਸੁਨੇਹਾ ਕਿਹੋ ਜਿਹਾ ਦਿੰਦੇ ਹਨ। ਸਾਡੀਆਂ ਅੱਖਾਂ ਖੋਲ੍ਹਦੇ ਹਨ। ਉਲਾਂਭਾ ਕੋਈ ਨਹੀਂ ਦਿੰਦੇ ਕਿ ਹੇ ਪ੍ਰਭੂ! ਤੂੰ ਇਹ ਕੀ ਕੀਤਾ, ਕਿਥੇ ਮੇਰੇ ਬੱਚੇ ਚਲੇ ਗਏ, ਕਿੱਥੇ ਅਨੰਦਪੁਰ ਸਾਹਿਬ ਚਲਿਆ ਗਿਆ? ਐਸੀ ਬਾਤ ਨਹੀਂ ਹੈ। ਕਹਿੰਦੇ ਨੇ, ਹੇ ਪ੍ਰਭੂ! ਤੂੰ ਮੈਨੂੰ ਮਨੋ ਨਾ ਵਿਸਾਰ। ਜੇ ਤੂੰ ਮੇਰੇ ਮਨੋ ਨਹੀਂ ਵਿਸਰਦਾ ਤਾਂ ਇਹ ਜਿਹੜਾ ਥਾਂ ਹੈ ਜਿਥੇ ਮੈਂ ਪਿਆ ਹੋਇਆ ਹਾਂ ਇਹ ਖੇੜਿਆਂ ਨਾਲੋਂ ਮੈਨੂੰ ਬਹੁਤ ਸੁਖਾਲਾ ਹੈ। ਖੇੜੇ ਤਾਂ ਭੱਠ ਵਰਗੇ ਲਗਦੇ ਨੇ ਤੇ ਇਹ ਥਾਂ ਮੈਨੂੰ ਬਹੁਤ ਵਧੀਆ ਲਗਦਾ ਹੈ ਕਿਉਂਕਿ ਤੂੰ ਮੇਰਾ ਮਿਤਰ ਹੈਂ। ਤੂੰ ਇਹ ਚਾਹੁੰਦਾ ਹੈਂ ਕਿ ਮੈਂ ਏਥੇ ਹੀ ਪਵਾਂ। ਮੈਂ ਤੇਰੀ ਰਜ਼ਾਅ ਵਿਚ ਰਾਜ਼ੀ ਹਾਂ। ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਧਾਰਨਾ - ਹਾਲ ਮੁਰੀਦਾਂ ਦਾ ਕਹਿਣਾ - 4, 2.***
***ਮਿਤ੍ਰ ਪਿਆਰੇ ਨੂੰ ਕਹਿਣਾ - 2, 2.***
***ਹਾਲ ਮੁਰੀਦਾ ਦਾ ਕਹਿਣਾ - 4, 2.***
***ਤੁਧ ਬਿਨ ਰੋਗ ਰਜਾਈਆਂ ਦਾ ਓਢਣੁ - 2.***

*ਨਾਗ ਨਿਵਾਸਾ ਦੇ ਰਹਿਣਾ - 2.*
*ਸੂਲ ਸੁਰਾਹੀ ਖੰਜਰ ਪਿਆਲਾ -2.*
*ਬਿੰਗ ਕਸਾਈਆਂ ਦਾ ਸਹਿਣਾ - 2.*
*ਯਾਰੜੇ ਦਾ ਸਾਨੂੰ ਸਥਰ ਚੰਗਾ - 2.*
*ਭੱਠ ਖੇੜਿਆਂ ਦਾ ਰਹਿਣਾ - 2.*
*ਮਿਤ੍ਰ ਪਿਆਰੇ ਨੂੰ ਕਹਿਣਾ - 2.*
*ਹਾਲ ਮੁਰੀਦਾਂ ਦਾ ਕਹਿਣਾ - 2.*

ਕਿਹੋ ਜਿਹੀ ਹਾਲਤ ਹੈ, ਕੋਈ ਉਲਾਂਭਾ ਨਹੀਂ ਦੇ ਰਹੇ, ਕੋਈ ਸ਼ਿਕਵਾ ਨਹੀਂ ਕਰ ਰਹੇ, ਕੋਈ ਆਪਣੀ ਦਲੀਲ ਨਹੀਂ ਦੱਸੀ ਜਾ ਰਹੀ। ਚਾਰੇ ਸਾਹਿਬਜ਼ਾਦੇ ਵਿਛੁੜ ਚੁੱਕੇ ਨੇ, ਮਾਤਾਵਾਂ ਵਿਛੁੜ ਚੁੱਕੀਆਂ ਨੇ, ਸਾਰੇ ਸਿੰਘ ਤਿੰਨ ਸਿੰਘਾਂ ਨੂੰ ਛੱਡ ਕੇ, ਸ਼ਹੀਦ ਹੋ ਗਏ। ਭਾਈ ਦਇਆ ਸਿੰਘ ਆਦਿ ਤਿੰਨ ਸਿੰਘ ਚਮਕੌਰ ਦੀ ਘਿਰੀ ਹੋਈ ਗੜ੍ਹੀ ਵਿਚੋਂ ਆਪ ਦੇ ਨਾਲ ਦੁਸ਼ਮਣ ਫੌਜਾਂ ਦੇ ਪਾਏ ਹੋਏ ਘੇਰੇ ਵਿਚੋਂ ਨਿਕਲੇ ਸੀ, ਉਹ ਵੀ ਯੁੱਧ ਦੀ ਹਫੜਾ ਦਫੜੀ ਵਿਚ ਵਿਛੜ ਗਏ ਲੇਕਿਨ ਆਪਣੇ ਮਿੱਤਰ ਨੂੰ ਕੋਈ ਉਲਾਂਭਾ ਨਹੀਂ ਦਿੰਦੇ। ਇਸ ਨੂੰ **'ਸਖਾ ਭਗਤੀ'** ਕਹਿੰਦੇ ਹਨ - ਉਸ ਦੀ ਰਜ਼ਾਅ ਵਿਚ ਰਾਜ਼ੀ ਰਹਿਣਾ। ਜਿਥੇ ਰੱਖਦਾ ਹੈ ਉਥੇ ਹੀ ਠੀਕ ਹੈ।

ਇਸ ਤੋਂ ਬਾਅਦ ਹੋਇਆ ਕਰਦੀ ਹੈ - **'ਦਾਸਾ ਭਗਤੀ।'** ਆਪਣੇ ਆਪ ਨੂੰ ਦਾਸ ਸਮਝਣਾ, ਮੁੱਲ ਖਰੀਦਿ ਗੁਲਾਮ ਸਮਝਣਾ।

*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥*
*ਗੁਰ ਕੀ ਬਚਨੀ ਹਾਟਿ ਬਿਕਾਨਾ*
*ਜਿਤੁ ਲਾਇਆ ਤਿਤੁ ਲਾਗਾ॥* *ਪੰਨਾ - 991*

ਗੁਲਾਮ ਸਮਝਣਾ ਆਪਣੇ ਆਪ ਨੂੰ, ਕੋਈ ਮੰਗ ਨਾ ਰੱਖਣੀ। ਗੁਲਾਮ ਦੀ ਕੋਈ ਮੰਗ ਹੋਇਆ ਨਹੀਂ ਕਰਦੀ। ਸੋ ਇਸ ਤਰ੍ਹਾਂ ਨਾਲ **'ਦਾਸਾ ਭਗਤੀ'** ਹੁੰਦੀ ਹੈ-

*ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ॥* *ਪੰਨਾ - 132*

ਮੈਂ ਤਾਂ ਗੋਲਾ ਹਾਂ ਪਾਤਸ਼ਾਹ ਤੇਰਾ। ਸੋ ਇਸ ਤੋਂ ਬਾਅਦ ਹੋਇਆ ਕਰਦਾ ਹੈ, ਆਪਣਾ ਸਭ ਕੁਛ ਵਾਹਿਗੁਰੂ ਦੇ ਅਰਪਣ ਕਰ ਦੇਣਾ -

*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥*
*ਪੰਨਾ - 383*

ਸਰੀਰ ਵੀ, ਮੇਰਾ ਜੀਉ ਭੀ, ਸਭ ਕੁਝ ਤੇਰਾ ਹੈ; ਹੇ ਪ੍ਰਭੂ! ਮੇਰਾ ਕੁਝ ਨਹੀਂ ਹੈ। ਤੇ ਫੇਰ **'ਪਰਾ ਭਗਤੀ'** ਹੋਇਆ ਕਰਦੀ ਹੈ ਕਿ ਤੂੰ ਹੀ ਸਾਰਿਆਂ ਵਿਚ ਵਿਆਪਕ ਹੈਂ। ਫੇਰ **'ਅਪਰਾ ਭਗਤੀ'** ਹੋਇਆ ਕਰਦੀ ਹੈ - ਆਖਰੀ ਭਗਤੀ। ਉਸ ਦੇ ਵਿਚ ਤੂੰ ਅਤੇ ਮੈਂ ਦਾ ਭੇਦ ਨਹੀਂ ਰਿਹਾ ਕਰਦਾ -

*ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ॥*
*ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ॥*
*ਪੰਨਾ - 672*

ਹੇ ਪ੍ਰਭੂ ਤੈਥੋਂ ਵਖਰਾ ਮੇਰਾ ਕੁਝ ਭੀ ਨਹੀਂ ਰਿਹਾ, ਸੋਨੇ ਦੇ ਗਹਿਣੇ ਸੋਨਾ ਹੀ ਬਣ ਗਏ। ਥੈਲੀ ਵਿਚ ਸੋਨੇ ਦੇ ਗਹਿਣੇ ਪਏ ਹਨ, ਅਣਜਾਣ ਲੋਕ ਸੋਨੇ ਦੇ ਵੱਖੋ ਵਖਰੇ ਗਹਿਣਿਆਂ ਦਾ ਨਾਮ ਲੈ ਕੇ ਦਸਣਗੇ ਪਰ ਜੌਹਰੀ ਕਹੇਗਾ ਕਿ ਇਹ ਸਭ ਸੋਨਾ ਹੀ ਹੈ। ਅਸਲ ਵਿਚ ਹੈ ਤਾਂ ਇਹ ਸੋਨਾ ਹੀ, ਵੱਖੋ ਵਖਰੇ ਗਹਿਣਿਆਂ ਦੇ ਰੂਪ, ਆਕਾਰ ਨੇ ਵੱਖਰੇ ਨਾਮ ਰਖਾਏ ਹੋਏ ਹਨ। ਜੌਹਰੀ ਦੀ ਦ੍ਰਿਸ਼ਟੀ ਵਿਚ ਥੈਲੀ ਵਿਚ ਪਏ ਗਹਿਣੇ ਸੋਨਾ ਹੀ ਹੈ। ਪਰਾ ਭਗਤੀ ਵਿਚ ਇਹ ਸਾਰਾ ਸੰਸਾਰ ਪ੍ਰਭੂ ਹੀ ਹੈ।

ਸੋ ਮਹਾਰਾਜ ਕਹਿਣ ਲੱਗੇ, "ਰਾਜਨ! ਜਦੋਂ ਅਸੀਂ ਇਸ ਤਰ੍ਹਾਂ ਦੇ ਨਾਲ ਭਗਤੀ ਕਰਾਂਗੇ, ਗੁਰੂ ਭਗਤੀ ਕਰਾਂਗੇ, ਇਹ ਸਾਰਿਆਂ ਨਾਲੋਂ ਸ੍ਰੇਸ਼ਠ ਹੁੰਦੀ ਹੈ।"

ਪਿਛਲੇ ਪ੍ਰੋਗਰਾਮਾਂ ਵਿਚ ਦੱਸਿਆ ਸੀ ਕਿ ਬਾਬਾ ਫਰੀਦ ਜੀ ਨੇ ਕਿੰਨਾ ਤਪ ਸਾਧਿਆ, ਸਰੀਰ ਸੁੱਕ ਗਿਆ, ਕਾਵਾਂ ਨੇ ਮੁਰਦਾ ਸਮਝ ਕੇ ਖਾਣਾ ਚਾਹਿਆ। ਫਰੀਦ ਨੇ ਕਿਹਾ ਕਿ ਨਾ, ਹੇ ਕਾਗ! ਮੈਨੂੰ ਅਜੇ ਨਾ ਖਾਓ, ਮੇਰੀਆਂ ਅੱਖਾਂ ਨਾ ਛੇੜੋ, ਬਾਕੀ ਮਾਸ ਬੇਸ਼ੱਕ ਖਾ ਲਓ -

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥*
*ਪੰਨਾ - 1382*

ਅਜੇ ਮੈਨੂੰ ਰੱਬ ਦੇ ਮਿਲਣ ਦੀ ਆਸ ਹੈ, ਮੇਰੇ ਨੇਤਰ ਨਾ ਛੇੜਿਓ -

*ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥*
*ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥*
*ਪੰਨਾ - 1382*

ਮੇਰਾ ਮਾਸ ਨਾ ਖਾਉ, ਮੈਨੂੰ ਅਜੇ ਪ੍ਰਭੂ ਦਾ ਮਿਲਾਪ ਹੋਣਾ ਹੈ। ਉਸ ਵੇਲੇ ਆਵਾਜ਼ ਆਈ ਕਿ ਫਰੀਦ! ਕਿਹੜੇ ਰਸਤੇ ਪੈ ਗਿਆ ਹੈਂ? ਇਸ ਰਸਤੇ ਬਹੁਤ ਦੇਰ ਵਿਚ ਪਹੁੰਚੇਂਗਾ। ਵਾਹਿਗੁਰੂ ਤੇਰੇ ਅੰਦਰ ਵਸਦਾ ਹੈ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥*
*ਪੰਨਾ - 1378*

ਤੂੰ ਕਿਸੇ ਪੂਰਨ ਮਹਾਂਪੁਰਸ਼ ਦੀ ਸ਼ਰਨ ਵਿਚ ਜਾਹ। ਉਥੇ ਜਾ ਕੇ ਉਸਦੀ ਸੇਵਾ ਕਰ, ਗੁਰੂ ਭਗਤੀ ਕਰ। ਸੋ ਉਸ ਵੇਲੇ ਅਜਮੇਰ ਸ਼ਰੀਫ ਦੇ ਅੰਦਰ ਖੁਆਜਾ ਬਖਤਿਆਰ ਕਾਕੀ, ਕੋਲ ਜਾ ਕੇ ਉਸ ਨੂੰ ਮੁਰਸ਼ਦ ਧਾਰਨ ਕਰਕੇ ਬੜੀ ਸੇਵਾ ਕੀਤੀ। 14 ਸਾਲ ਲਗਾਤਾਰ, ਜਿਸ ਤਰ੍ਹਾਂ ਗੁਰੂ ਅੰਗਦ ਸਾਹਿਬ ਦੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਸੇਵਾ ਕੀਤੀ, ਉਸ ਤਰ੍ਹਾਂ ਸੇਵਾ ਕਰਦਾ ਹੈ। ਉਸ ਤੋਂ ਬਾਅਦ ਗੁਰੂ ਨੇ ਦੇਖਿਆ, ਮੁਰਸ਼ਦ ਨੇ ਦੇਖਿਆ ਕਿ ਇਸ ਨੂੰ ਦੀਖਸ਼ਾ ਦੇਣ ਦਾ ਮੌਕਾ ਆ ਗਿਆ ਹੈ। ਹੁਣ ਇਸ ਨੂੰ ਦੋ ਤੋਂ ਇਕ ਕਰ ਦੇਈਏ, ਵਾਹਿਗੁਰੂ ਦੇ ਦਰਸ਼ਨ ਕਰਾ ਦੇਈਏ ਲੇਕਿਨ ਕਸਵੱਟੀ ਲਾ ਦਿਤੀ। ਬਹੁਤ ਮੀਂਹ ਪੈਣ ਲੱਗ ਗਿਆ। ਅੰਮ੍ਰਿਤ ਵੇਲੇ ਉੱਠ ਕੇ ਗਰਮ ਪਾਣੀ ਕਰਕੇ ਇਸ਼ਨਾਨ ਕਰਾਇਆ ਕਰਦਾ ਸੀ। ਮੀਂਹ ਪੈਣ ਕਰਕੇ ਉਸ ਟੋਏ ਵਿਚ ਪਾਣੀ ਚਲਿਆ ਗਿਆ ਜਿਥੇ ਅੱਗ ਦੱਬ ਕੇ ਰਖਦੇ ਸਨ।

ਅੰਮ੍ਰਿਤ ਵੇਲੇ ਜਾਗ ਆਈ। ਸਰਦੀ ਦਾ ਮਹੀਨਾ ਹੈ। ਹੈਰਾਨ ਹੋ ਗਿਆ ਕਿ ਅੱਗ ਤਾਂ ਬੁਝ ਗਈ, ਹੁਣ ਮੈਂ ਕੀ ਕਰਾਂ। ਮੇਰੀ ਸੇਵਾ ਵਿਚ ਵਿਘਨ ਪੈ ਗਿਆ। ਅੱਜ ਪਤਾ ਨਹੀਂ ਮੁਰਸ਼ਦ ਨਰਾਜ਼ ਹੋ ਕੇ ਮੈਨੂੰ ਕੀ ਕਹਿ ਦੇਵੇ। ਬਾਹਰ ਨਿਕਲਿਆ, ਹਿੰਮਤ ਨਹੀਂ ਪੈਂਦੀ। ਅਖੀਰ ਕੰਬਲੀ ਦਾ ਝੁੰਮ ਮਾਰ ਕੇ ਸ਼ਹਿਰ ਵੱਲ ਨੂੰ ਚਲਿਆ ਗਿਆ। ਇਕ ਵੇਸਵਾ ਦੇ ਦੁਆਰੇ ਚਲਿਆ ਗਿਆ। ਉਥੇ ਆਵਾਜ਼ ਦਿਤੀ, "ਬੀਬਾ! ਬੀਬਾ! ਦਰਵਾਜ਼ਾ ਖੋਲ੍ਹ।"

ਕਹਿਣ ਲੱਗੀ, "ਕੌਣ ਹੈ?"

"ਮੈਂ ਫਰੀਦ ਹਾਂ।"

"ਕੌਣ ਫਰੀਦ?"

"ਮੈਂ ਖੁਆਜਾ ਦਾ ਮੁਰੀਦ ਹਾਂ।"

"ਫਰੀਦ! ਤੈਨੂੰ ਪਤਾ ਹੈ ਤੂੰ ਕਿਥੇ ਆ ਗਿਆ ਹੈਂ? ਇਸ ਦੁਆਰੇ ਤੋਂ ਤਾਂ ਨਰਕਾਂ ਦਾ ਟਿਕਟ ਮਿਲਦਾ ਹੈ, ਏਥੇ ਮੁਰੀਦਾਂ ਤੇ ਪੀਰਾਂ ਦਾ ਥਾਂ ਨਹੀਂ ਹੈ, ਤੂੰ ਕੋਈ ਹੋਰ ਦਰਵਾਜ਼ਾ ਦੇਖ।"

"ਬੇਟੀ! ਮੈਨੂੰ ਤੇਰੇ ਨਾਲ ਕੰਮ ਹੈ, ਤੂੰ ਮੇਰੀ ਇਕ ਬੇਨਤੀ ਸੁਣ, ਦਰਵਾਜ਼ਾ ਖੋਲ੍ਹ।"

ਅਖੀਰ ਦਰਵਾਜ਼ਾ ਖੋਲ੍ਹਿਆ। ਕਹਿਣ ਲੱਗਿਆ, "ਮੈਂ ਮੁਰਸ਼ਦ ਦਾ ਇਸ਼ਨਾਨ ਕਰਾਉਣਾ ਹੈ, ਅੱਗ ਬੁਝ ਚੁੱਕੀ ਹੈ, ਅੱਗ ਮਿਲਦੀ ਨਹੀਂ ਹੈ, ਉਸਦੇ ਇਸ਼ਨਾਨ ਦਾ ਸਮਾਂ ਹੋ ਚੁੱਕਿਆ ਹੈ। ਕ੍ਰਿਪਾ ਕਰਕੇ ਮੈਨੂੰ ਥੋੜ੍ਹੀ ਅੱਗ ਦੇ ਦੇਵੋ।"

ਕਹਿਣ ਲੱਗੀ, "ਫਰੀਦਾ! ਬੜਾ ਪਿਆਰ ਹੈ ਮੁਰਸ਼ਦ ਦੇ ਨਾਲ?"

"ਬੀਬਾ! ਮੇਰਾ ਤਾਂ ਸਭ ਕੁਝ ਹੀ ਮੁਰਸ਼ਦ ਹੈ। ਮੇਰਾ ਗੁਰੂ ਹੈ। ਜੇ ਉਹ ਖੁਸ਼ ਹੈ ਤਾਂ ਸਾਰਾ ਸੰਸਾਰ ਖੁਸ਼ ਹੈ। ਜੇ ਉਹ ਨਾਰਾਜ਼ ਹੈ ਤਾਂ ਸਾਰਾ ਸੰਸਾਰ ਮੇਰੇ ਨਾਲ ਨਾਰਾਜ਼ ਹੈ।"

"ਫਰੀਦ! ਅੱਗ ਲੈਣ ਲਈ ਕੀਮਤ ਦੇਣੀ ਪਵੇਗੀ, ਸਰੀਰ ਦਾ ਕੋਈ ਅੰਗ ਕਟਾਉਣਾ ਪਏਗਾ।"

"ਬੇਟੀ! ਜੋ ਅੰਗ ਕਹੇਂ, ਸਿਰ ਚਾਹੇਂ ਸਿਰ ਵੀ ਮੈਂ ਕਟਾ ਦੇਣ ਨੂੰ ਤਿਆਰ ਹਾਂ ਪਰ ਮੈਨੂੰ ਅੱਗ ਦੇ ਦੇ।" ਕਿਉਂਕਿ –

***ਤਨ ਗੰਦਗੀ ਕੀ ਕੋਠੜੀ ਹਰਿ ਹੀਰਿਆਂ ਕੀ ਖਾਣ।***
***ਸਿਰ ਦਿਤਿਆਂ ਜੇ ਹਰਿ ਮਿਲੇ ਤਾਂ ਭੀ ਸਸਤਾ ਜਾਣ।***

"ਠੀਕ ਹੈ। ਸਿਰ ਮੈਂ ਕੀ ਕਰਨਾ ਹੈ, ਮੈਨੂੰ ਅੱਖ ਦਾ ਡੇਲਾ ਕੱਢ ਕੇ ਦੇ ਦੇ।"

"ਬੇਟਾ! ਛੁਰੀ ਲਿਆ ਦਿਓ।"

ਛੁਰੀ ਲਿਆਂਦੀ, ਪਲੇਟ ਲਿਆਂਦੀ। ਅੱਖ ਮੂਹਰੇ ਕਰ ਦਿਤੀ। ਕਹਿੰਦਾ, "ਲਓ, ਕੱਢ ਲਵੋ।"

"ਐਂ ਨਹੀਂ, ਆਪੇ ਕੱਢ ਕੇ ਦੇਹ।"

ਅੱਖ ਕੱਢ ਦਿਤੀ। ਇਸ ਦੇ ਵਾਸਤੇ ਐਸਾ ਫੁਰਮਾਨ ਹੈ–

***ਧਾਰਨਾ – ਡੇਰਾ ਨੀ ਜਿੰਦੇ, ਸਿਰ ਤੋਂ ਪਰ੍ਹੇ ਹੈ ਪ੍ਰੇਮ ਦਾ –2, 2.***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥ ਪੰਨਾ – 1412***

ਬਹੁਤ ਔਖਾ ਹੈ। ਸੋ ਉਸ ਵੇਲੇ ਗੁਰੇਜ਼ ਨਹੀਂ ਕੀਤਾ। ਛੁਰੀ ਲੈ ਲਈ, ਡੇਲਾ ਕੱਢ ਕੇ ਦੇ ਦਿਤਾ, ਅੱਗ ਦਾ ਕੋਲਾ ਲਿਆ ਕੇ ਉਸ ਨੇ ਦੇ ਦਿਤਾ। ਉਸ ਅੱਗ ਨੂੰ ਲਿਆ ਕੇ ਮੁਰਸ਼ਦ ਦਾ ਇਸ਼ਨਾਨ ਕਰਾਇਆ। ਅੱਖ ਬੰਨ੍ਹੀ ਹੋਈ ਹੈ। ਕੋਈ 'ਹਾਏ' ਨਹੀਂ ਕਰੀ, ਕੋਈ 'ਸੀ' ਨਹੀਂ ਕਰੀ, ਸਾਰੀ ਪੀੜਾ ਅੰਦਰ ਜਰ ਰਹੇ ਨੇ। ਉਸ ਵੇਲੇ ਇੰਜੈਕਸ਼ਨ ਜਾਂ pain killer (ਦਰਦ ਨਾਸ਼ਕ ਗੋਲੀਆਂ) ਤਾਂ ਹੁੰਦੀਆਂ ਨਹੀਂ ਸਨ ਕਿ ਦਰਦ ਹਟ ਜਾਏ। ਬੇਅੰਤ ਦਰਦ ਹੋ ਰਿਹਾ ਹੈ, ਡੇਲਾ ਕੱਢਿਆ ਹੋਇਆ ਹੈ। ਉਸੇ ਤਰ੍ਹਾਂ ਇਸ਼ਨਾਨ ਕਰਾ ਕੇ, ਆਪ ਇਸ਼ਨਾਨ ਕੀਤਾ ਤੇ ਇਕ ਕੋਨੇ ਵਿਚ ਜਾ ਕੇ ਬੈਠ ਗਏ। ਬੜੀ ਬਿਰਤੀ ਲੱਗੀ, ਫੁਰਨਾ ਕੋਈ ਨਹੀਂ ਆ ਰਿਹਾ। ਸਵੇਰ ਵੇਲੇ ਵੀ ਨਹੀਂ ਉੱਠੇ, ਉਵੇ ਜਿਵੇਂ ਬੈਠੇ ਨੇ। ਜਦੋਂ ਉਸ ਦਾ ਮੁਰਸ਼ਦ ਸਮਾਧੀ ਤੋਂ ਉਥਾਨ ਹੋਇਆ ਤਾਂ ਉਸ ਨੇ ਪੁੱਛਿਆ ਕਿ ਹੋਰ ਤਾਂ ਸਾਰੇ ਨਜ਼ਰ ਆਉਂਦੇ ਹਨ, ਫਰੀਦ ਕਿਥੇ ਹੈ? ਮੁਰੀਦਾਂ ਨੇ ਕਿਹਾ "ਮਹਾਰਾਜ, ਉਹ ਗੋਸ਼ੇ ਵਿਚ ਬੈਠਾ ਹੈ, ਕੋਨੇ ਵਿਚ ਬੈਠਾ ਹੈ।" ਕੰਧ ਵੱਲ ਨੂੰ ਮੂੰਹ ਕਰਕੇ ਬੈਠਣਾ 'ਗੋਸ਼ਾ ਨਸ਼ੀਨੀ' ਕਹਾਉਂਦਾ ਹੈ। ਕਹਿਣ ਲੱਗੇ, "ਬੁਲਾਓ ਉਸ ਨੂੰ।" ਜਦ ਬੁਲਾਇਆ, ਸਾਮ੍ਹਣੇ ਆਇਆ ਤਾਂ ਕੀ ਦੇਖਿਆ ਕਿ ਅੱਖ ਤੇ ਪੱਟੀ ਬੰਨ੍ਹੀ ਹੋਈ ਹੈ। ਉਸ ਨੂੰ ਵੇਖ ਕੇ ਕਹਿਣ ਲੱਗੇ, "ਫਰੀਦਾ! ਅੱਖ ਤੇ ਪੱਟੀ ਕਿਉਂ ਬੰਨ੍ਹੀ ਹੈ?" ਉਸ ਵੇਲੇ ਸਮਾਂ ਸੀ ਕਿ ਫਰੀਦ ਆਪਣਾ ਆਪ ਜ਼ਾਹਰ ਕਰਦਾ ਕਿ ਮੁਰਸ਼ਦ! ਇਸ ਤਰ੍ਹਾਂ ਦੇ ਨਾਲ ਮੈਂ ਗਿਆ, ਅੱਗ ਬੁਝ ਗਈ ਸੀ ਤਾਂ ਇਕ ਬੀਬੀ ਐਡੀ ਸਖਤ ਸੀ ਕਿ ਉਸ ਨੇ ਡੇਲਾ ਲੈ ਕੇ ਮੈਨੂੰ ਅੱਗ ਦਾ ਕੋਲਾ ਦਿਤਾ। ਪਰ ਬਿਲਕੁਲ ਨਹੀਂ ਕਿਹਾ ਕਿਉਂਕਿ ਵਿਸ਼ਵਾਸ਼ ਸੀ ਕਿ ਮੇਰਾ ਮੁਰਸ਼ਦ ਘਟ-ਘਟ ਦੀ ਜਾਨਣ ਵਾਲਾ ਹੈ, ਸਮਰੱਥ ਪੁਰਸ਼ ਹੈ, ਇਸ ਦਾ ਹੀ ਖੇਲ੍ਹ ਹੈ, ਇਸੇ ਨੇ ਕਸਵੱਟੀ ਲਾਈ ਹੈ –

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥***
***ਪੰਨਾ – 1366***

ਦੂਜੇ ਤੋਂ ਨਹੀਂ ਸਹਿ ਹੋਇਆ ਕਰਦੀ, ਦੁਨੀਆਂਦਾਰ ਨਹੀਂ ਸਹਿ ਸਕਦਾ। ਇਸ ਤਰ੍ਹਾਂ ਜਿਨ੍ਹਾਂ ਨੇ ਤਨ-ਮਨ-ਧਨ ਰੱਬ ਨੂੰ ਸੌਂਪ ਦਿਤਾ, ਆਪਣਾ ਜਾਣਦਾ ਹੀ ਨਹੀਂ ਕੁਝ ਵੀ, ਉਹ ਕਸਵੱਟੀ ਸਹਿ ਸਕਦੇ ਹਨ। ਕੋਈ ਬਾਤ ਨਹੀਂ ਕਹੀ। ਐਨਾ ਹੀ ਕਿਹਾ ਕਿ ਅੱਖ ਆਈ ਹੋਈ ਹੈ। ਮੁਰਸ਼ਦ ਨੇ ਕਿਹਾ, "ਫਰੀਦ! ਗਈਆਂ ਹੋਈਆਂ ਅੱਖਾਂ ਬੰਨ੍ਹੀਦੀਆਂ ਹਨ, ਆਈਆਂ ਹੋਈਆਂ ਨਹੀਂ ਬੰਨ੍ਹੀਦੀਆਂ।" ਐਨੀ ਗੱਲ ਕਹਿਣ ਦੀ ਦੇਰ ਸੀ, ਪੱਟੀ ਲਾਹ ਦਿਤੀ। ਸਾਰੇ ਮੁਰੀਦ ਹੈਰਾਨ ਹੋ ਗਏ ਕਿ ਉਸ ਦੀ ਅੱਖ ਦਾ ਡੇਲਾ ਸਾਬਤ ਹੈ ਪਰ ਦੂਜੀ ਅੱਖ ਦੇ ਡੇਲੇ ਨਾਲੋਂ ਕੁਝ ਛੋਟਾ ਹੈ। ਉਸ ਵੇਲੇ ਮੁਰਸ਼ਦ ਉੱਠਿਆ, ਬੁੱਕਲ ਵਿਚ ਲੈ

ਲਿਆ, ਉਪਦੇਸ਼ ਦਿਤਾ –

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਪੰਨਾ – 306***

ਜੀਵ ਤੇ ਬ੍ਰਹਮ ਦੀ ਏਕਤਾ ਕਰਾ ਦਿਤੀ, ਦ੍ਰਿਸ਼ਟੀ ਖੋਲ੍ਹ ਦਿਤੀ ਤੇ ਫਰੀਦ ਨੂੰ ਇਕੋ ਹੀ ਨਜ਼ਰ ਆ ਰਿਹਾ ਹੈ, ਦੂਸਰਾ ਨਹੀਂ ਨਜ਼ਰ ਆ ਰਿਹਾ। ਰੂਹਾਨੀਅਤ ਦੀ ਆਖਰੀ ਮੰਜ਼ਲ ਫਨਾਹ–ਏ–ਅੱਲਾਹ ਵਿਚ ਪਹੁੰਚਾ ਕੇ ਪੂਰਾ ਕਰ ਦਿਤਾ। ਰੂਹਾਨੀਅਤ ਦੀ ਮੰਜ਼ਲ ਪ੍ਰਾਪਤ ਕਰਨ ਲਈ 24 ਸਾਲ ਤਪ ਕੀਤਾ, ਕੁਝ ਪ੍ਰਾਪਤ ਨਾ ਹੋਇਆ, ਗੁਰੂ ਦੀ ਸੇਵਾ ਕਰਨ ਦੇ ਨਾਲ ਉਹ ਮੰਜ਼ਲ ਪ੍ਰਾਪਤ ਹੋ ਗਈ, ਸਾਧ ਸੰਗਤਿ ਜੀ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਕਹਿਣ ਲੱਗੇ, "ਰਾਜਨ! ਗੱਲ ਵਿਚਾਰ ਦੀ ਹੈ। ਧੂਣੀਆਂ ਲਾ ਕੇ ਸੇਕ ਵਿਚ ਬੈਠਣ ਨਾਲ ਹਉਮੈ ਦਾ ਨਾਸ਼ ਨਹੀਂ ਹੋਣਾ। ਸਾਰੇ ਜੀਵ 'ਮੈਂ' ਭਾਵ ਕਰਕੇ ਰੱਬ ਨਾਲੋਂ ਟੁੱਟੇ ਹੋਏ ਨੇ। 'ਮੈਂ' ਕਰਕੇ ਹੀ ਇਸ ਨੂੰ ਜੀਵ ਕਹਿੰਦੇ ਨੇ, ਆਤਮਾ ਤਾਂ ਸਾਰੇ ਪਰੀਪੂਰਨ ਹੈ। ਇਸ ਜੀਵ–ਭਾਵ ਨੂੰ ਜੇ ਦੂਰ ਕਰ ਦਿਤਾ ਜਾਵੇ ਤਾਂ ਆਪੇ ਆਪ ਰਹਿ ਜਾਂਦਾ ਹੈ। ਜਿੰਨਾ ਚਿਰ 'ਮੈਂ' ਰਹਿੰਦੀ ਹੈ, ਜਦ ਤੱਕ 'ਮੈਂ' ਸਮਝਦਾ ਹੈ – ਆਪਣੇ ਆਪ ਨੂੰ; ਪੁੰਨ ਦਾਨ ਵੀ ਕਰਦਾ ਹੈ, ਤੀਰਥ ਯਾਤਰਾ ਵੀ ਕਰਦਾ ਹੈ, ਭਜਨ ਵੀ ਕਰਦਾ ਹੈ, ਸਭ ਕੁਝ ਕਰਦਾ ਹੈ। ਸ਼ੁਭ ਕਰਮਾਂ ਦਾ ਫਲ ਸਵਰਗ ਦੀ ਪ੍ਰਾਪਤੀ ਹੁੰਦੀ ਹੈ ਪਰ ਮੁਕਤੀ ਨਹੀਂ ਮਿਲ ਸਕਦੀ। ਜਦੋਂ ਤੀਕਰ ਇਸ ਜੀਵ ਵਿਚ ਆਪਣੀ ਹੋਂਦ ਦਾ ਅਹਿਸਾਸ ਅਤੇ ਮੈਂ ਮੇਰੀ (ਮਮਤਾ) ਦਾ ਅੰਸ ਰਹਿੰਦਾ ਹੈ, ਇਹ ਜੀਵ ਚੰਗੇ ਮੰਦੇ ਕਰਮਾਂ ਦਾ ਫਲ ਅਵੱਸ਼ ਭੋਗੇਗਾ ਅਤੇ ਜੰਮਦਾ ਮਰਦਾ ਰਹੇਗਾ। ਇਸ ਤਰ੍ਹਾਂ ਫੁਰਮਾਨ ਕੀਤਾ ਹੈ –

***ਧਾਰਨਾ – ਜੰਮਦਾ ਤੇ ਮਰਦਾ ਹੈ,***
***ਹਉਮੈ ਦਾ ਬੰਨ੍ਹਿਆ ਹੋਇਆ –2, 2.***
***ਹਉਮੈ ਦਾ ਬੰਨ੍ਹਿਆ ਹੋਇਆ –2, 2.***
***ਜੰਮਦਾ ਤੇ ਮਰਦਾ ਹੈ, ..........–2.***

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥***
***ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥***
***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥***
***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥***
***ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥***
***ਪੰਨਾ – 466***

ਕਹਿਣ ਲੱਗੇ, ਹਉਮੈ ਦੀਰਘ ਰੋਗ ਹੈ ਲੇਕਿਨ ਦਾਰੂ ਵੀ ਇਸ ਸਰੀਰ ਦੇ ਅੰਦਰ ਰੱਖੀ ਹੋਈ ਹੈ। ਜੇ ਪਤਾ ਲੱਗ ਜਾਵੇ ਦਾਰੂ ਦਾ, ਸਾਰੇ ਹੀ ਰਾਜ਼ੀ ਹੋ ਜਾਣ, ਸਭ ਦਾ ਰੋਗ ਹਟ ਜਾਵੇ। ਉਹ ਦਾਰੂ ਕੀ ਹੈ? ਮਹਾਰਾਜ ਕਹਿੰਦੇ, "ਉਹ ਦਾਰੂ ਹੈ 'ਨਾਮੁ' ਦੀ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥ ਪੰਨਾ – 293***

ਇਸ ਦੇਹੀ ਵਿਚ ਰੱਖੀ ਹੋਈ ਹੈ ਦਾਰੂ।

***ਹਰਿ ਅਉਖਧੁ ਸਭ ਘਟ ਹੈ ਭਾਈ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***
***ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥ ਪੰਨਾ – 259***

ਇਹ ਦਾਰੂ ਪ੍ਰਭੂ ਦਾ ਨਾਮ ਹੈ। ਜਿਥੇ ਨਾਮ ਦਾਰੂ ਹੈ ਉਥੇ ਅਨਹਦ ਨਾਦ ਅਤੇ ਅਫੁਰ ਅਵਸਥਾ ਹੈ।

***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ – 293***

ਇਸ ਦੇ ਵਾਸਤੇ ਆਪਣਾ ਇਰਾਦਾ ਦ੍ਰਿੜ੍ਹ ਹੋਣਾ ਚਾਹੀਦਾ ਹੈ, ਗੁਰੂ ਦੀ ਮਿਹਰ ਹੋਣੀ ਚਾਹੀਦੀ ਹੈ ਤਾਂ ਹਉਮੈ ਰੋਗ ਨਾਮ ਦੇ ਦੁਆਰਾ ਕੱਟ ਹੁੰਦਾ ਹੈ। ਸੋ ਹਉਮੈ ਦਾ ਰੋਗ ਲੱਗਣ ਕਰਕੇ ਇਹ ਜੀਵ ਵਾਹਿਗੁਰੂ ਤੋਂ ਵਖਰਾ ਰਹਿੰਦਾ ਹੈ। ਸਭ ਤੋਂ ਪਹਿਲਾਂ ਇਕੱਲਾ ਵਾਹਿਗੁਰੂ ਹੀ ਸੀ। ਉਹ ਆਪ ਹੀ ਇਕ ਤੋਂ ਅਨੇਕ ਹੋ ਗਿਆ। **ਹਉਮੈ ਦਾ ਜਜ਼ਬਾ ਪੈਦਾ ਹੋਣ ਦੇ ਨਾਲ ਇਸ ਦੇ ਵਿਚ 'ਮੈਂ' ਭਾਵ ਆਉਣ ਕਰਕੇ ਵਾਹਿਗੁਰੂ ਤੋਂ ਵੱਖਰਾ ਹੋ ਕੇ ਆਪਣੇ ਆਪ ਨੂੰ ਵੱਖਰਾ ਦੇਖਣ ਲੱਗ ਗਿਆ। ਹੈਰਾਨੀ ਦੀ ਗੱਲ ਹੈ ਕਿ ਹੈ ਤਾਂ ਸਭ ਕੁਝ ਵਾਹਿਗੁਰੂ ਪਰ ਹਉਮੈ ਅਧੀਨ ਆਪਣੇ ਆਪ ਨੂੰ ਨਿੱਕਾ ਜਿਹਾ ਜੀਵ ਸਮਝਣਾ ਸ਼ੁਰੂ ਕਰ ਦਿਤਾ। ਹਉਮੈ ਦਾ ਪ੍ਰਭਾਵ ਪੈਣ ਕਰਕੇ ਵਾਹਿਗੁਰੂ ਦੇ ਨਾਲੋਂ ਟੁੱਟ ਗਿਆ ਅਤੇ ਆਪਣੇ ਆਪ ਨੂੰ ਨਿਰਬਲ ਜੀਵ ਸਮਝਣ ਦਾ ਅਧਿਆਸ ਹੋ ਗਿਆ।** ਇਸ ਦੀ ਬਿਰਤੀ ਬਾਹਰ ਆ ਗਈ। ਇਹ ਜੀਵ ਰਾਮ ਦੀ ਅੰਸ਼ ਹੈ –

***ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਪੰਨਾ – 871***

ਇਹ ਪ੍ਰਕ੍ਰਿਤੀ ਜਿਸ ਨੂੰ matter ਕਹਿੰਦੇ ਹਨ – ਅੰਗਰੇਜ਼ੀ ਵਿਚ, ਅਸੀਂ ਪ੍ਰਕ੍ਰਿਤੀ ਕਹਿੰਦੇ ਹਾਂ, ਮਾਇਆ ਕਹਿੰਦੇ ਹਾਂ, ਇਸ ਦੇ ਵਿਚ ਰਲ ਗਿਆ। **ਪ੍ਰਕ੍ਰਿਤਕ ਵਸਤੂਆਂ ਦੇ ਨਾਲ ਤਾਂ ਪਾ ਲਈ ਮਿੱਤਰਤਾ ਤੇ ਵਾਹਿਗੁਰੂ ਨੂੰ ਭੁੱਲ ਗਿਆ। ਭੁੱਲਣ ਦੇ ਨਾਲ ਇਸ ਦਾ ਨਾਉਂ ਵਾਹਿਗੁਰੂ ਦੀ ਥਾਂ ਜੀਵ ਚੇਤਨ ਬਣ ਗਿਆ। ਜੀਵ ਚੇਤਨ ਹੋ ਕੇ ਇਹ ਵਾਹਿਗੁਰੂ ਨਾ ਰਿਹਾ, ਜੀਵ ਚੇਤਨ ਕਹਿਣ ਲੱਗ ਗਏ ਤੇ ਸਾਰੇ ਬ੍ਰਹਿਮੰਡਾਂ ਵਿਚ ਵਾਹਿਗੁਰੂ, ਜਿਹੜਾ ਚੇਤਨ ਤੱਤ ਹੈ, ਉਸ ਦੇ ਨਾਲੋਂ ਇਹ ਅਹੰਭਾਵ ਹੋਣ ਕਰਕੇ ਵਿਛੁੜ ਗਿਆ। ਇਸ ਦੇ ਚਿੱਤ ਵਿਚ ਜਦੋਂ ਪ੍ਰਕਾਸ਼ ਹੋਇਆ 'ਮੈਂ' ਦਾ, ਉਸ ਵੇਲੇ ਇਸ ਦਾ ਰੁੱਖ ਅੰਦਰ ਨੂੰ ਨਾ ਰਿਹਾ, ਬਾਹਰ ਨੂੰ ਹੋ ਗਿਆ। ਅੱਖਾਂ ਰਾਹੀਂ ਨੱਕ ਰਾਹੀਂ, ਆਪਣੇ ਨਿਜ ਘਰ ਤੋਂ ਬਾਹਰ ਨਿਕਲ ਗਿਆ। ਪੰਜਾਂ ਵਿਸ਼ਿਆਂ – ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਨਸ਼ਿਆਂ ਵਿਚ ਬੇਸੁਧ ਹੋ ਕੇ ਆਪਣੇ ਨਿਜ ਘਰ ਨੂੰ ਭੁੱਲ ਕੇ ਬਾਹਰ ਭਟਕ ਕੇ ਦੁਖੀ ਹੋ ਰਿਹਾ ਹੈ। ਆਪਣੇ ਜੋਤੀ ਸਰੂਪ ਨੂੰ ਭੁੱਲ ਕੇ ਪੰਜਾਂ ਤੱਤਾਂ ਦੀ, ਮਲਮੂਤਰ ਵਿਚ ਅਸ਼ੁਧ ਦੇਹੀ ਸਮਝਣ ਲਗ ਪਿਆ। ਦੇਹ ਅਧਿਆਸ ਪੱਕ ਗਿਆ। ਵਾਹਿਗੁਰੂ ਜੀ ਇਸ ਸਰੀਰ ਦੇ ਕਣ ਕਣ ਵਿਚ ਸਮਾਅ ਕੇ ਸੱਤ੍ਹਾ ਦੇ ਰਹੇ ਹਨ। ਉਸ ਸਰੂਪ ਨੂੰ ਭੁੱਲ ਕੇ ਆਪਣੇ ਆਪ ਨੂੰ ਪੰਜਾਂ ਤੱਤਾਂ ਤੋਂ ਬਣੀ ਦੇਹੀ ਸਮਝ ਕੇ ਦੁਖੀ ਹੋ ਰਿਹਾ ਹੈ। ਸਰੀਰ ਦੇ ਨੌਂ ਛਿਦਰਾਂ ਰਾਹੀਂ ਭਟਕ ਰਿਹਾ ਹੈ। ਇੰਦ੍ਰੀਆਂ ਦੇ**

**ਨਿਰਸ ਰਸਾਂ ਵਿਚ ਗ੍ਰਸਤ ਹੋਇਆ ਅੰਮ੍ਰਿਤ ਰਸ ਦੀ ਸਾਰ ਨਹੀਂ ਜਾਣਦਾ। ਆਪਣੇ ਅਸਲੀ ਘਰ ਨੂੰ ਭੁੱਲ ਚੁਕਿਆ ਹੈ। ਆਪਣੇ ਆਪ ਨੂੰ ਭੀ ਭੁੱਲ ਗਿਆ। ਜਿਹੜਾ ਵਾਹਿਗੁਰੂ ਇਸ ਦੇ ਨਾਲ ਅੰਦਰ ਵਸਦਾ ਹੈ, ਉਸ ਨੂੰ ਤਾਂ ਇਹ ਭੁੱਲ ਗਿਆ। ਉਪਮਾ ਤੋਂ ਰਹਿਤ, ਅੰਦਰ ਜੋ ਆਤਮ ਵਸਤੂ ਸੀ ਜਿਸ ਦੇ ਬਾਰੇ ਕੁਝ ਕਿਹਾ ਹੀ ਨਹੀਂ ਜਾ ਸਕਦਾ ਕਿ ਕਿੰਨਾ ਸੁੰਦਰ, ਕਿੱਡਾ ਮਿੱਤਰ, ਕਿੰਨਾ ਪਿਆਰਾ ਹੈ ਲੇਕਿਨ ਇਹ ਨੌਂ ਦਰਵਾਜ਼ਿਆਂ ਰਾਹੀਂ ਬਾਹਰ ਨਿਕਲਣ ਕਰਕੇ ਆਪਣੇ ਆਤਮ ਸਰੂਪ ਨੂੰ ਪੂਰੀ ਤਰ੍ਹਾਂ ਭੁੱਲ ਗਿਆ।** ਫੁਰਮਾਨ ਹੈ –

***ਧਾਰਨਾ – ਨਉ ਘਰ ਦੇਖਿ ਜੁ ਕਾਮਣ ਭੂਲੀ***
***ਵਸਤ ਅਨੂਪ ਨ ਪਾਈ –2, 2.***
***ਵਸਤ ਅਨੂਪ ਨ ਪਾਈ, –4, 2.***
***ਨਉ ਘਰ ਦੇਖਿ ਜੁ ਕਾਮਣ ਭੂਲੀ, ...–2.***

***'ਨਉ ਘਰ ਦੇਖਿ ਜੁ ਕਾਮਨਿ ਭੂਲੀ'।*** ਦੋ ਘਰ ਅੱਖਾਂ ਦੇ, ਦੋਇ ਕੰਨਾਂ ਦੇ, ਨਾਸਕਾ, ਇਕ ਜ਼ੁਬਾਨ, ਮਲ–ਮੂਤਰ ਇੰਦ੍ਰਿਆਂ ਦੇ, ਇਹਨਾਂ ਨੂੰ ਦੇਖ ਕੇ ਭੁੱਲ ਗਿਆ ਜੀਵ, ਬਾਹਰ ਹੀ ਤੁਰਿਆ ਫਿਰਦਾ ਹੈ ਅੰਦਰ ਨਹੀਂ ਵੜਦਾ। ਜਿਹੜੀ ਉਪਮਾ ਤੋਂ ਰਹਿਤ ਆਤਮ–ਵਸਤੂ ਇਸ ਦੇ ਅੰਦਰ ਸੀ, ਉਹ ਇਸਨੂੰ ਪ੍ਰਾਪਤ ਨਹੀਂ ਹੋਈ, ਬਾਹਰ–ਬਾਹਰ ਫਿਰਦਾ ਹੈ, ਬਾਹਰਲੇ ਹੀ ਕੰਮ ਕਰਦਾ ਹੈ –

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ॥ ਪੰਨਾ – 1263***

ਵਾਹਿਗੁਰੂ ਤੇ ਇਹ ਜੀਵ ਦੋਇ ਇਕੱਠੇ ਰਹਿੰਦੇ ਹਨ। ਪਰ 'ਹਉਮੈ' ਦਾ ਪਰਦਾ ਪੈਣ ਦੇ ਨਾਲ ਵਿਛੋੜਾ ਹੋ ਗਿਆ ਸਾਡਾ। ਹਉਮੈ ਦੀ ਕੰਧ ਬਣ ਗਈ ਜਿਸ ਨੂੰ ਕੋਈ ਭੀ ਗੁਰੂ ਬਿਨਾਂ ਨਹੀਂ ਤੋੜ ਸਕਦਾ –

***ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥***
***ਪੰਨਾ – 1263***

ਸਿਰਫ ਗੁਰੂ ਹੀ ਤੋੜਨ ਨੂੰ ਸਮਰੱਥ ਹੈ। ਜਿੰਨੇ ਜੀਅ ਚਾਹੇ ਕਰਮ ਕਰ ਲੈ ਸੰਸਾਰ ਦੇ ਅੰਦਰ, 68 ਤੀਰਥਾਂ ਦੇ ਇਸ਼ਨਾਨ ਕਰ ਲੈ, ਦਾਨ ਕਰ ਲੈ, ਹੋਰ ਜਪ ਕਰ ਲੈ, ਜਗ ਕਰ ਲੈ, ਲੇਕਿਨ ਇਹ 'ਮੈਂ' (ਹਉਮੈ) ਆਦਮੀ ਦੇ ਹਿਰਦੇ ਵਿਚੋਂ, ਅੰਤਸ਼ਕਰਣ ਵਿਚੋਂ ਦੂਰ ਨਹੀਂ ਹੁੰਦੀ। ਸੋ ਵਾਹਿਗੁਰੂ ਜੀ ਨੇ ਮਾਇਆ ਜਾਲ ਪਸਾਰ ਕੇ ਜੀਵ ਨੂੰ ਭੁਲਾ ਦਿਤਾ ਹੈ। ਵਾਹਿਗੁਰੂ ਜੀ ਹਰ ਇਕ ਦੇ ਨਾਲ ਰਹਿੰਦੇ ਹਨ, ਉਹ ਤਾਂ ਕਦੇ ਯਾਦ ਨਹੀਂ ਆਉਂਦੇ। ਵਾਹਿਗੁਰੂ ਜੀ ਨੂੰ ਭੁੱਲ ਕੇ ਮਾਇਆ ਵਿਚ ਪਰਚਿਆ ਰਹਿੰਦਾ ਹੈ। ਜਿਹੜਾ ਯਾਦ ਵਿਚ ਆਉਂਦਾ ਹੈ ਉਸ ਨੂੰ ਹਾਸਿਲ ਕਰਨ ਦਾ ਯਤਨ ਕਰਦਾ ਹੈ। ਆਹ ਸਰੀਰ ਹੀ ਲੈ ਲਓ ਆਪਣਾ। ਪਹਿਲਾਂ ਬੱਚਾ ਸੀ, ਫੇਰ ਜੁਆਨ ਹੋ ਗਿਆ, ਫੇਰ ਬੁੱਢਾ ਹੋ ਗਿਆ। ਪਰ ਵਾਹਿਗੁਰੂ ਜੀ ਇਕ ਰਸ ਹਨ, ਉਸੇ ਤਰ੍ਹਾਂ ਹੈ। ਜਿਹੋ ਜਿਹਾ ਬਚਪਨ ਵੇਲੇ ਸੀ, ਉਹੋ ਜਿਹਾ ਜੁਆਨੀ ਵੇਲੇ ਸੀ, ਉਹੋ ਜਿਹਾ ਹੀ ਹੁਣ ਹੈ ਤੇ ਉਹੋ ਜਿਹਾ ਹੀ ਅਰਬਾਂ ਖਰਬਾਂ ਸਾਲ ਨੂੰ ਹੋਵੇਗਾ, ਉਹੋ ਜਿਹਾ ਖਰਬਾਂ ਸਾਲ ਪਹਿਲਾਂ ਸੀ। ਉਹ ਬਦਲਦਾ ਹੀ ਨਹੀਂ ਹੈ। ਅਸੀਂ ਬਦਲਣ ਵਾਲੀ ਚੀਜ਼ ਨਾਲ ਮੋਹ ਪਾ ਲਿਆ। ਇਸ ਨੂੰ ਦ੍ਰਿਸ਼ਟਮਾਨ ਕਹਿੰਦੇ ਹਨ। ਉਸ ਦੇ ਵੱਲ ਹੋਣਾ ਮਾਇਆ ਦਾ ਕ੍ਰਿਸ਼ਮਾ ਹੈ ਤਾਕਤ ਹੈ ਕਿ ਉਹ ਅਸਲ ਚੀਜ਼ ਨੂੰ ਭੁਲਾ ਦਿੰਦੀ ਹੈ ਜਿਵੇਂ ਸ਼ੀਸ਼ਾ ਹੁੰਦਾ ਹੈ। ਕਈ ਸ਼ੀਸ਼ੇ ਅਜਿਹੇ ਹੋਇਆ ਕਰਦੇ ਹਨ ਕਿ ਇਕੋ ਬੰਦਾ ਦੇਖਣ ਵਾਲਾ ਹੁੰਦਾ ਹੈ, ਉਸ ਵਿਚ ਆਪਣੇ ਰੂਪ ਕਰੋੜਾਂ ਹੀ ਦਿਸਦੇ ਹਨ। ਦੇਖੀ ਜਾਂਦਾ ਹੈ, ਦੇਖੀ ਜਾਂਦਾ ਹੈ। ਸ਼ੀਸ਼ ਮਹਿਲ ਵਿਚ ਚਲੇ ਜਾਓ, ਚਾਰੇ ਪਾਸੇ ਆਪਣਾ ਆਪ ਹੀ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਦੇ ਨਾਲ ਤਿਲਸਮ ਹੈ, ਜਾਦੂ ਹੈ, ਮਾਇਆ ਨੇ ਇਸ ਜੀਵ ਨੂੰ ਭੁਲਾ ਦਿਤਾ। ਉਸੇ ਵਾਹਿਗੁਰੂ ਨੂੰ ਆਪਣਾ ਪੁੱਤਰ ਕਹਿਣ ਲੱਗ ਗਿਆ। ਉਸੇ ਨੂੰ ਆਪਣੀ ਧੀ ਕਹਿਣ ਲੱਗ ਗਿਆ, ਉਸੇ ਨੂੰ ਮੈਂ ਕਹਿਣ ਲੱਗ ਗਿਆ, ਉਸੇ ਨੂੰ ਪਿਓ ਕਹਿਣ ਲੱਗ ਗਿਆ ਮਾਇਆ ਦੇ ਪ੍ਰਭਾਵ ਕਰਕੇ ਜੀਵ ਆਪਣੇ ਅਸਲੀ ਸਰੂਪ ਨੂੰ ਭੁੱਲ ਕਰਕੇ ਅਨੇਕਤਾ ਪ੍ਰਤੀਤ ਕਰਦਾ ਭੁੱਲ ਗਿਆ ਕਿ ਇਹ ਸਾਰਾ ਖੇਲ੍ਹ ਵਾਹਿਗੁਰੂ ਜੀ ਇਕ ਤੋਂ ਅਨੇਕ ਰੂਪ ਧਾਰ ਕੇ ਕਰ ਰਹੇ ਹਨ। ਕਰਮ ਧਰਮ ਸੰਸਕਾਰਾਂ ਦੀ ਪਾਪ ਪੁੰਨ ਦੀ ਮੈਲ ਲਗਦੀ ਚਲੀ ਜਾਂਦੀ ਹੈ। ਤੀਰਥਾਂ ਤੇ ਨਹਾ ਕੇ ਨਹੀਂ ਇਹ ਮੈਲ ਲਿਹਾ ਕਰਦੀ ਕਿਉਂਕਿ ਇਹ ਮੈਲ ਪਾਣੀ ਨਾਲ ਨਹੀਂ ਧੋ ਹੁੰਦੀ, ਇਹ ਤਾਂ ਅੰਤਸ਼ਕਰਣ ਦੀ ਮੈਲ ਹੈ ਜੋ ਕੇਵਲ ਪ੍ਰਭੂ ਦੇ ਨਾਮ ਨਾਲ ਹੀ ਲਹਿੰਦੀ ਹੈ। ਗੁਰ ਗਿਆਨ ਪ੍ਰਾਪਤ ਹੋਏ ਤੋਂ ਲਹਿ ਜਾਂਦੀ ਹੈ –

***ਧਾਰਨਾ – ਤੇਰੀ ਹਉਮੈ ਦੀ ਮੈਲ ਨ ਜਾਵੇ,***
***ਤੀਰਥ ਭਾਵੇਂ ਨ੍ਹਾ ਲੈ ਸੈਂਕੜੇ –2, 2.***
***ਮੇਰੇ ਪਿਆਰੇ, ਤੀਰਥ ਭਾਵੇਂ ਨ੍ਹਾ ਲੈ ਸੈਂਕੜੇ –2, 2.***
***ਤੇਰੀ ਹਉਮੈ ਦੀ ਮੈਲ ਨ ਜਾਵੇ, ......–2.***

ਤੀਰਥ ਨਹਾ ਲੈ, ਦਾਨ ਕਰ ਲੈ ਜਿਵੇਂ ਜੀਅ ਕਰਦਾ ਹੈ, ਫਿਰ ਲੈ ਸੰਸਾਰ ਦੇ ਅੰਦਰ, ਕਰਮ ਕਰ ਲੈ, ਪੜ੍ਹ ਲੈ। ਇਹ ਮੈਲ ਨਹੀਂ ਜਾਣੀ –

***ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥***
***ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥***
***ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥***
***ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥***
***ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥***
***ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥***
***ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ।।***
***ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥***
***ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥***
***ਪੰਨਾ – 39***

ਸਾਰਾ ਦੁੱਖ ਕਿਉਂ ਹੈ? ਕਿਉਂਕਿ ਵਾਹਿਗੁਰੂ ਨੂੰ ਭੁੱਲ ਕੇ ਹਉਮੈ ਵਿਚ ਆ ਗਿਆ। ਗੁਰੂ ਨਾਨਕ ਪਾਤਿਸ਼ਾਹ ਜਦ ਸੁਮੇਰ ਪਰਬਤ ਤੇ ਗਏ, ਉਥੇ ਸਿੱਧਾਂ ਨੂੰ ਇਹ ਗੱਲ ਦੱਸੀ ਕਿ ਏਥੇ ਵਾਹਿਗੁਰੂ ਹੀ ਸੀ, ਹੋਰ ਕੋਈ ਨਹੀਂ ਸੀ। ਵਾਹਿਗੁਰੂ ਨੇ ਆਪਣੀ ਮਰਜ਼ੀ ਦੇ ਨਾਲ ਆਪਣੇ ਆਪ ਤੋਂ ਪਸਾਰਾ ਕਰਿਆ –

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***
***ਪੰਨਾ – 537***

ਕਹਿੰਦੇ, "ਹੇ ਨਾਨਕ! ਜੇ ਵਾਹਿਗੁਰੂ ਹੀ ਸੀ, ਫਿਰ ਆਹ ਦੁੱਖ ਕਿਥੋਂ ਆ ਗਿਆ ਸੰਸਾਰ ਦੇ ਅੰਦਰ, ਦੁਨੀਆਂ ਕਿਥੋਂ ਬਣ ਗਈ? ਤੂੰ ਸਾਡੀ ਗੱਲ ਮੰਨ ਲੈ ਕਿ ਏਥੇ ਚੇਤਨ ਭੀ ਸੀ, ਜੀਵ ਵੀ ਸੀ, ਪ੍ਰਕਿਰਤੀ ਵੀ ਸੀ, ਇਨ੍ਹਾਂ ਤਿੰਨੇ ਤੱਤਾਂ ਨੇ ਰਲ ਮਿਲ ਕੇ ਸੰਸਾਰ ਬਣਾਇਆ।"

ਮਹਾਰਾਜ ਕਹਿੰਦੇ, "ਨਾ, ਇਕੋ ਹੀ ਸੀ।" ਮਹਾਰਾਜ ਨੇ ਸਭ ਤੋਂ ਪਹਿਲਾ ਅੱਖਰ ਗੁਰੂ ਗ੍ਰੰਥ ਸਾਹਿਬ ਵਿਚ ੧ ਲਿਖਿਆ ਹੈ। ਇਕ ਪਹਿਲਾਂ ਸੀ, ਇਕ ਫੇਰ ਸੀ, ਇਕੋ ਹੁਣ ਹੈ, ਜਦੋਂ ਭਵਿੱਖਤ ਕਾਲ ਆਏਗਾ ਉਸ ਵੇਲੇ ਵੀ ਇਕੋ ਹੀ ਹੋਵੇਗਾ। ਇਸ ਇਕ ਨੂੰ ਹੀ ਅਸੀਂ ਏਕੰਕਾਰ ਕਹਿੰਦੇ ਹਾਂ। ਏਹੋ ਏਕੰਕਾਰ ਹੀ ਓਅੰਕਾਰ ਹੈ, ਸ਼ਬਦ ਸਮੇਤ ਹੈ, ਸ਼ਬਦ ਬ੍ਰਹਮ ਹੈ।

ਫੇਰ ਕਹਿੰਦੇ, ਇਹ ਦੂਜਾ ਕਿਥੋਂ ਬਣ ਗਿਆ? ਕਿਉਂਕਿ ਆਪ ਦਾ ਐਸਾ ਫੁਰਮਾਨ ਹੈ -

***ਧਾਰਨਾ - ਏਕੋ ਕਹੀਐ ਨਾਨਕਾ,***
***ਏਕੋ ਕਹੀਐ ਨਾਨਕਾ -2, 2.***
***ਪਿਆਰੇ ਦੂਜਾ ਕਾਹੇ ਕੂ -2, 2.***
***ਏਕੋ ਕਹੀਐ ਨਾਨਕਾ, .............-2.***

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ - 1291***

***ਕਤਹੂੰ ਸੁਚੇਤ ਹੋਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,***
***ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ॥***
***ਅਕਾਲ ਉਸਤਤਿ***

ਗੋਰਖਨਾਥ ਜੀ! ਏਥੇ ਵਾਹਿਗੁਰੂ ਹੀ ਸੀ, ਹੋਰ ਕੋਈ ਨਹੀਂ ਸੀ। ਨਾ ਮਾਇਆ ਸੀ, ਨਾ ਕੋਈ ਜੀਵ ਸੀ। ਇਹ ਸਭ ਉਸ ਦੀ ਅਗੰਮੀ ਖੇਡ ਹੈ। ਉਹ ਸਮੱਸ਼ਟ (ਕੁਲ) ਸੀ, ਮਾਇਆ, ਹਉਮੈ ਦੇ ਪ੍ਰਭਾਵ ਕਰਕੇ ਉਹ ਇਕੋ ਵਾਹਿਗੁਰੂ ਵਿਅਸ਼ਟ ਰੂਪ (ਅਨੇਕਤਾ) ਵਿਚ ਦ੍ਰਿਸ਼ਟੀ ਆ ਰਿਹਾ ਹੈ, ਇਹ ਹਉਮੈ ਕਰਕੇ ਅਗਿਆਨ ਰਾਹੀਂ ਅਧਿਆਸ ਹੋ ਜਾਣ ਕਰਕੇ ਜੀਵ ਨਜ਼ਰ ਆ ਰਿਹਾ ਹੈ। ਸੰਸਾਰ ਦੇ ਰੂਪ ਵਿਚ ਉਹ ਅਨਾਦਿ, ਆਦਿ, ਜੁਗਾਦਿ ਹੁਣ ਤੇ ਅੱਗੇ ਨੂੰ ਇਕ ਹੀ ਰਹਿਣਾ ਹੈ। ਵਖਰਾ ਪ੍ਰਤੀਤ ਦੇ ਰਿਹਾ ਹੈ। ਇਕ ਤੋਂ ਅਨੇਕ ਹੋ ਕੇ ਦਿਸ ਰਿਹਾ ਹੈ, ਇਹ ਬਾਜੀਗਰ ਦਾ ਜਾਦੂ ਵਰਤ ਰਿਹਾ ਹੈ, ਸਤਿ ਤਾਂ ਇਕੋ ਹੀ ਹੈ।

"ਪਾਤਸ਼ਾਹ! ਫੇਰ ਇਹ ਦੁੱਖ ਕਿਥੋਂ ਆ ਗਿਆ। ਵਾਹਿਗੁਰੂ ਜੀ ਤਾਂ ਸਤਿ ਚਿਤ ਅਨੰਦ ਹੈ?"

ਮਹਾਰਾਜ ਨੇ ਕਿਹਾ, "ਗੋਰਖਨਾਥ ਜੀ! ਇਹ ਜੀਵ ਹਉਮੈ ਦੇ ਅਧੀਨ ਹੋਣ ਕਰਕੇ ਵਾਹਿਗੁਰੂ ਨਾਲੋਂ ਟੁੱਟ ਗਿਆ ਅਤੇ ਪ੍ਰਕ੍ਰਿਤੀ ਦੀਆਂ ਭੁੱਲ ਭੁਲਾਈਆਂ ਵਿਚ ਫਸ ਕੇ ਪ੍ਰਮੇਸ਼ਰ ਨੂੰ ਭੁੱਲ ਗਿਆ। ਇਸ ਕਰਕੇ ਦੁਖ ਰੂਪ ਪ੍ਰਕ੍ਰਿਤੀ ਦਾ ਸੰਗ ਕਰਕੇ ਦੁਖੀ ਹੋ ਗਿਆ।"

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***
***ਪੰਨਾ - 135***

ਵਾਹਿਗੁਰੂ ਨੂੰ ਭੁੱਲ ਕੇ ਸਾਰੇ ਰੋਗ, ਸਾਰੇ ਵਿਘਨ, ਭੂਤ ਪ੍ਰੇਤ ਸਭ ਚਿੰਬੜ ਜਾਣਗੇ। ਵਾਹਿਗੁਰੂ ਨੂੰ ਯਾਦ ਕਰ ਲਓ, ਚਾਨਣੇ ਵਿਚ ਚਲੇ ਜਾਓ, ਹਨ੍ਹੇਰਾ ਦੂਰ ਹੋ ਜਾਏਗਾ। ਸਿੱਧਾਂ ਨੇ ਪ੍ਰਸ਼ਨ ਕੀਤਾ ਕਿ ਨਾਨਕ ਜੀ! ਪ੍ਰਸ਼ਨ ਤਾਂ ਇਹ ਹੈ, ਤੁਹਾਡਾ ਮਤ ਹੈ ਕਿ ਆਦਿ ਜੁਗਾਦਿ ਹੁਣ ਤੇ ਅੱਗੇ ਨੂੰ ਭੀ ਇਕੋ ਅਬਦਲ ਇਕ ਰਸ ਰਹਿਣ ਵਾਲਾ ਵਾਹਿਗੁਰੂ ਹੀ ਹੈ। ਪ੍ਰਕ੍ਰਿਤੀ ਤੇ ਮਾਇਆ ਉਸ ਦੀ ਕੀਤੀ ਹੋਈ ਹੈ, ਇਹ ਵਾਹਿਗੁਰੂ ਤੋਂ ਵੱਖ ਨਹੀਂ ਹਨ। ਪ੍ਰਮੇਸ਼ਰ ਆਨੰਦ ਸਰੂਪ ਹੈ। ਫਿਰ ਇਸ ਸੰਸਾਰ ਦੀ ਹੋਂਦ ਕਿਵੇਂ ਵਖਰੀ ਪ੍ਰਤੀਤ ਦੇਣ ਲਗ ਗਈ ਅਤੇ ਅਨੰਦ ਸਰੂਪ ਵਿਚ ਦੁਖ ਕਿਥੋਂ ਪੈਦਾ ਹੋ ਗਿਆ?

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ - 946***

ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਵਾਹਿਗੁਰੂ ਜੀ ਨੇ ਪ੍ਰਕ੍ਰਿਤੀ ਤੱਤ ਦਾ ਆਪਣੇ ਆਪ ਤੋਂ ਹੀ ਪਸਾਰਾ ਕੀਤਾ। ਚੇਤਨ ਦੇ ਪ੍ਰਕਾਸ਼ ਦਾ ਪ੍ਰਤੀਬਿੰਬ ਜਦੋਂ ਜੜ੍ਹ ਪ੍ਰਕ੍ਰਿਤੀ ਤੇ ਪਿਆ ਤਾਂ ਅਨੇਕ ਪ੍ਰਕ੍ਰਿਤਕ ਚਿੱਤਾਂ ਵਿਚ ਚੇਤਨਤਾ ਦਾ ਅਸਰ ਹੋਣ ਤੇ ਅਨੰਤ ਚਿਤਾਂ ਵਿਚ ਚੇਤਨਤਾ ਆਈ ਅਤੇ 'ਅਹੰ' (ਹਉਮੈ) ਦਾ ਅਗਿਆਨਮਈ ਪ੍ਰਕਾਸ਼ ਏਕਤਾ ਨੂੰ ਅਨੇਕਤਾ ਵਿਚ ਦ੍ਰਿਸ਼ਟਾ ਗਿਆ। ਸਮਰੱਥ ਪ੍ਰਭੂ ਅੰਸ ਅਨੇਕ ਹੋ ਕੇ ਆਤਮਾ ਤੋਂ ਜੀਵ ਆਤਮਾ ਦੀ ਉਪਾਧੀ ਧਾਰ ਕੇ ਵਖਰੀ ਪ੍ਰਤੀਤ ਦੇਣ ਲੱਗੀ। ਅੱਡ ਅੱਡ ਪ੍ਰਤੀਬਿੰਬਤ ਹੋ ਕੇ ਜੀਵ ਸਰਬ ਕਲਾ ਸਮਰੱਥ ਚੇਤਨ ਬ੍ਰਹਮ ਤੋਂ ਵਖਰਾ ਹੋ ਕੇ ਅਲਪੱਗ, ਅਸਮਰਥ, ਅਗਿਆਨੀ ਹੋ ਕੇ ਭਟਕਣ ਲੱਗਿਆ। ਜੀਵਾਂ ਦਾ ਸਮੂੰਹ ਸੰਸਾਰ ਕਹਾਉਣ ਲੱਗਿਆ ਅਤੇ ਪ੍ਰਤੀਬਿੰਬਤ ਜੋਤਿ ਬ੍ਰਹਮ ਦੀ ਥਾਂ ਜੀਵ ਕਹਾਉਣ ਲੱਗੀ। ਪ੍ਰਕ੍ਰਿਤੀ ਤੇ ਜਦੋਂ ਪ੍ਰਕਾਸ਼ ਹੋਇਆ ਤਾਂ ਇਸ ਵਿਚ ਪ੍ਰਕਾਸ਼, ਕ੍ਰਿਆ ਅਤੇ ਨਿਯਮ ਪੈਦਾ ਹੋ ਗਏ। ਰਜੋ ਤਮੋ ਅਤੇ ਸਤੋਗੁਣਾਂ ਦੇ ਪ੍ਰਭਾਵ ਕਰਕੇ ਦੁਖ ਸੁਖ ਦਾ ਅਨੁਭਵ ਜੀਵ ਨੂੰ ਪ੍ਰਤੀਤ ਦੇਣ ਲੱਗਾ। ਇਹ ਜੀਵਪੁਣੇ ਦਾ ਅਧਿਆਸ ਜੀਵ ਵਿਚ ਪੱਕਾ ਹੋ ਗਿਆ। ਇਹ ਸਾਰਾ ਖੇਲ੍ਹ ਅਹੰਭਾਵ (ਹਉਮੈ) ਕਰਕੇ ਸਤਿ ਪ੍ਰਤੀਤ ਦੇ ਰਿਹਾ ਹੈ। ਇਸ ਸਾਰੀ ਕ੍ਰਿਆ ਨੂੰ ਅਗਿਆਨ ਦੀ ਸੂਝ ਕਹਿੰਦੇ ਹਨ ਪਰ ਜਦੋਂ ਗੁਰੂ ਕ੍ਰਿਪਾ ਹੋਣ ਤੇ ਆਪਣੇ ਸਤਿ ਸਰੂਪ ਦਾ ਗਿਆਨ ਹੋ ਜਾਂਦਾ ਹੈ ਤਾਂ ਇਸ ਪਸਾਰੇ ਦਾ ਅਸਲੀ ਸਰੂਪ ਪ੍ਰਮੇਸ਼ਰ ਹੀ ਹਰ ਥਾਂ, ਹਰ ਘਟ, ਸਾਰੀ ਪ੍ਰਕ੍ਰਿਤੀ ਵਿਚ ਰਮਿਆ ਅਤੇ ਪ੍ਰਕ੍ਰਿਤੀ ਰੂਪ ਹੋਇਆ ਭਾਸਣ ਲਗ ਜਾਂਦਾ ਹੈ, ਇਸ ਸੂਝ ਨੂੰ ਨਾਮ ਕਿਹਾ ਜਾਂਦਾ ਹੈ। ਸੰਖੇਪ ਵਿਚ **ਹਉਮੈ ਕਰਕੇ ਹੀ ਵਾਹਿਗੁਰੂ ਜੀ ਪਸਾਰੇ ਦੇ ਰੂਪ ਵਿਚ ਸੰਸਾਰ ਨਜ਼ਰ ਆਉਂਦੇ ਹਨ ਅਤੇ ਨਾਮ ਭੁੱਲਣ ਕਰਕੇ ਦੁਖ ਪ੍ਰਤੀਤ ਦੇ ਰਿਹਾ ਹੈ। ਅਸਲ ਵਿਚ ਨਾ ਸੰਸਾਰ ਕੋਈ ਵਖਰੀ ਚੀਜ਼ ਹੈ, ਨਾ ਹੀ ਜੀਵ ਪ੍ਰਭੂ ਤੋਂ ਵਖਰੀ ਕੋਈ ਹਸਤੀ ਹੈ ਇਹ ਕੇਵਲ ਹਉਮੈ ਕਰਕੇ ਹੀ**

**ਹੈ। ਜਦੋਂ ਨਾਮ ਦਾ ਸੂਰਜ ਪ੍ਰਕਾਸ਼ਤ ਹੁੰਦਾ ਹੈ ਤਾਂ ਇਹੋ ਦ੍ਰਿਸ਼ਟਮਾਨ ਹਰਿ ਦਾ ਰੂਪ ਹੋ ਕੇ ਨਜ਼ਰ ਆਉਂਦਾ ਹੈ ਅਤੇ ਦੁਖ ਭੀ ਸੁਖ ਵਿਚ ਹੀ ਪ੍ਰਤੀਤ ਹੁੰਦਾ ਹੈ।**

***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥ ਪੰਨਾ - 946***

ਨਾਮ ਨੂੰ ਭੁੱਲਣ ਕਰਕੇ ਦੁਖ ਹੈ ਜੀਵ ਨੂੰ। ਮਹਾਰਾਜ ਕਹਿੰਦੇ ਨੇ ਇਕੋ ਸਤਿ ਹਸਤੀ ਸੰਸਾਰ ਰੂਪ ਹੋ ਕੇ ਦਿਖਾਈ ਦੇ ਰਹੀ ਹੈ।

***ਜਗਿ ਹਉਮੈ ਮੈਲੁ ਦੁਖੁ ਪਾਇਆ***
***ਮਲੁ ਲਾਗੀ ਦੂਜੈ ਭਾਇ॥ ਪੰਨਾ - 39***

ਦੋ ਬਣ ਗਏ, ਇਕ ਨਾ ਰਿਹਾ। ਜੇ ਤਾਂ ਇਕ ਸਮਝਦਾ ਹੈ ਫੇਰ ਤਾਂ ਮੈਲ ਬਣਦੀ ਹੀ ਨਹੀਂ ਹੈ। ਐਨਾ ਹੀ ਫਰਕ ਹੁੰਦਾ ਹੈ ਬ੍ਰਹਮਗਿਆਨੀਆਂ ਤੇ ਸੰਸਾਰੀਆਂ ਦਾ। ਉਹ ਇਹ ਸਮਝਦੇ ਨੇ -

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***
***ਪੰਨਾ - 272***

ਉਹ ਦੂਸਰਾ ਨਹੀਂ ਦੇਖਦੇ, ਇਕੋ ਹੀ ਪਰਮੇਸ਼ਰ ਸਾਰਿਆਂ ਦੇ ਅੰਦਰ ਦੇਖਦੇ ਹਨ। ਜਿਹੜਾ ਸੰਸਾਰ ਹੈ ਇਹ ਦੂਜਾ ਦੇਖਦਾ ਹੈ। ਦੂਜਾ ਦੇਖਣ ਦੇ ਨਾਲ ਮੈਲ ਲਗ ਗਈ ਮਨ ਨੂੰ। ਇਹ ਮੈਲ ਲਗ ਕੇ ਪਹਿਲਾਂ 'ਮੈਂ' ਬਣ ਗਿਆ, ਇਸ ਦੇ ਉੱਤੇ ਇਕ ਤਾਂ ਅਗਿਆਨ ਦਾ ਪੜਦਾ ਪੈ ਗਿਆ; ਦੂਸਰਾ ਪੜਦਾ ਪੈ ਗਿਆ ਇਸ ਦੇ ਅੰਦਰ ਬੁੱਧੀ ਦਾ, ਵਿਗਿਆਨ ਦਾ। ਤੀਸਰਾ ਪੈ ਗਿਆ ਮਨ ਦਾ; ਫੁਰਨਾ ਕਰਨਾ ਸ਼ੁਰੂ ਕਰ ਦਿਤਾ। ਚੌਥਾ ਪੈ ਗਿਆ ਪ੍ਰਾਣਾਂ ਦਾ, ਪੰਜਵਾਂ ਪੜਦਾ ਪੈ ਗਿਆ ਸਾਢੇ ਤਿੰਨ ਹੱਥ ਦੀ ਦੇਹ ਦਾ। ਇਉਂ ਸਮਝ ਲਓ ਕਿ ਇਕ ਹਜ਼ਾਰ ਵਾਟ ਦਾ ਬੱਲਬ ਲੱਗਿਆ ਹੋਇਆ ਸੀ। ਉਸ ਦੇ ਉੱਤੇ ਪਹਿਲਾਂ ਕਾਗਜ਼ ਚਾੜ੍ਹ ਦਿਤਾ। ਉਸ ਕਾਗਜ਼ ਦੇ ਨਾਲ ਚਾਨਣਾ ਘਟ ਗਿਆ। ਉਸ ਦੇ ਉੱਤੇ ਫੇਰ ਨੀਲੇ ਰੰਗ ਦਾ ਕਾਗਜ਼ ਚਾੜ੍ਹ ਦਿਤਾ। ਫੇਰ ਮਾੜਾ ਜਿਹਾ ਪਤਾ ਲਗਦਾ ਹੈ ਪ੍ਰਕਾਸ਼ ਲੇਕਿਨ ਲੁਕ ਗਿਆ। ਉਸ ਤੋਂ ਬਾਅਦ ਬੁਰਸ਼ ਲੈ ਕੇ ਕਾਲੇ ਰੰਗ ਨਾਲ ਬਲਬ ਦੀ ਰੋਸ਼ਨੀ ਨੂੰ ਬੰਦ ਕਰ ਦਿਤਾ, ਹੁਣ ਨਹੀਂ ਚਾਨਣਾ ਦਿਸਦਾ। ਬਲਬ ਵਿਚ ਚਾਨਣਾ ਹੈ ਲੇਕਿਨ ਬਾਹਰ ਨਹੀਂ ਦਿਸਦਾ। ਉਸ ਪ੍ਰਕਾਸ਼ ਦਿੰਦੇ ਬਲਬ ਨੂੰ, ਟੱਬ ਦੇ ਥੱਲੇ ਮਿੱਟੀ ਦੇ ਵੱਡੇ ਮੱਟ ਨੂੰ ਮੂਧਾ ਮਾਰ ਕੇ ਰੋਸ਼ਨੀ ਢਕ ਦਿਤੀ। ਦ੍ਵੈਤ ਹੇਠਾਂ ਰੋਸ਼ਨੀ ਦੇ ਦਿਤੀ, ਮੂਧਾ ਮਾਰ ਦਿਤਾ। ਹੁਣ ਪ੍ਰਕਾਸ਼ ਕਿਥੇ ਦਿਸਣਾ ਹੈ ਹੁਣ ਤਾਂ ਬਿਲਕੁਲ ਹੀ ਪੜਦਾ ਪਾ ਦਿਤਾ। ਇਸੇ ਤਰ੍ਹਾਂ ਦੇ ਨਾਲ ਜਿਹੜਾ ਸਾਡੇ ਵਿਚ ਆਤਮਾ ਹੈ, ਉਸ ਉਪਰ ਅਸੀਂ ਪੜਦਾ ਪਾ ਲਿਆ ਹਉਮੈ ਦਾ, ਸਾਨੂੰ ਚੇਤਾ ਹੀ ਭੁੱਲ ਗਿਆ ਕਿ ਮੈਂ ਕੌਣ ਹਾਂ। ਮਹਾਰਾਜ ਕਹਿੰਦੇ ਜੇ 'ਮੈਂ' ਦਾ ਇਸ ਨੂੰ ਪਤਾ ਲੱਗ ਜਾਵੇ ਫੇਰ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਵੇ। ਸੋ ਇਸ ਕਰਕੇ -

***ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥***
***ਪੰਨਾ - 39***

ਇਸ ਨੂੰ ਧੋ ਵੀ ਨਹੀਂ ਸਕਦਾ ਕਿਸੇ ਤਰ੍ਹਾਂ ਨਾਲ -

***.......ਜੇ ਸਉ ਤੀਰਥ ਨਾਇ॥ ਬਹੁਬਿਧਿ ਕਰਮ ਕਮਾਵਦੇ......॥***
***ਪੰਨਾ - 39***

ਜਿੰਨੇ ਕਰਮ ਕਰਦਾ ਹੈ, ਜਪ ਕਰਦਾ ਹੈ, ਤਪ ਕਰਦਾ ਹੈ, ਦਾਨ ਕਰਦਾ ਹੈ, ਸੰਜਮ ਕਰਦਾ ਹੈ, ਕਹਿੰਦਾ ਹੈ ਮੈਂ ਕਰਦਾ ਹਾਂ। ਉਸ ਦੇ ਨਾਲ ਇਕ ਚੱਕਰ ਪੜਦੇ ਦਾ ਹੋਰ ਵਧ ਜਾਂਦਾ ਹੈ। ਸੰਗਲ ਪਾਈ ਜਾਂਦਾ ਹੈ ਆਪਣੇ ਆਪ ਨੂੰ -

***..................ਦੂਣੀ ਮਲੁ ਲਾਗੀ ਆਇ॥***
***ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥***
***ਪੰਨਾ - 39***

ਗਿਆਨੀਆਂ ਨੂੰ ਪੁੱਛ ਲਓ ਕਿ ਤੁਹਾਡੀ ਮੈਲ ਲਹਿ ਗਈ? ਉਹ ਤਾਂ ਇਉਂ ਕਹਿੰਦੇ ਹਨ ਕਿ ਮੈਂ ਐਨੀਆਂ ਕਿਤਾਬਾਂ ਪੜ੍ਹੀਆਂ। 'ਮੈਂ' ਤਾਂ ਮਰਦੀ ਨਹੀਂ ਹੈ, ਮੈਂ ਜਿਉਂਦੀ ਰਹਿੰਦੀ ਹੈ ਕਿਉਂਕਿ ਗੁਰੂ ਕ੍ਰਿਪਾ ਬਿਨਾਂ ਨਾਮ ਪ੍ਰਾਪਤ ਨਹੀਂ ਹੁੰਦਾ॥ **ਨਾਮ ਉਹ ਪ੍ਰਤੱਖ ਸੂਝ ਹੈ ਜਿਸ ਵਿਚ ਅਗਿਆਨ ਦੀ ਕਾਈ ਨਹੀਂ ਰਹਿੰਦੀ। ਪ੍ਰਤੱਖ ਰੂਪ ਵਿਚ ਇਕੋ ਨਜ਼ਰੀ ਪੈਂਦਾ ਹੈ, ਆਪਣਾ ਆਪ ਭੀ ਓਹੋ ਹੀ ਭਾਸਦਾ ਹੈ -**

***ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥***

***ਤਬ ਇਸ ਕਉ ਸੁਖੁ ਨਾਹੀ ਕੋਇ॥*** ***ਪੰਨਾ – 278***

ਜਿੰਨਾ ਚਿਰ 'ਮੈਂ' ਹੈ, ਮੈਂ ਆਹ ਕੰਮ ਕੀਤਾ, ਮੈਂ ਦਾਨ ਕੀਤਾ, ਮੈਂ ਸੇਵੀ ਕੀਤੀ, ਗੁਰਦੁਵਾਰੇ ਬਣਾਏ, ਮੈਂ ਜੇ ਨਾ ਹੁੰਦਾ, ਇਹ ਕੰਮ ਨਹੀਂ ਸੀ ਹੋ ਸਕਦਾ। ਮਹਾਰਾਜ ਕਹਿੰਦੇ, ਤੈਨੂੰ ਪਤਾ ਹੈ ਇਸ ਸੋਚ ਦਾ ਨੁਕਸਾਨ ਕਿੰਨਾ ਕੁ ਹੁੰਦਾ ਹੈ? ਮੈਂ, ਮੈਂ ਤਾਂ ਕਰੀ ਜਾਂਦਾ ਹੈਂ। '***ਤਬ ਇਸ ਕਉ ਸੁਖੁ ਨਾਹੀ ਕੋਇ।***' ਜਿੰਨਾ ਚਿਰ 'ਮੈਂ' ਕਹਿੰਦਾ ਹੈਂ –

***ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥***
***ਤਬ ਇਸ ਕਉ ਸੁਖੁ ਨਾਹੀ ਕੋਇ॥***
***ਜਬ ਇਹ ਜਾਨੈ ਮੈ ਕਿਛੁ ਕਰਤਾ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*** ***ਪੰਨਾ – 278***

ਫੇਰ ਸਜ਼ਾ ਕੀ ਮਿਲਦੀ ਹੈ?

***ਤਬ ਲਗੁ ਗਰਭ ਜੋਨਿ ਮਹਿ ਫਿਰਤਾ।।*** ***ਪੰਨਾ – 278***

ਜੰਮਦਾ ਰਹੇਗਾ ਮਰਦਾ ਰਹੇਗਾ। ਸੋ ਇਸ ਜੀਵ ਦੇ ਅੰਦਰ ਬੜਾ ਭਾਰੀ ਫਰਕ ਹੈ, ਰੌਲਾ-ਗੌਲਾ ਹੈ, ਭੁਚਾਲ ਹੈ ਆਦਮੀ ਦੇ ਮਨ ਦੇ ਅੰਦਰ। ਇਸ ਰੌਲੇ ਘਚੌਲੇ ਦੇ ਪ੍ਰਭਾਵ ਵਿਚ ਹੀ ਉਮਰ ਲੰਘ ਜਾਂਦੀ ਹੈ। ਮਰ ਜਾਂਦਾ ਹੈ, ਜੰਮ ਪੈਂਦਾ ਹੈ, ਮਰ ਜਾਂਦਾ ਹੈ, ਜੰਮ ਪੈਂਦਾ ਹੈ। ਸਾਰਾ ਜਗਤ ਹਉਮੈ ਦੇ ਵਿਚ ਰਚਿਆ ਹੋਇਆ ਹੈ। ਦੇਵਤੇ ਵੀ ਹਉਮੈ ਦੇ ਅਧੀਨ ਹਨ। ਮਹਾਰਾਜ ਕਹਿੰਦੇ –

***ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ***
***ਵਿਚਿ ਹਉਮੈ ਕਾਰ ਕਮਾਈ॥*** ***ਪੰਨਾ – 735***

ਸ਼ਿਵ ਜੀ ਵੀ, ਵਿਸ਼ਨੂੰ ਜੀ ਵੀ ਤੇ ਬ੍ਰਹਮਾ ਜੀ ਵੀ, ਇਹ ਵਾਹਿਗੁਰੂ ਤੋਂ ਅੱਡ ਹੋਏ ਹੀ ਇਸੇ ਕਰਕੇ ਨੇ ਕਿਉਂਕਿ ਇਹਨਾਂ ਵਿਚ ਮੈਂ ਭਾਵਨਾ ਆ ਗਈ –

***ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ......॥***
***ਪੰਨਾ – 735***

ਵਾਹਿਗੁਰੂ ਨੂੰ ਨਹੀਂ ਕਹਿੰਦੇ ਕਿ ਤੂੰ ਹੀ ਹੈਂ, ਤੂੰ ਹੀ ਸਾਨੂੰ ਬਣਾਇਆ ਹੈ, ਤੂੰ ਇਹ ਆਪ ਹੀ ਹੈਂ। ਬ੍ਰਹਮਾ ਕਹਿਣ ਲੱਗਿਆ ਮੈਂ ਆਪੇ ਪੈਦਾ ਹੋਇਆ ਹਾਂ। ਆਵਾਜ਼ ਆਈ ਕਿ 'ਤੂੰ ਇਸ ਕਮਲ ਫੁੱਲ ਵਿਚੋਂ ਪੈਦਾ ਹੋਇਆ ਹੈਂ।' ਲੱਤ ਮਾਰੀ ਕੰਵਲ ਫੁੱਲ ਨੂੰ। ਜਿਉਂ ਡੁੱਬਿਆ, ਜਿਉਂ ਡੁੱਬਿਆ, 36 ਜੁਗ ਉਸ ਦੇ ਵਿਚ ਘੁੰਮਦਾ ਹੀ ਚਲਿਆ ਗਿਆ। 43, 20,000 ਸਾਲ ਦੀ ਇਕ ਚੌਂਕੜੀ ਹੁੰਦੀ ਹੈ, 9 ਚੌਂਕੜੀਆਂ ਕਰ ਲਓ। ਸਾਢੇ ਤਿੰਨ ਕਰੋੜ ਸਾਲ ਉਸ ਦੇ ਵਿਚ ਘੁੰਮੀ ਗਿਆ। ਅਖੀਰ ਤੰਗ ਹੋ ਕੇ ਕਿਹਾ ਕਿ ਹੇ ਪ੍ਰਭੂ! ਸਭ ਤੋਂ ਵੱਡਾ ਤੂੰ ਹੀ ਹੈਂ, ਆਪਣਾ ਗਿਆਨ ਮੈਨੂੰ ਦੇਹ, ਉਹ ਮੈਨੂੰ ਦੱਸ, ਮੇਰੇ ਤੇ ਕ੍ਰਿਪਾ ਕਰੋ। ਫੇਰ ਬਾਹਰ ਕੱਢਿਆ। ਸੋ ਕਹਿੰਦੇ ਇਹ ਵੀ ਰੋਗੀ ਨੇ –

***ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ***
***ਹਰਿ ਗੁਰਮੁਖਿ ਸੋਝੀ ਪਾਈ॥*** ***ਪੰਨਾ – 735***

ਜੇ ਸੋਝੀ ਹੈ ਤਾਂ ਸਿਰਫ ਗੁਰੂ ਨੂੰ ਹੈ, ਹੋਰ ਕਿਸੇ ਨੂੰ ਸੰਸਾਰ ਦੇ ਅੰਦਰ ਸੋਝੀ ਨਹੀਂ ਹੈ।

**LLLLLLL**

***'ਚਲਦਾ'***

(ਪੰਨਾ 2 ਦੀ ਬਾਕੀ)

ਅਜਿਹੇ ਤੱਤ ਵੇਤਾ ਮਹਾਂਪੁਰਸ਼ਾਂ ਦੀ ਦੇਖ ਰੇਖ ਵਿਚ ਆਤਮ ਮਾਰਗ ਮੈਗਜ਼ੀਨ ਦਿਨੋ ਦਿਨ ਚੜ੍ਹਦੀ ਕਲਾ ਵਿਚ ਵਿਚਰ ਰਿਹਾ ਹੈ। ਇਸ ਵਿਚ ਜਿਥੇ ਮਹਾਂਪੁਰਸ਼ਾਂ ਦਾ ਯੋਗਦਾਨ ਹੈ ਉਥੇ ਸਾਡਾ ਪਾਠਕਾਂ ਦਾ ਫਰਜ਼ ਬਣਦਾ ਹੈ ਕਿ ਇਸ ਦੀ ਸੋਹਣੀ ਸੁਗੰਧੀ ਅਜੇ, ਜਿਥੇ ਤਕ ਨਹੀਂ ਪੁੱਜੀ ਉਥੇ ਪਹੁੰਚਾਈਏ। ਸੰਤ ਤੁਲਸੀਦਾਸ ਜੀ ਸਾਰੀ ਦੁਨੀਆਂ ਨੂੰ 'ਸੀਤਾ ਰਾਮ' ਵੇਖਦੇ ਸੀ, ਕੋਈ ਸਾਰੀ ਦੁਨੀਆਂ ਨੂੰ ਕ੍ਰਿਸ਼ਨ ਰੰਗ ਵਿਚ ਰੰਗਿਆ ਵੇਖਦਾ ਹੈ, ਗੁਰਮਤਿ ਸਾਰੀ ਦੁਨੀਆਂ ਨੂੰ ਵਾਹਿਗੁਰੂ ਰੂਪ ਵਿਚ ਵੇਖਦੀ ਹੈ। ਨਾਂ ਵੱਖ ਵੱਖ ਹਨ, ਸਾਰ ਤੱਤ ਇਕੋ ਹੀ ਹੈ। ਸਾਰਾ ਸੰਸਾਰ ਵਾਹਿਗੁਰੂ ਹੀ ਵਿਖਾਈ ਦੇਣ ਲਗ ਜਾਏ, ਵਾਹਿਗੁਰੂ ਹੀ ਵਾਹਿਗੁਰੂ ਹੋ ਜਾਵੇ, ਇਸ ਭਾਵਨਾ ਨੂੰ ਮੁਖ ਰਖਦੇ ਹੋਏ ਜਿਸ ਦੀ ਜਿਹੋ ਜਿਹੀ ਭਾਵਨਾ ਹੈ, ਉਸੇ ਭਾਵਨਾ ਨੂੰ ਵਾਹਿਗੁਰੂ ਜੀ ਫਲ ਲਾਉਣ, ਇਹੋ ਦਾਸ ਦੀ ਦਿਲੀ ਕਾਮਨਾ ਹੈ।

**LLLLLLL**

(ਪੰਨਾ 6 ਦੀ ਬਾਕੀ)

ਖਲਵਾੜੇ ਵਿਚ, ਜਿਥੇ ਉਹ thrasher ਚਲਾ ਰਹੇ ਸਨ ਮਿਲ ਆਈਏ। ਜਦੋਂ ਉਨ੍ਹਾਂ ਨੇ ਸਾਨੂੰ ਦੇਖਿਆ ਤਾਂ ਉਹ thrasher ਬੰਦ ਕਰਕੇ ਪਰ੍ਹੇ ਦੂਰ ਦਰਖਤ ਹੇਠ ਜਾ ਖੜ੍ਹੇ। ਅਸੀਂ ਖਲਵਾੜੇ ਕੋਲ ਜਾ ਕੇ ਜਦੋਂ ਜੀਪ 'ਚੋਂ ਉਤਰੇ, ਉਨ੍ਹਾਂ ਨੇ ਸਾਡੀਆਂ ਪੈਂਟਾਂ ਵਗੈਰਾ ਦੇਖੀਆਂ ਤਾਂ ਉਹ ਸਾਡੇ ਕੋਲ ਆ ਗਏ। ਅਸੀਂ ਉਨ੍ਹਾਂ ਨੂੰ ਪੁਛਿਆ ਤੁਸੀਂ ਚਲੇ ਕਿਉਂ ਗਏ ਸੀ? ਕਹਿਣ ਲੱਗੇ ਅਸੀਂ ਸਮਝਿਆ ਕਾਰ ਸੇਵਾ ਵਾਲੇ ਬਾਬਿਆਂ ਦੀ ਜੀਪ ਆ ਰਹੀ ਹੈ, ਉਨ੍ਹਾਂ ਨੇ ਧੱਕੇ ਨਾਲ ਦਾਣੇ ਇਕੱਠੇ ਕਰਨ ਲਈ ਬੋਰੀ ਅਸਾਡੇ ਪਾਸ ਰੱਖਣੀ ਹੈ, ਅਸੀਂ ਪਰ੍ਹੇ ਵਲ ਜਾਂਦੇ ਹਾਂ। ਇਹ ਹਾਲ ਹੈ ਸਾਡਾ ਸੰਤਾਂ ਦਾ। ਲੋਕਾਂ ਦੀ ਦ੍ਰਿਸ਼ਟੀ ਵਿਚ ਇਹ ਕਦਰ ਹੈ ਸਾਡੀ। ਦਰਸ਼ਨ ਕਰਕੇ ਲਾਭ ਪ੍ਰਾਪਤ ਕਰਨ ਦੀ ਥਾਂ ਪਰ੍ਹੇ ਹਟ ਕੇ ਛੁਪ ਜਾਣਾ ਹੀ ਬੇਹਤਰ ਸਮਝਿਆ ਗਿਆ ਹੈ।

ਸਾਡਾ ਇਕ ਪ੍ਰੇਮੀ ਹੈ। ਬਹੁਤ ਚੜ੍ਹਦੀ ਕਲਾ ਦਾ ਸਿੰਘ ਹੈ। ਸੋਲ੍ਹਾਂ ਬਾਣੀਆਂ ਉਸ ਦੇ ਕੰਠ ਹਨ ਅਜੇ ਬੀ.ਐਡ. ਕਰ ਰਿਹਾ ਹੈ, ਉਹ ਕਹਿੰਦਾ ਮੇਰੇ ਮਾਂ ਬਾਪ ਇਕ ਦਿਨ ਮੈਨੂੰ ਕਹਿੰਦੇ ਜੇ ਤੈਨੂੰ ਕੋਈ ਨੌਕਰੀ ਨਹੀਂ ਮਿਲਦੀ ਜਾਂ ਹੋਰ ਰੁਜ਼ਗਾਰ ਨਹੀਂ ਮਿਲਦਾ, ਤੈਨੂੰ ਹੋਰ ਕੁਛ ਨਹੀਂ ਬਣਦਾ ਫੇਰ ਤੂੰ ਸੰਤ ਹੀ ਬਣ ਜਾ। ਦੇਖ ਲਓ ਸਾਧਸੰਗਤ, ਸੰਤਾਂ ਦਾ ਸਤਿਕਾਰ ਲੋਕਾਂ ਦੀ ਨਿਗ੍ਹਾ ਵਿਚ ਕਿੰਨਾ ਹੈ। ਇਹ ਗੱਲ ਇਸ ਕਰਕੇ ਹੈ ਕਿ ਅਸੀਂ ਨਾਮ ਦੇ ਸੰਤ ਹਾਂ। ਸਾਡਾ ਜੀਵਨ ਪ੍ਰੈਕਟੀਕਲ ਨਹੀਂ ਹੈ। ਕਹਿੰਦੇ ਹੋਰ ਹਾਂ ਤੇ ਕਰਦੇ ਹੋਰ ਹਾਂ। ਆਓ ਗੁਰਬਾਣੀ ਅਨੁਸਾਰ ਜੀਵਨ ਢਾਲਣ ਦਾ ਸਾਧਨ ਕਰੀਏ।

**LLLLLLL**

# ਅਬਿਨਾਸ਼ੀ ਜੋਤ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 52 )*

ਇਕ ਵਾਰੀ ਕਬੀਰ ਸਾਹਿਬ ਨੂੰ ਪੁਛਿਆ ਕਿ ਮਹਾਰਾਜ, ਆਪ ਇਹ ਬਚਨ ਕਹਿੰਦੇ ਹੋ ਕਿ ਇਕ ਤਾਂ ਭੂਤ ਪ੍ਰੇਤ ਅਵਿਅਕਤ ਹੁੰਦੇ ਹਨ, ਦਿਸਦੇ ਨਹੀਂ, ਇਕ ਉਹ ਹੁੰਦੇ ਹਨ ਜੋ ਖਾਂਦੇ ਪੀਂਦੇ ਹਨ, ਵਪਾਰ, ਬਿਜਨਸ ਹੋਰ ਅਨੇਕਾਂ ਕੰਮ ਕਰਦੇ ਹਨ ਕਿਉਂਕਿ ਉਹ ਸਾਡੇ ਵਰਗੇ ਹਨ ਉਨ੍ਹਾਂ ਦੀ ਪਹਿਚਾਣ ਕਿਵੇਂ ਹੁੰਦੀ ਹੈ? ਆਪ ਨੇ ਫੁਰਮਾਇਆ ਕਿ -

***ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥***
***ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥***
***ਪੰਨਾ - 1378***

ਜਿਸ ਘਰ ਦੇ ਅੰਦਰ ਕਿਸੇ ਮਹਾਂਪੁਰਸ਼ ਪੀਰ, ਪੈਗੰਬਰ, ਅਉਲੀਏ ਦੇ ਚਰਨ ਨਹੀਂ ਪਏ, ਉਸ ਦੀ ਬਾਣੀ ਦੀ ਆਵਾਜ਼ ਨਹੀਂ ਆਉਂਦੀ, ਜਪੁਜੀ ਸਾਹਿਬ, ਗੁਰ ਮੰਤਰ ਦਾ ਜਾਪ ਨਹੀਂ ਹੋ ਰਿਹਾ ਹੁੰਦਾ ਅਤੇ ਸਭ ਤੋਂ ਵਿਸ਼ੇਸ਼ ਇਹ ਹੈ ਕਿ ਉਥੇ ਮਹਾਂਪੁਰਸ਼ਾਂ ਦੇ ਚਰਨ ਨਹੀਂ ਪੈ ਰਹੇ ਹੁੰਦੇ, ਉਹ ਘਰ ਭਾਵੇਂ ਕਿੰਨੇ ਮੰਜ਼ਲੇ ਹਨ, ਚਾਹੇ ਉਹ ਘਰ ਕਿੰਨੇ ਹੀ ਸਜਾਏ ਹੋਣ, ਜਿਥੇ ਮਹਾਂਪੁਰਸ਼ਾਂ ਦੇ ਚਰਨ ਨਹੀਂ ਪੈਂਦੇ ਉਥੇ ਭੂਤਾਂ ਪ੍ਰੇਤਾਂ ਦਾ ਨਿਵਾਸ ਹੁੰਦਾ ਹੈ। ਅਵਿਅਕਤ ਭੂਤ ਵੀ ਉਥੇ ਹੀ ਵਸਦੇ ਹਨ। ਸਰੀਰਕ ਭੂਤ ਵੀ ਉਥੇ ਹੀ ਵਸਦੇ ਹਨ। ਭੂਤਾਂ ਪ੍ਰੇਤਾਂ ਦਾ ਨਿਵਾਸ ਮੜ੍ਹੀਆਂ ਮਸਾਣਾਂ ਵਿਚ ਹੁੰਦਾ ਹੈ ਪਰ ਇਹ ਸਰੀਰਧਾਰੀ ਭੂਤ ਇਨ੍ਹਾਂ ਲੋਕਾਂ ਵਿਚ ਰਹਿੰਦੇ ਹਨ। ਕਲਜੁਗ ਕਹਿਣ ਲੱਗਿਆ ਕਿ ਮਹਾਰਾਜ ਮੇਰੇ ਜੁਗ ਦੇ ਅੰਦਰ ਤਪੀਏ ਦਾ ਤਪ ਸਿਰੇ ਨਹੀਂ ਚੜ੍ਹਨਾ, ਕੋਈ ਸ਼ੁਭ ਕੰਮ ਕਰਨ ਵਾਲਾ ਕੰਮ ਸਿਰੇ ਨਹੀਂ ਚੜ੍ਹਨਾ, ਉਸ ਵੇਲੇ ਮਹਾਰਾਜ ਨੂੰ ਕਹਿਣ ਲੱਗਿਆ ਕਿ ਪਾਤਸ਼ਾਹ! ਮੈਂ ਆਪ ਨੂੰ ਕੁਝ ਭੇਟ ਕਰਨੀ ਚਾਹੁੰਦਾ ਹਾਂ, ਕਿਉਂਕਿ ਆਪ ਮੇਰੇ ਜੁਗ ਵਿਚ ਪ੍ਰਭੂ ਰੂਪ ਗੁਰ ਅਵਤਾਰ ਪ੍ਰਗਟ ਹੋਏ ਹੋਂ। ਮਹਾਰਾਜ ਨੇ ਕਿਹਾ ਕਿ ਤੇਰੇ ਪਾਸ ਭੇਟ ਕਰਨ ਨੂੰ ਕੀ ਹੈ? ਕਹਿਣ ਲੱਗਿਆ ਕਿ ਮਹਾਰਾਜ! ਮੈਂ ਆਪ ਦੇ ਵਾਸਤੇ ਕੰਚਨ ਦੇ ਮੰਦਰ, ਸੁੰਦਰ ਰਤਨਾਂ ਨਾਲ ਜੜ੍ਹੇ ਹੋਏ, ਕਸਤੂਰ ਤੇ ਕੰਗੂ, ਚੰਦਨ ਦੇ ਲੇਪ ਕਰਕੇ ਖੁਸ਼ਬੂਆਂ ਦੀਆਂ ਲਪਟਾਂ ਮਾਰਦੇ ਮੰਦਰ ਮੈਂ ਆਪ ਦੇ ਚਰਨਾਂ ਵਿਚ ਭੇਟ ਕਰਨਾ ਚਾਹੁੰਦਾ ਹਾਂ। ਮਹਾਰਾਜ ਕਹਿਣ ਲੱਗੇ ਕਿ ਇਹ ਜਿਹੜੀਆਂ ਚੀਜ਼ਾਂ ਤੂੰ ਅਰਪਣ ਕਰਨੀਆਂ ਚਾਹੁੰਦਾ ਹੈਂ ਇਨ੍ਹਾਂ ਵਿਚ ਸੁਰਤ ਰਚਦੀ ਹੈ ਅਤੇ ਪ੍ਰਮੇਸ਼ਰ ਭੁੱਲ ਜਾਂਦਾ ਹੈ। ***'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥'*** ਕਲਜੁਗ! ਪ੍ਰਭੂ ਨੂੰ ਭੁੱਲ ਕੇ ਅੰਦਰਲਾ ਕੰਵਲ ਫੁੱਲ ਜਲ ਜਾਂਦਾ ਹੈ, ਮਾਇਆ ਦਾ ਰੂਪ ਜੜ੍ਹ ਤੇ ਦੁਖ ਭਰਿਆ ਹੈ, ਸੁਖ ਕੇਵਲ ਪ੍ਰਭੂ ਯਾਦ ਵਿਚ ਹੀ ਹੈ -

***ਹਰਿ ਬਿਨੁ ਜੀਉ ਜਲਿ ਬਲਿ ਜਾਉ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥***
***ਪੰਨਾ - 14***

ਕਲਜੁਗ ਨੇ ਕਿਹਾ ਕਿ ਜੇ ਇਹ ਚੀਜ਼ਾਂ ਆਪ ਨੇ ਅੰਗੀਕਾਰ ਨਹੀਂ ਕਰਨੀਆਂ ਤਾਂ ਮੈਂ ਸੁੰਦਰ ਚੀਜ਼ਾਂ ਆਪ ਦੇ ਅੱਗੇ ਭੇਟਾ ਕਰਦਾ ਹਾਂ। ਸੁੰਦਰ ਪਾਰਕ ਜਿਥੇ ਸੁੰਦਰ ਹੀਰੇ ਜੜੇ ਹੋਣਗੇ ਅਤੇ ਪਲੰਘਾਂ ਤੇ ਰਤਨ ਝਿਲਮਿਲ ਕਰਦੇ ਹੋਣਗੇ, ਸੇਵਾ ਲਈ ਮੋਹਣੀਆਂ ਆਪ ਦੀ ਸੇਵਾ ਵਿਚ ਹਾਜ਼ਰ ਕਰਾਂਗਾ। ਮਹਾਰਾਜ ਕਹਿਣ ਲੱਗੇ ਕਿ ਇਹ ਸਭ ਕੁਝ ਪ੍ਰਭੂ ਭੁਲਾਉਣ ਵਾਲੀਆਂ ਚੀਜ਼ਾਂ ਹਨ। ਤਾਂ ਉਸ ਨੇ ਕਿਹਾ ਕਿ ਨੌਂ ਨਿੱਧਾਂ, 18 ਸਿੱਧੀਆਂ ਚਰਨਾਂ ਵਿਚ ਭੇਟ ਕੀਤੀਆਂ ਪ੍ਰਵਾਨ ਕਰੋ। ਜਿਥੇ ਜੀਅ ਚਾਹੇ ਤੁਸੀਂ ਜਾ ਸਕਦੇ ਹੋਂ, ਸਾਰੇ ਲੋਕ ਤੁਹਾਡੇ ਤੋਂ ਡਰਨਗੇ ਅਤੇ ਚਰਨਾਂ ਤੇ ਸੀਸ ਨਿਵਾਣਗੇ। ਮਹਾਰਾਜ ਨੇ ਇਹ ਵੀ ਨਾ ਪ੍ਰਵਾਨ ਕੀਤਾ -

***ਕਲਿਜੁਗ ਬਚਨਾ ਪੁਨ ਭਨੇ 'ਜਗ ਪਤਿਸ਼ਾਹੀ ਲੇਹੁ।***
***ਹੁਕਮ ਕਰਉ ਉਰ ਭਾਵਤੇ ਚਰਨ ਤਖਤ ਪਰ ਦੇਹੁ।***
***ਚਰਨ ਤਖਤ ਪਰ ਦੇਹੁ ਜਗਤ ਮਾਨਹਿਂ ਸਭਿ ਆਨਾ।***
***ਸੇਨਾ ਸੰਗ ਅਨੰਤ ਕਰਹੁ ਪਰਤਾਪ ਮਹਾਨਾ।***
***ਲੇਹੁ ਉਪਾਇਨ ਇਹ ਅਬੈ ਕਰਹੁ ਕ੍ਰਿਤਾਰਥ ਨਾਥ!***
***ਸਬਦ ਭੋਗ ਪਉੜੀ ਕਹੀ ਗੁਰ ਕਲਜੁਗ ਕੇ ਸਾਥ॥੬੧॥***
***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 854***

ਪੂਰਾ ਸ਼ਬਦ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਉਚਾਰਨ ਕੀਤਾ -

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਹਰਿ ਬਿਨੁ ਜੀਉ ਜਲਿ ਬਲਿ ਜਾਉ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥***
***ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥***
***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥***
***ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।।***
***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਪੰਨਾ - 14***

ਉਸ ਵੇਲੇ ਕਲਜੁਗ ਨੇ ਕਿਹਾ ਕਿ ਮੈਂ ਤਾਂ ਬਹੁਤ ਭਾਗਾਂ ਵਾਲਾ ਹਾਂ। ਆਪ ਨੇ ਇਸ ਜੁਗ ਵਿਚ ਨਰ ਦਾ ਰੂਪ ਧਾਰਨ ਕਰਿਆ, ਮਹਾਰਾਜ! ਮੇਰੀ ਕੋਈ ਭੇਟਾ ਤਾਂ ਮਨਜ਼ੂਰ ਕਰੋ, ਜਦੋਂ ਕੋਈ ਭੇਟ ਅੰਗੀਕਾਰ ਕਰੋਂਗੇ ਤਾਂ ਮੇਰੇ ਮਨ ਨੂੰ ਸ਼ਾਂਤੀ ਆਵੇਗੀ।

ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਜੇ ਤੂੰ ਭੇਟ ਦੇਣੀ ਚਾਹੁੰਦਾ ਹੈਂ ਤਾਂ ਇਹ ਬਚਨ ਦੇਹ ਕਿ ਜਿਹੜੇ ਸਿੱਖ ਪ੍ਰਭੂ ਭਜਨ ਕਰਦੇ ਹਨ, ਨਾਮ, ਦਾਨ, ਇਸ਼ਨਾਨ ਤੋਂ ਕਦੇ ਨਾ ਉਨ੍ਹਾਂ ਨੂੰ ਭੁਲਾਈਂ। ਤੇਰੀ ਛਾਇਆ ਉਨ੍ਹਾਂ ਉਪਰ ਨਾ ਪਵੇ, ਜਿਨ੍ਹਾਂ ਨੂੰ ਮੇਰੇ ਬਚਨਾਂ ਉਪਰ ਪੂਰਾ ਭਰੋਸਾ ਹੈ। ਇਹ ਬਚਨ ਦੇਹ। ਉਸ ਵੇਲੇ ਕਲਜੁਗ ਨੇ ਕਿਹਾ ਕਿ ਮੈਂ ਤੁਹਾਡਾ ਹੁਕਮ ਸਿਰ ਮੱਥੇ ਮੰਨਦਾ ਹਾਂ। ਕਹਿਣ ਲੱਗਿਆ ਮੈਨੂੰ ਐਸਾ ਹੀ ਹੁਕਮ ਹੋਇਆ ਹੈ ਕਿ ਸਾਰਿਆਂ ਨੂੰ ਧਰਮ ਤੋਂ ਵਿਪਰੀਤ ਕਰ ਦੇਣਾ। ਚੋਰੀ, ਯਾਰੀ, ਨਿੰਦਾ, ਲੋਭ, ਤ੍ਰਿਸ਼ਨਾ ਬਹੁਤ ਵਧਾ ਦੇਵਾਂ, ਲੁਟੇਰੇ ਪੈਦਾ ਹੋ ਜਾਣ ਜੋ ਆਪਣੇ ਆਪ ਨੂੰ ਸੂਰਮੇ ਕਹਾਉਣਗੇ। ਚੁਗਲਖੋਰ ਆਪਣੇ ਆਪ ਨੂੰ ਬਹੁਤ ਵੱਡਾ ਮੰਨੇਗਾ। ਗੁਣੀਆਂ ਦਾ ਮੈਂ ਨਿਰਾਦਰ ਕਰਾਵਾਂਗਾ। ਰਾਜਸੀ ਨੇਤਾਵਾਂ ਪਾਸ ਮੂਰਖਾਂ ਦਾ ਇਕੱਠ ਹੋਵੇਗਾ, ਘਰ ਪਾਪਾਂ ਦੇ ਮੰਦਰ ਹੋਣਗੇ। ਪੁੰਨ ਦਾਨ ਤੋਂ ਹੀਣੇ ਕੰਜੂਸ ਉਸ ਵਿਚ ਰਹਿਣਗੇ, ਧਰਮ ਤੋਂ ਵਿਪਰੀਤ ਗੱਲ ਕਰਨਗੇ। ਬ੍ਰਾਹਮਣ ਲੋਕ ਜੋ ਬ੍ਰਹਮ ਦੀ ਵਿਚਾਰ ਕਰਦੇ ਹਨ ਵੇਦਾਂ ਦਾ ਪਾਠ ਕਰਦੇ ਹਨ, ਦਾਨ ਲੈਂਦੇ ਹਨ, ਦਾਨ ਦਿੰਦੇ ਹਨ, ਜੱਗ ਕਰਦੇ ਹਨ, ਯੱਗ ਕਰਾਉਂਦੇ ਹਨ ਮੈਂ ਉਨ੍ਹਾਂ ਨੂੰ ਇਸ ਤੋਂ ਹਟਾ ਕੇ ਕਿਸਾਨ ਬਣਾਵਾਂਗਾ। ਪਰ ਉਨ੍ਹਾਂ ਦਾ ਆਦਰ ਬਹੁਤ ਹੋਵੇਗਾ ਜਿਹੜੇ ਬ੍ਰਹਮ ਦੀ ਵਿਚਾਰ ਕਰਨ ਵਾਲੇ ਹੋਣਗੇ। ਰਾਜੇ ਹਮੇਸ਼ਾ ਕਹਿਣਗੇ ਕਿ ਸਾਡੇ ਕੋਲ ਪੈਸਾ ਨਹੀਂ ਹੈ, ਗ੍ਰਹਿਸਤੀਆਂ ਕੋਲ ਕਪੜੇ ਲੀੜੇ ਘੱਟ ਹੋਣਗੇ ਭਾਵੇਂ ਵਸਤਰਾਂ ਦੇ ਅੰਬਾਰ ਉਨ੍ਹਾਂ ਦੇ ਘਰੀਂ ਲੱਗੇ ਹੋਣ, ਤ੍ਰਿਸ਼ਨਾ ਨਹੀਂ ਬੁਝੇਗੀ। ਅਤੇ ਹੋਰ ਮਹਾਰਾਜ ਮੈਂ ਕੀ ਸੁਣਾਵਾਂ, ਸਾਰੇ ਤਪ, ਵਰਤ, ਧਰਮ, ਉਪਾਸਨਾ ਮੈਂ ਇਕੋ ਵਾਰ ਆਪਣੀ ਫੌਜ ਭੇਜ ਕੇ ਨਾਸ਼ ਕਰ ਦੇਵਾਂਗਾ। ਮਹਾਰਾਜ! ਮੈਨੂੰ ਦਰਗਾਹ ਤੋਂ ਹੁਕਮ ਹੀ ਐਸਾ ਮਿਲਿਆ ਹੋਇਆ ਹੈ ਜਿਵੇਂ ਕਿ ਲਿਖਿਆ ਹੋਇਆ ਹੈ –

***ਆਇਸੁ ਅਸ ਕਰਤਾਰ ਕੀ ਸੋ ਤੁਮਰੀ ਹੀ ਹੋਇ।***
***ਅਬ ਜਿਹ ਬਿਧਿ ਉਚਰੋ ਪ੍ਰਭੂ! ਮੈਂ ਮਾਨੋਂਗਾ ਸੋਇ॥੭੯॥***
***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 855***

ਆਪ ਨੇ ਮੇਰੀ ਭੇਟਾ ਕੋਈ ਵੀ ਕਬੂਲ ਨਹੀਂ ਕੀਤੀ। ਜੇ ਤੁਸੀਂ ਲੈ ਲੈਂਦੇ ਤਾਂ ਮੈਂ ਬਹੁਤ ਖੁਸ਼ ਹੁੰਦਾ। ਮਹਾਰਾਜ ਨੇ ਕਿਹਾ ਕਿ ਅਸੀਂ ਤੇਰੇ ਸੱਚ ਨੂੰ ਦੇਖ ਕੇ ਪ੍ਰਸੰਨ ਹੋਏ ਹਾਂ। ਜੇ ਤੂੰ ਭੇਟਾ ਦੇਣੀ ਹੈ ਤਾਂ ਅਸੀਂ ਤੇਰੇ ਉਪਰ ਪ੍ਰਸੰਨ ਹੋਵਾਂਗੇ, ਸਾਰੇ ਜੁਗਾਂ ਤੋਂ ਤੇਰਾ ਤੇਜ ਵੱਧ ਹੋਵੇਗਾ। ਇਹ ਅਸਾਡਾ ਹੁਕਮ ਹੈ। ਤੇਰੇ ਸਮੇਂ ਵਿਚ ਵਾਹਿਗੁਰੂ ਨਾਮ ਦੀ ਕੀਰਤੀ ਵਧੇਗੀ। ਉਸ ਦੀ ਮਹਿਮਾ ਬਹੁਤ ਵਧ ਜਾਵੇਗੀ। ਸਤਿਜੁਗ ਵਿਚ 10 ਹਜ਼ਾਰ ਸਾਲ ਵਿਚ ਸ਼ੁਭ ਕਰਮ ਕਰਦਾ ਹੈ ਉਹ ਤ੍ਰੇਤੇ ਦੇ ਇਕ ਹਜ਼ਾਰ ਸਾਲ, ਦੁਆਪਰ ਦੇ ਸੌ ਸਾਲ ਦੇ ਸ਼ੁਭ ਕਰਮ, ਜਪ ਤਪ, ਤੇਰੇ ਜੁਗ ਦੀ ਕੀਤੀ ਇਕ ਘੜੀ ਦੇ ਸਤਿਸੰਗ ਦੇ ਬਰਾਬਰ ਹੋਣਗੇ। ਪਰ ਤੇਰੇ ਸਮੇਂ ਵਿਚ ਬਹੁਤ ਹੀ ਥੋੜ੍ਹੇ ਸਮੇਂ ਅੰਦਰ ਸਾਰਾ ਸੁਖ ਮਿਲ ਜਾਵੇਗਾ। ਤੇਰੇ ਸਮੇਂ ਅੰਦਰ ਹਰੀ ਦਾ ਕੀਰਤਨ ਅਤੇ ਨਾਮ ਦਾ ਜਪ ਬਹੁਤ ਫਲੀਭੂਤ ਹੋਵੇਗਾ। ਜਿਹੜਾ ਇਸ ਰਸਤੇ ਤੇ ਚੱਲੇਗਾ ਉਹ ਤਤਕਾਲ ਹੀ ਭਵਜਲ ਤੋਂ ਪਾਰ ਹੋ ਜਾਵੇਗਾ।

ਕਲਜੁਗ ਦੇ ਸਮੇਂ ਅਤੇ ਪਹਿਲੇ ਸਮੇਂ ਵਿਚ ਬਹੁਤ ਫਰਕ ਹੈ। ਸਤਿਜੁਗ ਦੇ ਰਹਿਣ ਵਾਲੇ ਪ੍ਰੇਮੀਆਂ ਨੂੰ ਕੋਈ ਤ੍ਰਿਸ਼ਨਾ ਨਹੀਂ ਸੀ ਹੁੰਦੀ, ਕੋਈ ਚਮਕ ਦਮਕ ਦੀ ਲੋੜ ਨਹੀਂ ਸੀ ਹੁੰਦੀ ਅਤੇ ਐਨੀਆਂ ਵੱਡੀਆਂ ਉਮਰਾਂ ਕੱਚੇ ਕੋਠਿਆਂ ਵਿਚ ਗੁਜ਼ਾਰ ਦਿੰਦੇ ਸਨ। ਹੁਣ ਤਾਂ ਉਮਰ ਕੁਝ ਵੀ ਨਹੀਂ ਪਰ ਇਹ ਐਡੀਆਂ-ਐਡੀਆਂ ਕੋਠੀਆਂ ਬਣਾਉਂਦਾ ਹੈ। ਰਹਿਣ ਦਾ ਕੋਈ ਪਤਾ ਨਹੀਂ ਹੈ ਕਿ ਇਸ ਸੰਸਾਰ ਤੋਂ ਕਦ ਚਲੇ ਜਾਣਾ ਹੈ ਪਰ–

***ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥***
***ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥***
***ਪੰਨਾ – 692***

ਕਹਿੰਦੇ ਹਨ ਮਾਰਕੰਡੇ ਨੇ ਛਪਰੀ ਵਿਚ ਸਾਰੀ ਆਯੂ ਬਤੀਤ ਕਰ ਦਿਤੀ। ਕਲਜੁਗ ਨੇ ਕਿਹਾ ਕਿ ਮੇਰੇ ਯੁੱਗ ਦੇ ਅੰਦਰ ਚਮਕ ਦਮਕ ਬੜੀ ਹੋਵੇਗੀ, ਹਰ ਚੀਜ਼ ਹੋਵੇਗੀ, ਅਜਿਹੀਆਂ ਚੀਜ਼ਾਂ ਬਣ ਜਾਣਗੀਆਂ ਕਿ ਪ੍ਰਾਣੀ ਦੇਖਦੇ ਰਹਿ ਜਾਣਗੇ। ਟੈਲੀਵੀਜ਼ਨ, ਟੈਲੀਫੋਨ, ਇੰਟਰਨੈਟ ਅਜਿਹੀਆਂ ਚੀਜ਼ਾਂ ਆ ਜਾਣਗੀਆਂ ਕਿ ਹੈਰਾਨ ਹੋ ਜਾਂਦਾ ਹੈ ਆਦਮੀ। ਇਕ ਥਾਂ ਬੈਠਾ ਹੀ ਸਾਰੀ ਦੁਨੀਆਂ ਨਾਲ ਗੱਲਬਾਤ ਕਰ ਸਕੇਗਾ। ਉਹ ਪ੍ਰਮੇਸ਼ਰ ਦਾ ਨਾਮ ਨਹੀਂ ਲਵੇਗਾ। ਅਸੀਂ ਦੇਖਦੇ ਹਾਂ ਕਿ ਸਾਨੂੰ

ਟੈਲੀਵੀਜ਼ਨ ਹੀ ਸਾਹ ਨਹੀਂ ਲੈਣ ਦਿੰਦਾ, ਐਨੇ channel ਹੋ ਗਏ। ਜੇ ਇਕ ਅੱਧੇ ਚੈਨਲ ਤੇ ਪ੍ਰਮੇਸ਼ਰ ਦਾ ਨਾਮ ਆਉਂਦਾ ਹੋਵੇ ਤਾਂ ਘੱਟ ਹੀ ਦੇਖਣਾ ਪਸੰਦ ਕਰਦੇ ਹਨ। ਜੇ ਕਿਸੇ ਗਾਉਣ ਵਾਲੇ ਦਾ ਪ੍ਰੋਗਰਾਮ ਹੋਵੇ ਤਾਂ ਐਨਾ ਇਕੱਠ ਹੋ ਜਾਂਦਾ ਹੈ ਕਿ ਪੁਲਿਸ ਨੂੰ ਇੰਤਜ਼ਾਮ ਕਰਨਾ ਮੁਸ਼ਕਲ ਹੋ ਜਾਂਦਾ ਹੈ। ਮਹਾਰਾਜ ਨੇ ਕਲਜੁਗ ਦੀਆਂ ਭੇਟਾ ਬਾਰੇ ਉਚਾਰਨ ਕੀਤਾ –

***ਧਾਰਨਾ – ਕਿਤੇ ਭੁਲ ਨਾ ਜਾਈਂ ਓਏ ਮਨਾ ਮੇਰਿਆ,***
***ਮੋਤੀਆਂ ਦੇ ਮੰਦਰ ਦੇਖ ਕੇ – 2, 2.***
***ਮੇਰੇ ਪਿਆਰੇ, ਮੋਤੀਆਂ ਦੇ ਮੰਦਰ ਵੇਖ ਕੇ – 2, 2.***
***ਕਿਤੇ ਭੁਲ ਨਾ ਜਾਈਂ ਓਏ ਮਨਾ ਮੇਰਿਆ,***
***ਮੋਤੀਆਂ ਦੇ ਮੰਦਰ ਵੇਖ ਕੇ – 2, 2.***

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਪੰਨਾ – 14***

ਗੁਰੂ ਮਹਾਰਾਜ ਨੇ ਕਿਹਾ, ਕਲਜੁਗ! ਜਿਹੜੀਆਂ ਬਾਦਸ਼ਾਹੀਆਂ ਤੂੰ ਦਿੰਦਾ ਹੈਂ ਇਹ ਨਰਕਾਂ ਨੂੰ ਲਿਜਾਣ ਵਾਲੀਆਂ ਨੇ, ਇਨ੍ਹਾਂ ਵਿਚ ਪਰਚ ਕੇ ਆਦਮੀ ਨਾਮ ਨੂੰ ਭੁੱਲ ਕੇ ਜਨਮ ਬਿਰਥਾ ਗੁਆ ਦਿੰਦਾ ਹੈ। ਨਾਮ ਜਪਣ ਵਾਲਾ ਹੀ ਅਸਲੀ ਰਾਜਾ ਹੈ, ਉਸ ਦੀ ਬਰਾਬਰੀ ਸੰਸਾਰੀ ਰਾਜੇ, ਵਿਦਵਾਨ ਨਹੀਂ ਕਰ ਸਕਦੇ –

***ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥***
***ਪੰਨਾ – 858***

ਮਹਾਂਪੁਰਸ਼ ਅਸਲੀ ਰਾਜੇ ਹੁੰਦੇ ਹਨ ਜਿਨ੍ਹਾਂ ਦਾ ਕਹਿਆ ਦਰਗਾਹ ਵਿਚ ਵੀ ਮੰਨਿਆ ਜਾਂਦਾ ਹੈ –

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ – 186***

ਉਨ੍ਹਾਂ ਦਾ ਹੁਕਮ ਸਾਰੇ ਲੋਕਾਂ ਵਿਚ ਮੰਨ ਹੁੰਦਾ ਹੈ ਧਰਮਰਾਜ ਵੀ ਮੰਨਦਾ ਹੈ ਜਿਸ ਤਰ੍ਹਾਂ ਧਰਮਰਾਜ ਨੂੰ ਰਾਜੇ ਜਨਕ ਨੇ ਸਾਰੇ ਪਾਪੀਆਂ ਨੂੰ ਨਰਕਾਂ ਤੋਂ ਛੱਡਣ ਦਾ ਹੁਕਮ ਦਿਤਾ। ਜਦੋਂ ਜੀਵ ਨੂੰ ਸੰਸਾਰ ਵਿਚ ਭੇਜਿਆ ਜਾਂਦਾ ਹੈ ਤਾਂ ਉਸ ਵੇਲੇ ਪਰਾਲਬਧ ਕਰਮ ਨਾਲ ਆਉਂਦੇ ਹਨ। ਇਨ੍ਹਾਂ ਨੂੰ ਕੋਈ ਨਹੀਂ ਬਦਲ ਸਕਦਾ। ਮਹਾਂਪੁਰਸ਼ਾਂ ਕੋਲ veto power ਹੁੰਦੀ ਹੈ ਜੋ ਬਦਲ ਦਿੰਦੇ ਹਨ। ਜਿਵੇਂ ਕਿ ਪਰਾਲਬਧ ਕਰਮ ਹਨ ਪੁਤਰ ਦੀ ਪਰਾਪਤੀ ਨਹੀਂ ਹੋਣੀ ਪਰ ਪੂਰਨ ਮਹਾਂਪੁਰਸ਼ ਇਸ ਹੋਣੀ ਦੇ ਤਿੱਖੇ ਦੰਦਾਂ ਨੂੰ ਕੱਟ ਦਿੰਦੇ ਹਨ। ਕਿੰਨੇ ਮਹਾਂਪੁਰਸ਼ ਨੇ ਜਿਨ੍ਹਾਂ ਨੂੰ ਬੇਔਲਾਦਿਆਂ ਨੇ ਬੇਨਤੀ ਕੀਤੀ ਤਾਂ ਉਨ੍ਹਾਂ ਨੂੰ ਪੁੱਤਰ ਦੀ ਪ੍ਰਾਪਤੀ, ਬਿਮਾਰਾਂ ਨੂੰ ਸਿਹਤ, ਹੋਰ ਬਹੁਤ ਕੁਛ ਮਿਲਿਆ।

ਗੁਰੂ ਛੇਵੇਂ ਪਾਤਸ਼ਾਹ ਚੱਬੇ ਪਿੰਡ ਦੇ ਨੇੜੇ ਜਾ ਰਹੇ ਹਨ ਉਥੇ ਇਕ ਮਾਈ ਇਸ ਆਸ਼ਾ ਨਾਲ ਇੰਤਜ਼ਾਰ ਕਰ ਰਹੀ ਹੈ ਕਿ ਜਦੋਂ ਗੁਰੂ ਮਹਾਰਾਜ ਆਉਣਗੇ ਤਾਂ ਮੈਂ ਪੁੱਤਰ ਦੀ ਦਾਤ ਪ੍ਰਾਪਤ ਕਰਾਂਗੀ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਕਿਹਾ ਕਿ ਤੇਰੀ ਕਿਸਮਤ ਵਿਚ ਤਾਂ ਕਈ ਜਨਮਾਂ ਤੋਂ ਪੁਤਰ ਦੀ ਦਾਤ ਨਹੀਂ, ਤੇਰੇ ਸੱਤ ਜਨਮ ਤਕ ਪੁੱਤਰ ਨਹੀਂ ਹੋਣਾ। ਤੂੰ ਆਪਣੇ ਨਾਲ ਕਲਮ ਦਵਾਤ ਲੈ ਲਈਂ ਅਤੇ ਗੁਰੂ ਮਹਾਰਾਜ ਅੱਗੇ ਬੇਨਤੀ ਕਰੀਂ। ਜੇ ਮਹਾਰਾਜ ਕਹਿਣਗੇ ਕਿ ਤੇਰੇ ਤਾਂ ਲੇਖ ਵਿਚ ਪੁੱਤਰ ਦੀ ਦਾਤ ਲਿਖੀ ਹੀ ਨਹੀਂ ਤਾਂ ਤੂੰ ਬੇਨਤੀ ਕਰੀਂ ਕਿ ਪਾਤਸ਼ਾਹ! ਇਥੇ ਵੀ ਤੁਸੀਂ ਲਿਖਦੇ ਹੋਂ, ਉਥੇ ਵੀ ਤੁਸੀਂ ਲਿਖਦੇ ਹੋਂ। ਜੇ ਪਹਿਲਾਂ ਨਹੀਂ ਲਿਖਿਆ ਤਾਂ ਹੁਣ ਲਿਖ ਦੇਵੋ।

ਜਦੋਂ ਗੁਰੂ ਛੇਵੇਂ ਪਾਤਸ਼ਾਹ ਉਥੇ ਪਹੁੰਚਦੇ ਹਨ ਤਾਂ ਉਸ ਵੇਲੇ ਉਸ ਮਾਤਾ ਨੇ ਬੇਨਤੀ ਕੀਤੀ ਕਿ ਪਾਤਸ਼ਾਹ, ਤੁਸੀਂ ਸਾਰੀ ਦੁਨੀਆਂ ਦੇ ਮਾਲਕ ਹੋ, ਕ੍ਰਿਪਾ ਕਰਕੇ ਇਕ ਪੁੱਤਰ ਦੀ ਦਾਤ ਬਖਸ਼ੋ। ਗੁਰੂ ਮਹਾਰਾਜ ਨੇ ਕਿਹਾ ਕਿ ਮਾਤਾ ਤੇਰੇ ਤਾਂ ਮਸਤਕ ਵਿਚ ਪੁਤਰ ਦਾ ਲੇਖ ਹੀ ਨਹੀਂ ਲਿਖਿਆ, ਸੱਤ ਜਨਮਾਂ ਤਕ ਤੇਰੇ ਪੁੱਤਰ ਨਹੀਂ ਹੋਣਾ। ਉਸ ਵੇਲੇ ਉਸ ਭੋਲੀ ਮਾਤਾ ਨੇ ਬੇਨਤੀ ਕੀਤੀ ਕਿ ਮਹਾਰਾਜ! ਹੁਣ ਲਿਖ ਦਿਓ। ਮਹਾਰਾਜ ਜੀ ਉਸਦੇ ਭੋਲੇਪਨ ਤੇ ਬਹੁਤ ਪ੍ਰਸੰਨ ਹੋਏ। ਉਸ ਨੇ ਕਲਮ ਦਵਾਤ ਅੱਗੇ ਕਰ ਦਿਤੀ। ਗੁਰੂ ਮਹਾਰਾਜ ਜੀ ਨੇ ਇਹ ਵੀ ਅਨੁਭਵ ਕਰ ਲਿਆ ਕਿ ਕਿਸੇ ਗੁਰਸਿੱਖ ਨੇ ਜੁਗਤੀ ਦੱਸੀ ਹੈ। ਗੁਰੂ ਮਹਾਰਾਜ ਜੀ ਕਾਠੀ ਤੇ ਕਾਗਜ਼ ਰੱਖ ਕੇ ਜਦੋਂ '੧' ਪਾਉਣ ਲੱਗੇ ਤਾਂ ਘੋੜੇ ਨੇ ਪੌੜ ਹਿਲਾ ਦਿਤਾ ਅਤੇ '੧' ਦਾ ਮੂੰਹ ਖੁਲ੍ਹਾ ਰਹਿ ਕੇ ਸਾਤੇ ਵਾਲੀ ਸ਼ਕਲ ਧਾਰਨ ਕਰ ਗਿਆ। ਉਸ ਵੇਲੇ ਆਪ ਨੇ ਕਿਹਾ ਕਿ ਮਾਤਾ! ਤੇਰੀ ਘੋੜੇ ਨੇ ਮਦਦ ਕਰੀ ਹੈ ਤੇ '੧' ਦੀ ਜਗ੍ਹਾਂ '੭' ਪੈ ਗਿਆ, ਹੁਣ ਤੇਰੇ ਸੱਤ ਪੁੱਤਰ ਹੋਣਗੇ। ਕਹਿਣ ਲੱਗੀ, ਮਹਾਰਾਜ! ਮੈਨੂੰ ਸੱਤਾਂ ਦੀ ਹੀ ਲੋੜ ਸੀ ਇਕ ਪੁੱਤਰ ਘਰ ਸਾਂਭੇਗਾ, ਦੂਸਰਾ ਪਸ਼ੂਆਂ ਨੂੰ ਸਾਂਭੇਗਾ, ਤੀਸਰਾ ਭਾਈਚਾਰੇ ਵਿਚ ਜਾਏਗਾ, ਚੌਥਾ ਰਾਜ ਦਰਬਾਰ ਆਏ ਜਾਏਗਾ, ਇਕ ਮੈਂ ਤੁਹਾਡੇ ਚਰਨਾਂ ਵਿਚ ਹਾਜ਼ਰ ਕਰਨਾ ਸੀ, ਦੋਹਾਂ ਨੇ ਹੋਰ ਕੰਮ ਕਰਨੇ ਸੀ। ਤੁਸੀਂ ਤਾਂ ਮੈਨੂੰ ਪੂਰੇ ਹੀ ਪੁੱਤਰ ਦਿਤੇ ਹਨ। ਬਾਣੀ ਵਿਚ ਇਹ ਫੁਰਮਾਨ ਆਉਂਦਾ ਹੈ –

***ਕਹੁ ਕਬੀਰ ਭਗਤਿ ਕਰਿ ਪਾਇਆ॥***
***ਭੋਲੇ ਭਾਇ ਮਿਲੇ ਰਘੁਰਾਇਆ॥ ਪੰਨਾ – 324***

ਦੁਨੀਆਂ ਦਾ ਬਾਦਸ਼ਾਹ ਤਾਂ ਬਾਦਸ਼ਾਹ ਹੀ ਹੁੰਦਾ ਹੈ, ਦਰਗਾਹ ਦੇ ਬਾਦਸ਼ਾਹ ਦਾ ਨਾਉਂ 'ਸੱਚੇ ਪਾਤਸ਼ਾਹ' ਹੁੰਦਾ ਹੈ। ਬਾਦਸ਼ਾਹਾਂ ਦੇ ਬਾਦਸ਼ਾਹ ਗੁਰੂ ਨਾਨਕ ਨੇ ਇਸੇ ਕਰਕੇ ਕਲਜੁਗ ਦੀ ਭੇਟਾ ਕੀਤੀ ਬਾਦਸ਼ਾਹੀ ਪ੍ਰਵਾਨ ਨਾ ਕੀਤੀ। ਗੁਰੂ ਮਹਾਰਾਜ ਨੇ ਇਨ੍ਹਾਂ ਦੀ ਪ੍ਰਾਪਤੀ ਹਵਾ ਦੇ ਬੁੱਲ੍ਹੇ ਦੇ ਬਰਾਬਰ ਰੱਖੀ ਹੈ। ਸੱਚਾ ਰਾਜਾ ਉਹ ਹੈ ਜਿਸ ਨੇ ਅੰਦਰਲੇ ਮਨ ਰਾਜੇ ਤੇ ਫਤਹਿ ਪਾ ਲਈ ਅਤੇ ਬੁੱਧੀ ਨੂੰ ਸਾਰ ਬੁੱਧੀ ਦੀ ਪ੍ਰਾਪਤੀ ਕਰਾ ਕੇ ਪ੍ਰਮੇਸ਼ਰ ਨੂੰ ਹਾਜ਼ਰ ਨਾਜ਼ਰ ਮੰਨਿਆ ਹੈ, ਓਹੀ ਸੱਚਾ ਪਾਤਸ਼ਾਹ ਹੁੰਦਾ ਹੈ –

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਪੰਨਾ – 707***

ਪ੍ਰਮੇਸ਼ਰ ਦੇ ਮੁਕਾਬਲੇ ਕੋਈ ਰਾਜਾ ਨਹੀਂ।

***ਕੋਊ ਹਰਿ ਸਮਾਨਿ ਨਹੀ ਰਾਜਾ॥***
***ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥***
***ਪੰਨਾ – 856***

ਗੁਰੂ ਮਹਾਰਾਜ ਕਲਜੁਗ ਨੂੰ ਕਹਿੰਦੇ ਹਨ ਕਿ ਇਹ ਦੁਨੀਆਂ ਦਾ ਰਾਜ ਕਿਸੇ ਕੰਮ ਨਹੀਂ ਹੈ। ਇਹ ਚੀਜ਼ਾਂ ਜੋ ਅਸਾਨੂੰ ਭੇਟ ਕਰ ਰਿਹਾ ਹੈਂ, ਇਹ ਤਾਂ ਪ੍ਰਮੇਸ਼ਰ ਨੂੰ ਭੁਲਾਉਣ ਵਾਲੀਆਂ ਚੀਜ਼ਾਂ ਹਨ ਜਿਵੇਂ ਕਿ –

***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥***
***ਪੰਨਾ – 811***

ਕਲਜੁਗ! ਸਾਨੂੰ ਤਾਂ ਨਿਰੰਕਾਰ ਨੇ ਸੱਚੀ ਬਾਦਸ਼ਾਹੀ ਦਿਤੀ ਹੋਈ ਹੈ। ਜਿਸ ਕਿਸੇ ਅੰਦਰ ਵੀ ਸਿਫਤ ਸਲਾਹ ਵਸ ਜਾਵੇਗੀ, ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੁੰਦਾ ਹੈ।

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥ ਪੰਨਾ – 5***

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜਹਾਂਗੀਰ ਦੇ ਨਾਲ ਜੰਗਲ ਨੂੰ ਸ਼ਿਕਾਰ ਵਗੈਰਾ ਦੇ ਸਬੰਧ ਵਿਚ ਗਏ। ਦੁਪਹਿਰ ਦਾ ਵਕਤ ਸੀ, ਆਪ ਨੇ ਸੰਘਣੇ ਦਰਖਤਾਂ ਵਿਚ ਕੈਂਪ ਲਾ ਲਏ, ਜਹਾਂਗੀਰ ਨੇ ਇਕ ਵਾਰ ਗੁਰੂ ਮਹਾਰਾਜ ਦੇ ਪਾਸ ਸ਼ਿਕਾਇਤੀ ਲਿਹਾਜ਼ ਵਿਚ ਗੱਲ ਕੀਤੀ ਕਿ ਮੈਂ ਹਜ਼ਾਰਾਂ ਮੁਰੱਬਿਆਂ ਦਾ ਮਾਲਕ ਹਾਂ, ਮੈਨੂੰ ਲੋਕੀ ਬਾਦਸ਼ਾਹ ਕਹਿੰਦੇ ਹਨ ਪਰ ਮੈਂ ਸੁਣਿਆ ਹੈ ਆਪ ਨੂੰ ਸੱਚੇ ਪਾਤਸ਼ਾਹ ਕਹਿੰਦੇ ਹਨ। ਗੁਰੂ ਮਹਾਰਾਜ ਕਹਿਣ ਲੱਗੇ, ਜਹਾਂਗੀਰ! ਅਸੀਂ ਤਾਂ ਕਿਸੇ ਨੂੰ ਨਹੀਂ ਕਿਹਾ ਕਿ ਸਾਨੂੰ ਕੋਈ ਸੱਚੇ ਪਾਤਸ਼ਾਹ ਕਹੇ, ਪਰ ਆਪਣੀ ਭਾਵਨਾ ਦੇ ਅਨੁਸਾਰ ਪਿਆਰ ਵਾਲੇ ਸੱਚੇ ਪਾਤਸ਼ਾਹ ਕਹਿੰਦੇ ਹਨ। ਮਹਾਰਾਜ ਨੇ ਕਿਹਾ, ਸਮਾਂ ਆਵੇਗਾ, ਪ੍ਰਤੱਖ ਰੂਪ ਵਿਚ ਅਸੀਂ ਤੈਨੂੰ ਸਮਝਾਵਾਂਗੇ।

ਅੱਜ ਆਪ ਦੇ ਕੈਂਪ ਬਾਹਰ ਲੱਗੇ ਹੋਏ ਹਨ। ਉਸ ਵੇਲੇ ਇਕ ਘਾਹੀ ਨੂੰ ਪਤਾ ਲੱਗਿਆ ਕਿ ਗੁਰੂ ਮਹਾਰਾਜ ਜੰਗਲ ਵਿਚ ਆਏ ਹੋਏ ਹਨ। ਉਸ ਨੇ ਬਹੁਤ ਹੀ ਸਾਫ ਸੁਥਰਾ ਘਾਹ ਪੰਡ ਵਿਚ ਬੰਨ੍ਹਿਆ ਤੇ ਗੁਰੂ ਮਹਾਰਾਜ ਦੀ ਭੇਟਾ ਕਰਨ ਲਈ ਚਲਿਆ ਗਿਆ। ਉਥੇ ਦੋ ਕੈਂਪ ਲੱਗੇ ਹੋਏ ਸੀ ਉਸ ਨੂੰ ਪਤਾ ਨਾ ਲੱਗਿਆ ਕਿ ਇਨ੍ਹਾਂ ਵਿਚੋਂ ਗੁਰੂ ਮਹਾਰਾਜ ਦਾ ਕੈਂਪ ਕਿਹੜਾ ਹੈ ਤੇ ਉਹ ਜਹਾਂਗੀਰ ਦੇ ਕੈਂਪ ਅੱਗੇ ਚਲਿਆ ਗਿਆ। ਉਸ ਨੇ ਸਿਪਾਹੀਆਂ ਨੂੰ ਪੁਛਿਆ ਤਾਂ ਉਹ ਰੋਕਣ ਲਗ ਗਏ ਕਿ ਤੂੰ ਅੰਦਰ ਨਹੀਂ ਜਾ ਸਕਦਾ। ਜਹਾਂਗੀਰ ਨੇ ਵੀ ਸੁਣਿਆ ਕਿ ਮੈਨੂੰ ਕੋਈ ਸੱਚਾ ਪਾਤਸ਼ਾਹ ਕਹਿਣ ਵਾਲਾ ਆਇਆ ਹੈ, ਕਹਿਣ ਲੱਗਿਆ ਇਸ ਨੂੰ ਰੋਕੋ ਨਾ, ਮੇਰੇ ਪਾਸ ਭੇਜ ਦੇਵੋ। ਜਦੋਂ ਪਹੁੰਚਿਆ ਤਾਂ ਉਸ ਨੇ ਘਾਹ ਦੀ ਪੰਡ ਅੱਗੇ ਰੱਖ ਦਿਤੀ ਅਤੇ ਪੰਜ ਪੈਸੇ ਅੱਗੇ ਰੱਖ ਕੇ ਬੇਨਤੀ ਕੀਤੀ –

***ਧਾਰਨਾ – ਜੀ ਮੈਂ ਬਹੁੜ ਜਨਮ ਨ ਆਵਾਂ,***
***ਇਹੋ ਮੇਰੀ ਬੇਨਤੀ ਗੁਰਾ – 2, 2***
***ਇਹੋ ਮੇਰੀ ਜੀ ਬੇਨਤੀ ਗੁਰਾ – 2, 2.***
***ਜੀ ਮੈਂ ਬਹੁੜ ਜਨਮ ਨ ਆਵਾਂ – 2, 2.***
***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥***
***ਪੰਨਾ – 795***

ਜਹਾਂਗੀਰ ਹੈਰਾਨ ਹੋ ਗਿਆ ਕਿ ਜੰਮਣ ਮਰਨ ਦਰਗਾਹ ਦਾ ਪ੍ਰਬੰਧ ਤਾਂ ਮੇਰੇ ਹੱਥ ਨਹੀਂ, ਜੀਵ ਕਰਮਾਂ ਦੇ ਬੰਨ੍ਹੇ ਆਉਂਦੇ ਹਨ, ਮੈਂ ਤਾਂ ਆਪ ਬੇਵਸ ਹਾਂ ਮੈਂ ਕਿਸੇ ਦਾ ਕੀ ਜਨਮ ਮਰਨ ਕੱਟਣਾ ਹੈ ਮੇਰਾ ਆਪਣਾ ਹੀ ਨਹੀਂ ਕੱਟ ਹੁੰਦਾ। ਉਸ ਨੇ ਕਿਹਾ ਕਿ ਇਹ ਤਾਂ ਨਾ ਮੰਗ, ਮੈਂ ਇਸ ਦੇ ਬਦਲੇ ਪੰਜ ਪਿੰਡ ਦੇ ਦਿੰਦਾ ਹਾਂ, ਤੇਰੀ ਗਰੀਬੀ ਦੂਰ ਹੋ ਜਾਵੇਗੀ। ਘਾਹੀ ਨੇ ਇਸ ਦੀ ਪ੍ਰਾਪਤੀ ਲਈ ਨਾਂਹ ਕਰ ਦਿਤੀ। ਇਥੋਂ ਤਕ ਲਿਖਿਆ ਹੈ ਕਿ ਉਸ ਨੂੰ ਗਵਰਨਰ ਨਵਾਬ ਬਣਾਉਣ ਦੀ ਪੇਸ਼ਕਸ਼ ਕੀਤੀ ਪਰ ਉਹ ਨਾ ਮੰਨਿਆ ਉਸ ਵੇਲੇ ਜਹਾਂਗੀਰ ਨੂੰ ਕਹਿਣਾ ਪਿਆ ਕਿ ਮੈਂ ਤਾਂ ਦੁਨੀਆਂ ਦਾ ਬਾਦਸ਼ਾਹ ਹਾਂ ਜਦੋਂ ਮੇਰੀ ਮੌਤ ਆਵੇਗੀ ਉਥੇ ਕਬਰਾਂ ਵਿਚ ਪਿਆ ਹੋਇਆ ਰੋਵਾਂਗਾ, ਸਭ ਦੇ ਵਾਂਗ ਹੀ ਮੇਰੇ ਉਪਰ ਵੀ ਮਿਟੀ ਪਈ ਹੋਵੇਗੀ। ਜੇ ਤੂੰ ਜਨਮ ਮਰਨ ਦਾ ਚੱਕਰ ਕੱਟਣਾ ਚਾਹੁੰਦਾ ਹੈਂ ਤਾਂ ਉਹ ਸਾਮ੍ਹਣੇ ਗੁਰੂ ਮਹਾਰਾਜ ਹਨ ਉਹ ਹੀ ਜਨਮ ਮਰਨ ਕੱਟ ਸਕਦੇ ਹਨ।

ਉਹ ਘਾਹੀ ਘਾਹ ਦੀ ਪੰਡ ਤੇ ਪੰਜ ਪੈਸੇ ਚੁੱਕ ਕੇ ਗੁਰੂ ਮਹਾਰਾਜ ਕੋਲ ਚਲਿਆ ਗਿਆ ਅਤੇ ਉਚੀ ਉਚੀ ਰੋਂਦਾ ਹੈ ਕਿ ਮਹਾਰਾਜ! ਮੇਰਾ ਸੀਸ ਉਸ ਅੱਗੇ ਨਿਵ ਗਿਆ, ਮੈਂ ਤਾਂ ਇਹ ਘਾਹ ਦੀ ਪੰਡ ਆਪ ਦੇ ਘੋੜੇ ਵਾਸਤੇ ਲਿਆਇਆ ਸੀ। ਮਹਾਰਾਜ ਕ੍ਰਿਪਾ ਕਰੋ, ਮੇਰਾ ਜਨਮ ਮਰਨ ਕੱਟੋ। ਗੁਰੂ ਮਹਾਰਾਜ ਨੇ ਉਸ ਦਾ ਭੋਲਾਪਨ, ਸ਼ਰਧਾ ਦੇਖ ਕੇ ਗੁਰਸਿੱਖ ਨੂੰ ਕਿਹਾ– 'ਨਿਹਾਲ–ਨਿਹਾਲ–ਨਿਹਾਲ।' ਜਹਾਂਗੀਰ ਵੀ ਦੇਖਦਾ ਹੈ ਕਿ ਗੁਰੂ ਮਹਾਰਾਜ ਨੇ ਤਾਂ ਇਸ ਦੇ ਜਨਮ ਮਰਨ ਕੱਟ ਕੇ ਸੱਚੀ ਦਰਗਾਹ ਵਿਚ ਪ੍ਰਵੇਸ਼ ਕਰਾ ਦਿਤਾ। ਸੋ ਇਸ ਤਰ੍ਹਾਂ ਬੰਦਗੀ ਕਰਨ ਵਾਲਿਆਂ ਦਾ ਕਿਹਾ ਦਰਗਾਹ ਵਿਚ ਭੀ ਮੰਨਣਾ ਪੈਂਦਾ ਹੈ। ਇਥੋਂ ਤਕ ਕਿ ਉਨ੍ਹਾਂ ਦਾ ਕਿਹਾ ਹੋਇਆ ਪਉਣ, ਪਾਣੀ, ਬੈਸੰਤਰ ਵੀ ਮੰਨਦੇ ਹਨ।

ਗੁਰੂ ਨਾਨਕ ਸਾਹਿਬ ਨੇ ਕਲਜੁਗ ਨੂੰ ਕਿਹਾ ਕਿ ਇਹ ਦੁਨਿਆਵੀ ਚੀਜ਼ਾਂ ਨਾਸ਼ ਹੋਣ ਵਾਲੀਆਂ ਹਨ, ਸਾਨੂੰ ਤਾਂ ਨਾਮ ਦੀ ਦਾਤ ਧੁਰ ਦਰਗਾਹ ਤੋਂ ਪ੍ਰਾਪਤ ਹੋਈ ਹੋਈ ਹੈ। ਹੋਰ ਕਿਸੇ ਮਾਇਆਵੀ ਵਸਤੂ ਦੀ ਲੋੜ ਨਹੀਂ ਹੈ –

ਕਈ ਪ੍ਰੇਮੀ ਈਰਖਾ ਵਸ ਹੋਏ ਕਹਿ ਦਿੰਦੇ ਹਨ ਕਿ ਗੁਰੂ ਨਾਨਕ ਪਾਤਸ਼ਾਹ ਦਾ ਗੁਰੂ ਸੰਤ ਰੇਣ ਸੀ ਜਿਥੇ ਉਨ੍ਹਾਂ ਨੇ ਖਰਾ ਸੌਦਾ ਕੀਤਾ ਪਰ ਗੁਰੂ ਮਹਾਰਾਜ ਨੇ ਆਪਣੇ ਗੁਰੂ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ। ਗੁਰੂ ਮਹਾਰਾਜ ਤਾਂ ਫੁਰਮਾਨ ਕਰਦੇ ਹਨ –

***ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥***
***ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥***
***ਪੰਨਾ – 599***

ਗੁਰੂ ਦਸਮੇਸ਼ ਪਿਤਾ ਜੀ ਨੇ ਚੌਪਈ ਅੰਦਰ ਫੁਰਮਾਨ ਕੀਤਾ ਹੈ –

***ਆਦਿ ਅੰਤਿ ਏਕੈ ਅਵਤਾਰਾ॥***
***ਸੋਈ ਗੁਰੂ ਸਮਝਿਯਹੁ ਹਮਾਰਾ॥***

***ਕਬ੍ਯੋ ਬਾਚ ਬੇਨਤੀ ਚੌਪਈ***

ਗੁਰੂ ਨਾਨਕ ਪਾਤਸ਼ਾਹ ਨੂੰ ਨਿਰੰਕਾਰ ਜੀ ਏਕੰਕਾਰ ਰੂਪ ਹੋ ਕੇ ਮਿਲੇ। ਜਨਮਸਾਖੀ ਵਿਚ ਆਉਂਦਾ ਹੈ ਕਿ ਗੁਰੂ ਨਾਨਕ

ਪਾਤਸ਼ਾਹ ਨੂੰ ਮੰਤਰ ਏਕੰਕਾਰ ਜੀ ਦੀ ਦਰਗਾਹ ਵਿਚੋਂ ਪ੍ਰਾਪਤ ਹੋਇਆ –

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

ਜਨਮਸਾਖੀ ਵਿਚ ਆਉਂਦਾ ਹੈ ਕਿ ਏਕੰਕਾਰ ਜੀ ਨੇ ਨਾਮ ਅੰਮ੍ਰਿਤ ਦਾ ਪਿਆਲਾ ਦਿਤਾ ਅਤੇ ਕਿਹਾ ਕਿ ਇਹ ਮੇਰੇ ਨਾਮ ਅੰਮ੍ਰਿਤ ਦਾ ਪਿਆਲਾ ਹੈ ਇਹ ਤੂੰ ਪੀ। ਮੇਰੇ ਨਾਮ ਅੰਮ੍ਰਿਤ ਦੀ ਮਹਿਮਾ ਕਰ। ਸ਼ਬਦ ਉਚਾਰਨ ਹੋਇਆ –

*ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥*
*ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥*
*ਸਾਚਾ ਨਿਰੰਕਾਰੁ ਨਿਜ ਥਾਇ॥*
*ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥*
*ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥*
*ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥*
*ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ॥*
*ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥*
*ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥*
*ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥*
*ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥*
*ਪੰਨਾ – 14*

ਆਪ ਨੇ ਫੁਰਮਾਇਆ ਕਿ ਹੇ ਅਕਾਲ ਪੁਰਖ! ਤੇਰਾ ਹੁਕਮ ਅਪਾਰ ਹੈ ਜਿਸ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ। ਅਕਾਲ ਪੁਰਖ ਕਹਿਣ ਲੱਗੇ, ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਜੋ ਤੇਰੇ ਵਿਚ ਵਿਸ਼ਵਾਸ਼ ਲਿਆਏਗਾ ਉਸ ਨੂੰ ਮੇਰੀ ਦਰਗਾਹ ਪ੍ਰਾਪਤ ਹੋਏਗੀ। ਜੋ ਇਸ ਮੰਤਰ ਦਾ ਪਾਠ ਕਰੇਗਾ ਉਹ ਮੈਨੂੰ ਪ੍ਰਾਪਤ ਹੋਵੇਗਾ –

*ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ਜਪੁ॥*

ਇਸ ਮੂਲਮੰਤਰ ਤੇ ਤੂੰ ਆਪਣੀ ਮੋਹਰ ਲਾ ਕੇ ਸੰਪੂਰਨ ਕਰ।

ਗੁਰੂ ਨਾਨਕ ਪਾਤਸ਼ਾਹ ਨੇ ਉਚਾਰਨ ਕੀਤਾ –

*ਆਦਿ ਸਚ ਜੁਗਾਦਿ ਸਚੁ ਹੈ ਭੀ ਸਚੁ*
*ਨਾਨਕ ਹੋਸੀ ਭੀ ਸਚੁ॥*

ਨਿਰੰਕਾਰ ਜੀ ਨੇ ਕਿਹਾ, "ਹੇ ਨਾਨਕ! ਇਹ ਮੰਤਰ ਪੂਰਾ ਹੋਇਆ। ਇਸ ਦਾ ਜੋ ਜ਼ਿੰਦਗੀ ਭਰ ਪਾਠ ਕਰੇਗਾ ਤੇ ਇਸ ਨੂੰ ਸਮਝਣ ਦਾ ਯਤਨ ਕਰੇਗਾ, ਉਹ ਮੇਰੀ ਦਰਗਾਹ ਵਿਚ ਅਵੱਸ਼ ਆ ਕੇ ਪ੍ਰਾਪਤੀ ਕਰੇਗਾ, ਉਸ ਨੂੰ ਦਰਗਾਹ ਦੇ ਅੰਦਰ ਥਾਂ ਮਿਲੇਗੀ।"

ਜੇ ਕਿਸੇ ਦੇ ਪੱਲੇ ਨਾਮ ਦੀ ਦੌਲਤ ਨਾ ਹੋਵੇ, ਨਾਮ ਧਨ ਖੱਟਿਆ ਨਾ ਹੋਵੇ, ਹੋਰ ਸਭ ਪ੍ਰਾਪਤੀ ਹੋਵੇ, ਸਮਝੋ, ਕੁਝ ਵੀ ਪ੍ਰਾਪਤ ਨਹੀਂ ਹੋਇਆ।

ਜਦੋਂ ਮੈਂ ਯੂ. ਪੀ. ਵਿਚ ਸੀ, ਆਪਣੇ ਫਾਰਮ ਵਿਚ ਖੇਤੀ ਕਰਦਾ ਸੀ, ਗੰਨਾ ਬੀਜਦਾ ਸੀ। ਗੰਨਾ ਰਾਮਪੁਰ ਲੈ ਕੇ ਜਾਣਾ ਇਕ ਵਾਰ ਐਸਾ ਹੋਇਆ ਕਿ ਉਥੇ ਕਈ ਮਿਲਾਂ ਦਾ ਮਾਲਕ ਜਿਸ ਨੂੰ ਡਾਲਮੀਆਂ ਕਹਿੰਦੇ ਸਨ, ਉਸ ਨੂੰ ਕਿਸੇ ਕਾਨੂੰਨ ਦੀ ਉਲੰਘਣਾ ਕਰਨ ਕਰਕੇ ਜੇਲ੍ਹ ਵਿਚ ਭੇਜ ਦਿਤਾ। ਉਸ ਨੇ ਅਰਜ਼ੀ ਦਿਤੀ ਕਿ ਉਸ ਨੂੰ ਚਾਰ ਡਾਕਟਰ ਦੇਖਣ ਜੇਲ੍ਹ ਵਿਚ ਆਉਣ। ਉਹ ਡਾਕਟਰ ਜੇਲ੍ਹ ਵਿਚ ਨਾਲ ਹੀ ਗਏ, ਉਹ ਕਦੇ blood pressure ਦੇਖਦੇ ਹਨ, ਕਦੇ ਦਿਲ ਦੀ ਚਾਲ ਦੇਖਦੇ ਹਨ, ਕਦੇ ਪਿਸ਼ਾਬ ਚੈਕ ਕਰਦੇ ਨੇ। ਐਨਾ ਧਨ ਕਮਾ ਕੇ ਫਾਇਦਾ ਤਾਂ ਕੋਈ ਨਾ ਹੋਇਆ, ਅਨੰਦ ਤਾਂ ਕੋਈ ਨਾ ਆਇਆ। ਮਹਾਰਾਜ ਕਹਿੰਦੇ ਨੇ –

*ਐਸਾ ਜਗੁ ਦੇਖਿਆ ਜੂਆਰੀ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ॥ ਪੰਨਾ – 222*

ਸੋ ਇਸ ਤਰ੍ਹਾਂ ਨਾਮ ਨੂੰ ਭੁੱਲ ਕੇ ਅੰਦਰਲਾ ਕੌਲ ਫੁੱਲ ਸੜ ਜਾਂਦਾ ਹੈ –

*ਧਾਰਨਾ – ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾ – 2, 2.*
*ਨਾਮ ਤੋਂ ਬਿਨਾਂ ਜੀਉੜਾ, ਨਾਮ ਤੋ ਬਿਨਾ – 2, 2.*
*ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾ – 2, 2.*

ਸੋ ਕਲਜੁਗ ਦੀ ਗੱਲ ਦੂਸਰੀ ਵਾਰੀ ਮੈਂ ਦਸਦਾ ਹਾਂ ਕਿ ਜਦੋਂ ਗੁਰੂ ਮਹਾਰਾਜ ਨੇ ਕੋਈ ਭੇਟਾ ਪ੍ਰਵਾਨ ਨਾ ਕਰੀ ਤਾਂ ਆਪ ਨੇ ਕਿਹਾ ਕਿ ਜੇ ਤੂੰ ਸਾਡਾ ਬਚਨ ਮੰਨ ਲਵੇਂਗਾ ਤਾਂ ਅਸੀਂ ਤੇਰੇ ਤੇ ਪ੍ਰਸੰਨ ਹੋਵਾਂਗੇ। ਆਪ ਨੇ ਜੋ ਕੁਝ ਫੁਰਮਾਇਆ ਉਹ ਇਸ ਤਰ੍ਹਾਂ ਹੈ –

*ਜੇ ਸਿਖ ਹੈਂ ਮੇਰੇ ਹਿਤਕਾਰੀ।*
*ਤਿਨ ਪਰ ਸੈਨ ਨ ਜਾਇ ਤੁਮਾਰੀ।*
*ਨਾਮੁ ਦਾਨ ਇਸ਼ਨਾਨ ਜੇ ਸਭਿ ਹੀ।*
*ਇਨ ਤੇ ਨਹੀਂ ਭੁਲਾਵਹੁ ਕਬਹੀ॥੬੬।*
*ਤਵ ਛਾਯਾ ਨਹਿਂ ਬਰਤੈ ਤਿਨ ਕੋ।*
*ਮੋਰ ਬਚਨ ਮੈਂ ਨਿਸ਼ਚਾ ਜਿਨਕੋ।*
*ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 854*

ਤੇਰੀ ਛਾਇਆ ਇਨ੍ਹਾਂ ਦੇ ਉਪਰ ਨਹੀਂ ਪੈਣੀ ਚਾਹੀਦੀ ਜੋ ਗੁਰੂ ਦੀ ਬਾਣੀ ਨੂੰ ਸਤਿ ਸਤਿ ਕਰਕੇ ਮੰਨਦੇ ਹਨ, ਜੋ ਆਪਣੀ ਕਮਾਈ ਵਿਚੋਂ ਦਾਨ ਦਿੰਦੇ ਹਨ ਉਨ੍ਹਾਂ ਉਤੇ ਤੂੰ ਆਪਣਾ ਅਸਰ ਨਾ ਪਾਈਂ। ਦਾਨ ਖੇਤ ਪਛਾਣ ਕੇ ਦਿਤਾ ਜਾਂਦਾ ਹੈ, ਉਥੇ ਦਾਨ ਸਹੰਸਰ ਗੁਣਾਂ ਵਧਦਾ ਹੈ। ਗੁਰੂ ਘਰ ਵਿਚ ਗੁਰਮੁਖ ਨਾਮ ਦਾਨ ਇਸ਼ਨਾਨ ਦਾ ਬੰਧੇਜ ਹੈ। ਆਤਮ ਦਾਨ ਸਭ ਤੋਂ ਸ੍ਰੇਸ਼ਟ ਹੁੰਦਾ ਹੈ, ਭੁੱਲਿਆਂ ਨੂੰ ਬੰਦਗੀ ਕਰਨ ਲਾ ਦੇਣਾ, ਨਾਮ ਜਪਣਾ, ਦਾਨ ਕਰਨਾ ਅਤੇ ਤੀਸਰਾ ਕਰਮ ਇਸ਼ਨਾਨ ਦਾ ਹੋਇਆ ਕਰਦਾ ਹੈ। ਪਹਿਰ ਰਾਤ ਰਹਿੰਦੀ ਉਠਣਾ ਅਤੇ ਸਾਵਧਾਨ ਹੋ ਕੇ ਇਸ਼ਨਾਨ ਕਰਦੇ ਸਮੇਂ ਏਕੰਕਾਰ ਜੀ ਦਾ ਧਿਆਨ ਕਰਨਾ ਅਤੇ ਮੂਲਮੰਤਰ ਦਾ ਪਾਠ ਕਰਦੇ ਰਹਿਣਾ। ਇਸ ਦਾ ਫਲ ਬਹੁਤ ਅਧਿਕ ਹੁੰਦਾ ਹੈ।

ਇਕ ਵਾਰ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਪੁਛਿਆ ਕਿ ਇਸ਼ਨਾਨ ਦਾ ਕੀ ਲਾਭ ਹੁੰਦਾ ਹੈ। ਤਾਂ ਐਸਾ

ਲਿਖਿਆ ਹੋਇਆ ਹੈ ਕਿ ਗੁਰੂ ਮਹਾਰਾਜ ਨੇ ਕਿਹਾ ਕਿ ਹੇ ਪੁਰਖਾ! ਜੋ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਦਾ ਹੈ, ਮਨ ਚਿਤ ਇਕਾਗਰ ਕਰਕੇ ਏਕੰਕਾਰ ਜੀ ਦਾ ਧਿਆਨ ਕਰਦਾ ਹੈ ਉਹ ਸਵਾ ਮਣ ਸੋਨਾ ਦਾਨ ਕਰਦਾ ਹੈ। ਜੋ ਦੋ ਘੜੀ ਬਾਅਦ ਇਸ਼ਨਾਨ ਕਰਦਾ ਹੈ, ਉਸ ਨੂੰ ਸਵਾ ਮਣ ਚਾਂਦੀ ਦਾਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ, ਜੋ ਹੋਰ ਦੋ ਘੜੀ ਬਾਅਦ ਇਸ਼ਨਾਨ ਕਰਦਾ ਹੈ ਉਸ ਨੂੰ ਸਵਾ ਮਣ ਤਾਂਬਾ ਦਾਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ, ਜੋ ਦੋ ਘੜੀਆਂ ਰਾਤ ਰਹਿੰਦੀ ਇਸ਼ਨਾਨ ਕਰਦਾ ਹੈ ਉਸ ਨੂੰ ਸਵਾ ਮਣ ਦੁੱਧ ਜਾਂ ਅੰਨ ਦੇ ਦਾਨ ਦਾ ਫਲ ਪ੍ਰਾਪਤ ਹੁੰਦਾ ਹੈ। ਸੋ ਇਸ ਕਰਕੇ ਸਾਡਾ ਸਰੀਰ ਨਾਮ ਦਾਨ ਇਸ਼ਨਾਨ ਦੇ high way ਤੇ ਚਲਦਾ ਹੈ ਪਰ ਇਕ ਗੱਲ ਦਾ ਧਿਆਨ ਰੱਖਣਾ ਪੈਂਦਾ ਹੈ ਕਿ ਪੁੰਨ ਦਾਨ ਕਰਕੇ ਸਵਰਗ ਦੀ ਇਛਿਆ ਨਾ ਕਰੇ। ਨਹੀਂ ਤਾਂ ਸਵਰਗ ਲੋਕ ਭੋਗ ਕੇ ਫੇਰ ਧਰਤੀ ਤੇ ਆਉਂਦਾ ਹੈ, ਇਸ ਤਰ੍ਹਾਂ ਪਰਮ ਪਦ ਦੀ ਪ੍ਰਾਪਤੀ ਵਿਚ ਰੁਕਾਵਟ ਪੈਦਾ ਹੋ ਜਾਂਦੀ ਹੈ।

***ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ॥***
***ਪੰਨਾ – 1414***

ਫੇਰ ਧਰਮਰਾਜ ਕੋਲ ਜਾਣਾ ਪੈਂਦਾ ਹੈ। ਗੁਰੂ ਦਾ ਸਿੱਖ ਧਰਮਰਾਜ ਕੋਲ ਨਹੀਂ ਜਾਂਦਾ। ਉਹ ਨਰਕਾਂ ਵਿਚ ਜਾਣ ਤੋਂ ਡਰਦਾ ਹੈ ਪਰ ਉਹ ਨਰਕਾਂ ਸੁਰਗਾਂ ਦੀ ਕੋਈ ਵੀ ਕਾਣ ਨਹੀਂ ਕਢਦਾ –

***ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥***
***ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥***
***ਪੰਨਾ – 969***

ਸੋ ਸੁਰਗ ਦੀ ਇਛਿਆ ਨਾ ਕਰੇ ਅਤੇ ਨਰਕ ਵਿਚ ਗੁਰਸਿੱਖ ਜਾਂਦਾ ਹੀ ਨਹੀਂ, ਸੋ ਇਸ ਤੋਂ ਡਰਨ ਦੀ ਲੋੜ ਨਹੀਂ ਹੈ।

ਫੇਰ ਇਹਦੇ ਵਿਚ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸਾਨੂੰ ਜੋ ਇਸ਼ਨਾਨ ਦਾ ਐਨਾ ਪੁੰਨ ਮਿਲਦਾ ਹੈ ਫਿਰ ਫਲ ਤਾਂ ਮਿਲੇਗਾ। ਜੇ ਤਾਂ ਪੁੰਨ ਦੀ ਇਛਿਆ ਹੈ ਫੇਰ ਤਾਂ ਭੋਗਣਾ ਹੀ ਪਵੇਗਾ। ਜੇ ਕਰਤਾਪੁਣ ਵਿਚ ਆ ਕੇ ਗੁਰੂ ਦੇ ਅਰਪਣ ਕਰ ਦੇਵੇ ਤਾਂ ਉਸ ਦੀ ਅਵਸਥਾ ਹੋਰ ਹੋ ਜਾਂਦੀ ਹੈ। ਉਸ ਦਾ ਗੁਰੂ ਮਾਲਕ ਹੁੰਦਾ ਹੈ। ਗੁਰੂ ਮਹਾਰਾਜ ਨੇ ਦਾਨ ਕਰਨ ਦਾ ਵੀ ਵਿਧਾਨ ਬੰਨ੍ਹ ਦਿਤਾ ਹੈ ਜਿਸ ਤਰ੍ਹਾਂ ਗੁਰੂ ਮਹਾਰਾਜ ਦੇ ਇਕ ਸਵੱਈਏ ਵਿਚ ਜ਼ਿਕਰ ਆਉਂਦਾ ਹੈ –

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ,***
***ਜਗ ਮੈ ਜਸੁ, ਅਉਰ ਦਯੋ ਸਭ ਫੀਕੋ॥***
***ਮੋ ਗ੍ਰਿਹਿ ਮੈ ਤਨ ਤੇ ਮਨ ਤੇ,***
***ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥***
***ਗਿਆਨ ਪ੍ਰਬੋਧ ਪਾਤਸ਼ਾਹੀ ੧੦***

ਇਸੇ ਤਰ੍ਹਾਂ ਇਸ਼ਨਾਨ ਕਰਨ ਵਿਚ ਵੀ ਭੇਦ ਹੋਇਆ ਕਰਦੇ ਹਨ। ਇਕ ਤਾਂ ਸਰੀਰ ਦਾ ਇਸ਼ਨਾਨ ਕਰਦੇ ਹਾਂ ਜਿਸ ਵਿਚ ਸਰੀਰ ਦੀ ਮਲ ਦੂਰ ਹੋ ਜਾਂਦੀ ਹੈ ਅਤੇ ਸਰੀਰ ਦੇ ਕਣ ਕਣ ਵਿਚ ਪਾਣੀ ਰਾਹੀਂ ਆਕਸੀਜਨ ਦਾਖਲ ਹੋ ਜਾਂਦੀ ਹੈ ਜਿਸ ਰਾਹੀਂ ਅਸੀਂ ਆਲਸ ਤੋਂ ਬਗੈਰ ਪ੍ਰਭੂ ਦੇ ਵਿਚ ਲੀਨ ਹੋ ਸਕਦੇ ਹਾਂ। ਦੂਸਰਾ ਬਾਣੀ ਦਾ ਇਸ਼ਨਾਨ ਹੁੰਦਾ ਹੈ, ਜਿਸ ਵਿਚ ਗੁਰਬਾਣੀ ਪੜ੍ਹਨੀ ਕਿਉਂਕਿ ਫਿੱਕਾ ਬੋਲਣ ਨਾਲ ਤਨ ਮਨ ਫਿੱਕਾ ਹੋ ਜਾਂਦਾ ਹੈ ਅਤੇ ਗੁਰੂ ਮਹਾਰਾਜ ਦੀ ਸਖਤ ਤਾਕੀਦ ਹੈ –

***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥***
***ਪੰਨਾ – 473***

ਸਭ ਦਾ ਭਲਾ ਮਨਾਉਣਾ, ਕਿਸੇ ਨਾਲ ਵੀ ਵੈਰ ਨਾ ਕਰਨਾ, ਵਿਰੋਧ ਨਾ ਕਰਨਾ, ਗੁੱਸਾ ਮਨ ਵਿਚ ਨਾ ਹੰਢਾਉਣਾ। ਚੌਥਾ ਇਸ਼ਨਾਨ ਬੁੱਧੀ ਦਾ ਹੋਇਆ ਕਰਦਾ ਹੈ। ਬੁੱਧੀ ਦੇ ਵਿਚ ਨਿਰਮਲ ਮਤ ਧਾਰਨ ਕਰਨੀ, ਗੁਰੂ ਦੀ ਬਾਣੀ ਪੜ੍ਹਨੀ ਉਸ ਦੇ ਅਰਥ ਵਿਚਾਰਨੇ, ਵਿਚਾਰ ਕੇ ਹਿਰਦੇ ਵਿਚ ਧਾਰਨ ਕਰਨੇ ਇਸ ਨਾਲ ਬੁੱਧੀ ਦਾ ਇਸ਼ਨਾਨ ਹੋ ਜਾਂਦਾ ਹੈ।

ਪੰਜਵਾਂ ਸਭ ਤੋਂ ਸ੍ਰੇਸ਼ਟ ਇਸ਼ਨਾਨ ਆਤਮ ਚਿੰਤਨ ਕਰਨਾ ਹੈ। ਆਤਮਾ ਤੇ ਪ੍ਰਮਾਤਮਾ ਨੂੰ ਇਕ ਰੂਪ ਕਰਨ ਲਈ ਸਾਧਨ ਕਰਨੇ, ਸਿਮਰਨ ਕਰਨਾ ਹੋਇਆ ਕਰਦਾ ਹੈ ਜਿਸਨੂੰ ਆਤਮਿਕ ਇਸ਼ਨਾਨ ਕਹਿੰਦੇ ਹਨ। ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥***
***ਪੰਨਾ – 468***

ਬ੍ਰਹਮ ਦੀ ਪਰੀਪੂਰਨਤਾ ਵਿਚ ਆਪਣੇ ਆਪ ਨੂੰ ਲੀਨ ਕਰਨਾ। ਸੋ ਇਹ ਇਸ਼ਨਾਨ ਹੋਇਆ ਕਰਦਾ ਹੈ। ਗੁਰੂ ਮਹਾਰਾਜ ਨੇ ਕਲਜੁਗ ਨੂੰ ਮਨ੍ਹਾ ਕੀਤਾ ਸੀ ਕਿ ਜੋ ਗੁਰਸਿੱਖ ਇਨ੍ਹਾਂ ਕਰਮਾਂ ਵਿਚ ਪ੍ਰਵਿਰਤ ਹੋਵੇ ਉਨ੍ਹਾਂ ਉਪਰ ਤੂੰ ਆਪਣੀ ਛਾਇਆ ਨਾ ਪਾਈਂ, ਐਵੇਂ ਨਾ ਇਨ੍ਹਾਂ ਨੂੰ ਮੇਰੀ ਸੰਗਤ ਕਰਨ ਤੋਂ ਭੁਲਾ ਦੇਵੀਂ। ਸੋ ਉਸ ਵੇਲੇ ਦੋਵੇਂ ਹੱਥ ਜੋੜ ਕੇ, ਨਮਸ਼ਕਾਰ ਕਰਕੇ ਕਲਜੁਗ ਨੇ ਕਿਹਾ ਕਿ ਆਪ ਦੀ ਕ੍ਰਿਪਾ ਚਾਹੀਦੀ ਹੈ ਤੇ ਮੈਂ ਆਪ ਦਾ ਹੁਕਮ ਪ੍ਰਵਾਨ ਕਰਦਾ ਹਾਂ –

***ਧਾਰਨਾ – ਕਰ ਲਿਆ ਪ੍ਰਵਾਨ ਜੀ,***
***ਦਿਤਾ ਜੋ ਹੁਕਮ ਗੁਰਾਂ ਨੇ – 2, 2.***
***ਦਿਤਾ ਜੋ ਹੁਕਮ ਗੁਰਾਂ ਨੇ – 4, 2.***
***ਕਰ ਲਿਆ ਪ੍ਰਵਾਨ ਜੀ,.........।***

ਉਸ ਵੇਲੇ ਕਲਜੁਗ ਨੇ ਕਿਹਾ ਕਿ ਹੇ ਪਾਤਸ਼ਾਹ! ਆਪ ਦਾ ਹੁਕਮ ਮੰਨ ਕੇ ਮੈਨੂੰ ਇਸ ਨਾਲੋਂ ਵਧ ਕਿਸੇ ਚੀਜ਼ ਦੀ ਪ੍ਰਸੰਨਤਾ ਨਹੀਂ ਹੋਵੇਗੀ। ਪਰ ਮੈਂ ਇਕ ਬੇਨਤੀ ਕਰਦਾ ਹਾਂ ਕਿ ਜੇ ਹਜ਼ੂਰ ਦਾ ਹੁਕਮ ਹੋਵੇ ਤਾਂ ਉਸ ਬਾਰੇ ਅਰਜ਼ ਕਰਾਂ। ਗੁਰੂ ਮਹਾਰਾਜ ਨੇ ਕਿਹਾ, ਦੱਸ। ਕਹਿਣ ਲੱਗਿਆ ਕਿ ਜੋ ਆਪ ਦੇ ਪੰਥ ਵਿਚ ਪਾਖੰਡੀ ਲੋਕ ਆ ਜਾਣਗੇ, ਦੰਭ ਕਰਨਗੇ, ਆਪਣੇ ਆਪ ਨੂੰ ਪੂਰਾ ਕਹਾਉਣਗੇ ਲੇਕਿਨ ਹੋਣਗੇ ਉਲਟ, ਆਪਣੀ ਮਹਿਮਾ ਵਾਸਤੇ ਏਜੰਟ ਰੱਖਣਗੇ, ਆਡੰਬਰ ਕਰਨਗੇ, ਪਾਤਸ਼ਾਹ! ਉਥੇ ਤਾਂ ਮੈਂ ਆਪਣਾ ਪੂਰਾ ਜ਼ੋਰ ਦਿਖਾਵਾਂਗਾ। ਜੋ ਤੇਰੀ ਹਜ਼ੂਰੀ ਦੇ ਅੰਦਰ ਨਿਰਾਦਰ ਕਰਨ, ਚਾਹੇ ਉਹ ਮੰਦਰ ਹੋਵੇ, ਗੁਰਦੁਆਰਾ ਹੋਵੇ, ਮਸਜਿਦ ਵਿਚ ਹੋਵੇ। ਇਹ ਆਗਿਆ

ਮੈਂ ਆਪ ਤੋਂ ਲੈਣੀ ਚਾਹੁੰਦਾ ਹਾਂ। ਗੁਰੂ ਮਹਾਰਾਜ ਨੇ ਕਿਹਾ ਕਿ ਅਸੀਂ ਤਾਂ ਤੈਨੂੰ ਕਿਹਾ ਹੈ ਕਿ ਜਿਹੜੇ ਗੁਰਸਿੱਖ ਦਿਲ ਤੋਂ ਬਾਣੀ ਪੜ੍ਹਨਗੇ, ਉਨ੍ਹਾਂ ਨੂੰ ਹਾਨੀ ਨਾ ਪਹੁੰਚਾਵੀਂ। ਜਿਹੜੇ ਭੇਖੀ ਹਨ ਉਹ ਸਾਡੇ ਸਿੱਖ ਨਹੀਂ ਹਨ ਕਿਉਂਕਿ ਭੇਖੀ ਬਾਰੇ ਮਹਾਰਾਜ ਨੇ ਕਿਹਾ ਹੈ –

***ਭੇਖ ਦਿਖਾਇਓ ਜਗਤ ਕਉ ਲੋਗਨ ਕਉ ਬਸ ਕੀਨ।***
***ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।***

ਸੋ ਇਸ ਤਰ੍ਹਾਂ ਕਲਜੁਗ ਨੇ ਬਹੁਤ ਅਧੀਨਤਾ ਦੇ ਨਾਲ ਸਾਰੇ ਹੁਕਮ ਮੰਨ ਲਏ ਅਤੇ ਚਰਨ ਫੜੇ। ਬੇਨਤੀ ਕੀਤੀ ਕਿ ਸਤਿਜੁਗ ਵਿਚ ਹੰਸਾ ਅਵਤਾਰ, ਤ੍ਰੇਤੇ ਵਿਚ 14 ਕਲਾ ਸੰਪੂਰਨ ਸ੍ਰੀ ਰਾਮ ਚੰਦਰ ਜੀ ਆਏ ਅਤੇ ਦੁਆਪਰ ਯੁਗ ਵਿਚ 16 ਕਲਾ ਸੰਪੂਰਨ ਕ੍ਰਿਸ਼ਨ ਮਹਾਰਾਜ ਆਏ। ਮੈਂ ਕਿੱਡਾ ਵਡਭਾਗੀ ਹਾਂ ਕਿ ਨਿਰੰਕਾਰ ਆਪ ਅਕਾਰ ਧਾਰ ਕੇ ਮੇਰੇ ਜੁਗ ਵਿਚ ਪ੍ਰਗਟੇ ਹੋ।

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥***
***ਪੰਨਾ – 1395***

ਕਲਜੁਗ ਨੇ ਫੇਰ ਬੇਨਤੀ ਕੀਤੀ ਕਿ ਹੇ ਪ੍ਰਮੇਸ਼ਰ ਰੂਪ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੀਓ! ਮੈਨੂੰ ਕਿੰਨੀ ਖੁਸ਼ੀ ਹੋਈ ਹੈ ਆਪ ਦੇ ਦਰਸ਼ਨ ਕਰਕੇ। ਜੋ ਡਿਊਟੀ ਮੇਰੇ ਜ਼ਿੰਮੇ ਲੱਗੀ ਹੈ– ਜੀਵਾਂ ਨੂੰ ਭੁਲਾਉਣ ਦੀ, ਉਸ ਵਿਚ ਮੇਰਾ ਕਸੂਰ ਨਹੀਂ ਹੈ। ਤਿੰਨਾਂ ਜੁਗਾਂ ਤੋਂ ਜੀਵ ਪ੍ਰਭੂ ਭਗਤੀ ਵਿਚ ਪਿਆ ਹੋਇਆ ਹੈ। ਸਤਿਜੁਗ ਵਿਚ ਸਤਿ ਬੋਲਦਾ ਸੀ, ਸਤਿ ਦਾ ਧਿਆਨ ਕਰਦਾ ਸੀ, ਤ੍ਰੇਤੇ ਦੇ ਅੰਦਰ ਯੱਗ ਵਗੈਰਾ ਕਰਦਾ ਸੀ, ਦੁਆਪਰ ਵਿਚ ਅਨੇਕ ਕਿਸਮ ਦੀ ਪੂਜਾ ਕਰਦੇ ਸਨ, ਆਦਮੀ ਨੂੰ ਇਸ ਸਮੇਂ ਦੇ ਲੰਮੇ ਚੱਕਰ ਵਿਚ ਤਰੱਕੀ ਕਰਨੀ ਚਾਹੀਦੀ ਸੀ। ਉਹ ਮੇਰੇ ਜੁਗ ਦੇ ਅੰਦਰ ਆਪਣਾ ਸਫਰ ਖਤਮ ਕਰ ਲੈਂਦਾ ਹੈ, ਮੇਰੀ ਕੋਈ ਐਸੀ ਆਸਾ ਨਹੀਂ ਕਿ ਮੈਂ ਜੀਵਾਂ ਨੂੰ ਭੁਲਾਵਾਂ। ਮੈਨੂੰ ਜੋ ਪ੍ਰਮੇਸ਼ਰ ਜੀ ਨੇ ਮਾਇਕ ਪਦਾਰਥਾਂ ਵਿਚ ਅਨੇਕ ਕਿਸਮ ਦੀਆਂ ਅਕਲ ਦੰਗ ਕਰਨ ਵਾਲੀਆਂ ਕਾਢਾਂ ਵਿਚ, ਦਾਤਾਂ ਦਿਤੀਆਂ ਹਨ, ਉਹ ਇਸ ਦੇ ਜੀਵਾਂ ਨੂੰ ਮੇਰੇ ਜੁਗ ਵਿਚ ਪ੍ਰਾਲਬਧ ਅਨੁਸਾਰ ਪ੍ਰਾਪਤ ਹੋਣੀਆਂ ਹਨ। ਚਾਹੀਦਾ ਤਾਂ ਇਹ ਸੀ ਕਿ ਉਹ ਦਾਤਾਂ ਦੀ ਪ੍ਰਾਪਤੀ ਕਰਕੇ ਪ੍ਰਮੇਸ਼ਰ ਦੀ ਮਹਿਮਾ ਵਿਚ ਆਪਣੇ ਆਪ ਨੂੰ ਲਿਪਤ ਕਰਨ ਪਰ ਇਹ ਜੀਵ ਅਨੇਕ ਕਿਸਮ ਦੀਆਂ ਦਾਤਾਂ, ਅਨੇਕ ਕਿਸਮ ਦੀਆਂ ਪ੍ਰਾਪਤੀਆਂ ਦੀਆਂ ਵਾਸ਼ਨਾਵਾਂ ਵਿਚ ਗਰਕ ਹੋਇਆ ਪਿਆ ਹੈ ਅਤੇ ਹੋਰ-ਹੋਰ ਮੰਗਦਾ ਹੈ। ਉਹ ਸਬਰ ਸ਼ਾਂਤੀ ਜੋ ਸਤਿਜੁਗ ਵਿਚ ਸੀ, ਜੋ ਚਰਿਤਰ ਤ੍ਰੇਤੇ ਅਤੇ ਦੁਆਪਰ ਵਿਚ ਸੀ ਉਹ ਇਸ ਦੇ ਕੋਲੋਂ ਖੁਸ ਗਿਆ ਹੈ। ਕਈ ਮੇਰੇ ਜੁਗ ਨੂੰ ਕਲਾ ਦਾ ਜੁਗ ਕਹਿ ਕੇ ਕਲਜੁਗ ਕਹਿ ਦਿੰਦੇ ਹਨ। ਮਾਇਕ ਪਦਾਰਥਾਂ ਦੀ ਚਕਾਚੂੰਧ ਵਿਚ ਗ੍ਰਸਤ ਹੋ ਇਹ ਜੀਵ ਪ੍ਰਮੇਸ਼ਰ ਨੂੰ ਭੁੱਲ ਕੇ ਆਪਣਾ ਜੀਵਨ ਗੁਜ਼ਾਰ ਰਿਹਾ ਹੈ। ਪ੍ਰਮੇਸ਼ਰ ਨੂੰ ਭੁੱਲਣ ਨਾਲ ਇਸ ਦੇ ਸਦਗੁਣ ਅਲੋਪ ਹੋ ਗਏ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਿਆ, ਚੁਗਲੀ, ਈਰਖਾ, ਵਖੀਲੀ, ਰਾਗ ਦ੍ਵੈਸ਼ ਵਿਚ ਖਚਿਤ ਹੋ ਗਿਆ। ਹੇ ਪ੍ਰਭੂ ਜੀ! ਤੁਸੀਂ ਇਸੇ ਕਰਕੇ ਸੰਸਾਰ ਵਿਚ ਗੁਰੂ ਪਾਤਸ਼ਾਹ ਦਾ ਰੂਪ ਧਾਰਨ ਕਰਕੇ ਪ੍ਰਗਟ ਹੋਏ ਹੋ, ਮੈਂ ਆਪਣੀ ਕਰੜੀ ਕਸਵੱਟੀ ਲਾ ਕੇ ਪਰਖ ਕੀਤੀ ਹੈ ਜੋ ਮੇਰੀ ਭੁੱਲ ਦਾ ਕਾਰਨ ਬਣੀ। ਕ੍ਰਿਪਾ ਕਰੋ ਮੇਰੀ ਭੁੱਲ ਬਖਸ਼ ਦੇਵੋ ਪਰ ਪਾਤਸ਼ਾਹ ਜੀ! ਮੈਂ ਕਿਵੇਂ ਦੱਸਾਂ ਕਿ ਮੇਰੇ ਨਾਲੋਂ ਭਾਗਾਂ ਵਾਲਾ ਕੋਈ ਹੋਰ ਯੁਗ ਨਹੀਂ ਹੈ ਜਿਸ ਨਾਲ ਤੁਹਾਡਾ ਪ੍ਰਕਾਸ਼ ਇਸ ਯੁਗ ਵਿਚ ਹੋਇਆ। ਮੈਨੂੰ ਲੋਕ ਸਾਸ਼ਤਰ ਅਤੇ ਧਾਰਮਕ ਪੁਰਸ਼ ਬਹੁਤ ਮਾੜਾ ਆਖਦੇ ਹਨ। ਮੈਂ ਕਿਸੇ ਨੂੰ ਮਾੜੇ ਕੰਮਾਂ ਵਲ ਨਹੀਂ ਪ੍ਰੇਰਦਾ ਪਰ ਪ੍ਰਕ੍ਰਿਤੀ ਦੀਆਂ ਜੋ ਪ੍ਰਾਪਤੀਆਂ ਹਨ ਇਹ ਜੀਵ ਪ੍ਰਮੇਸ਼ਰ ਨੂੰ ਭੁੱਲ ਕੇ ਆਪ ਹੀ ਮਾਇਆ ਦੇ ਚੱਕਰ ਵਿਚ ਫਸ ਰਹੇ ਹਨ। ਮੇਰੇ ਧੰਨ ਭਾਗ ਹਨ ਕਿ ਤੁਸੀਂ ਮੇਰੇ ਜੁਗ ਦੇ ਵਿਚ ਪ੍ਰਗਟ ਹੋਏ ਅਤੇ ਮੈਨੂੰ ਭਾਗਸ਼ੀਲ ਕੀਤਾ।

ਇਹ ਸਾਰੀਆਂ ਬੇਨਤੀਆਂ ਸੁਣ ਕੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੀ ਬਹੁਤ ਪ੍ਰਸੰਨ ਹੋਏ ਅਤੇ ਉਸ ਦੀ ਅਧੀਨਗੀ ਤੱਕ ਕੇ ਇਕ ਵਾਰੀ ਫੇਰ ਫੁਰਮਾਨ ਕੀਤਾ ਕਿ ਐ ਕਲਜੁਗ! ਤੂੰ ਮੇਰੀ ਸੰਗਤ ਨੂੰ ਦੁਖੀ ਨਾ ਕਰੀਂ, ਆਪਣੇ ਤਮੋ ਗੁਣੀ ਅਸਰ, ਆਪਣੀ ਸ਼ਕਤੀਸ਼ਾਲੀ ਫੌਜ ਦਾ ਹੱਲਾ ਗੁਰਸਿੱਖਾਂ ਤੇ ਨਾ ਕਰੀਂ।

***ਜੇ ਤੁਮ ਦੇਣਾ ਤੌਂ ਇਹ ਦੀਜੈ॥***
***ਮਮ ਸੰਗਤ ਕੋ ਦੁਖੀ ਨ ਕੀਜੈ॥***
***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 855***

ਕਲਜੁਗ ਨੇ ਫੇਰ ਬੇਨਤੀ ਕਰੀ ਕਿ ਮਹਾਰਾਜ! ਮੈਨੂੰ ਇਕ ਆਗਿਆ ਜ਼ਰੂਰ ਦੇਵੋ ਕਿ ਮੇਰੀ ਸੈਨਾ ਦਾ ਬਲ ਪਾਖੰਡੀਆਂ, ਧੋਖੇ ਵਾਲੇ ਪੁਰਸ਼ਾਂ ਦੇ ਉਤੇ ਪੈਣ ਦਿਓ ਜੋ ਧਰਮ ਦਾ ਬੁਰਕਾ ਪਹਿਨ ਕੇ ਅਧਰਮ ਦੀਆਂ ਗੱਲਾਂ ਕਰਦੇ ਹਨ ਅਤੇ ਤੇਰੇ ਦਿਤੇ ਹੋਏ ਗਿਆਨ ਤੋਂ ਵਿਪਰੀਤ ਗੱਲਾਂ ਕਰਦੇ ਹਨ ਉਨ੍ਹਾਂ ਉਤੇ ਮੇਰਾ ਅੰਕ ਰਹਿਣ ਦਿਓ। ਮੈਂ ਇਹ ਬਚਨ ਫੇਰ ਦਿੰਦਾ ਹਾਂ ਕਿ ਮੈਂ ਤੇਰੇ ਪ੍ਰੇਮੀਆਂ ਦਾ ਸੇਵਾਦਾਰ ਬਣ ਕੇ ਰਹਾਂਗਾ। ਗੁਰੂ ਮਹਾਰਾਜ ਜੀ ਇਹ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, ਕਲਜੁਗ! ਤੂੰ ਅਸਾਡਾ ਬਚਨ ਮੰਨ ਲਵੇਂਗਾ ਤਾਂ ਯਾਦ ਰੱਖ, ਅਸੀਂ ਤੇਰਾ ਤੇਜ ਬੀਤ ਚੁੱਕੇ ਤਿੰਨਾਂ ਜੁਗਾਂ ਤੋਂ ਵਧ ਵਧਾਉਂਦੇ ਹਾਂ।

***ਸਭਿ ਜੁਗ ਤੇ ਬਡ ਤੇਜ ਤੁਮਾਰਾ।***
***ਹੋਵਹਿਗੋ ਇਹ ਵਾਕ ਹਮਾਰਾ॥੭੮॥***
***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 855***

ਤੇਰੇ ਜੁਗ ਦੇ ਅੰਦਰ ਨਾਮ ਦੀ ਮਹਿਮਾ, ਕੀਰਤਨ ਦੀ ਮਹਿਮਾ ਪ੍ਰਧਾਨਤਾ ਪ੍ਰਾਪਤ ਕਰੇਗੀ। ਕੀਰਤਨ ਭਗਤੀ, ਸਿਮਰਨ ਭਗਤੀ, ਸਰਵਣ ਭਗਤੀ ਕਰਕੇ ਜੀਵ ਦੀ ਕਲਿਆਣ ਹੋਵੇਗੀ। ਤੇਰੇ ਜੁਗ ਦੇ ਅੰਦਰ ਨਾਮ ਦੀ ਮਹਿਮਾ ਅਤਿ ਉਚੀ ਹੋ ਜਾਵੇਗੀ। ਇਥੇ ਤਕ ਉਸ ਦੀ ਮਹਿਮਾ ਹੋਵੇਗੀ ਕਿ ਜੇ ਇਕ ਵਾਰ ਵੀ ਚਿੱਤ ਦੀ ਇਕਾਗਰਤਾ ਨਾਲ ਪ੍ਰਮੇਸ਼ਰ ਦਾ ਨਾਮ ਇਹ ਜੀਵ ਜਪੇਗਾ ਤਾਂ ਉਸ ਦੀ ਕਲਿਆਣ ਹੋ ਜਾਵੇਗੀ। ਜਦੋਂ ਅਸੀਂ ਬਾਣੀ ਦੀ ਵਿਚਾਰ ਕਰਦੇ ਹਾਂ ਉਸ ਵੇਲੇ ਫੁਰਮਾਨ ਆਉਂਦਾ ਹੈ –

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥***
***ਪੰਨਾ – 1377***

ਸੰਗਤ ਦੀ ਮਹਿਮਾ ਬਹੁਤ ਵੱਡੀ ਦਰਸਾਈ ਹੈ, ਐਸਾ ਮਹਾਂਪੁਰਸ਼ਾਂ ਦਾ ਮਤ ਹੈ ਕਿ ਸਤਿਜੁਗ ਦੇ ਅੰਦਰ ਜੇ ਕੋਈ 10 ਹਜ਼ਾਰ ਸਾਲ ਦੀ ਤਪਸਿਆ ਕਰੇ ਤੇ ਉਸ ਦਾ ਫਲ ਤ੍ਰੇਤੇ ਦੀ ਇਕ ਹਜ਼ਾਰ ਤਪਸਿਆ ਦੇ ਬਰਾਬਰ ਹੁੰਦਾ ਹੈ। ਪਰ ਵਿਧੀਪੂਰਵਕ ਕੀਤੇ ਸਤਿਸੰਗ ਦੀ ਇਕ ਘੜੀ ਇਨ੍ਹਾਂ ਸਾਰੀਆਂ ਨਾਲੋਂ ਸ਼੍ਰੋਮਣੀ ਹੁੰਦੀ ਹੈ। ਕਲਜੁਗ ਵਿਚ ਨਾਮ ਬੀਜਣ ਦੀ ਰੁੱਤ ਆ ਗਈ ਹੈ ਇਸ ਵਿਚ ਨਾਮ ਫਲੀਭੂਤ ਹੁੰਦਾ ਹੈ। ਨਿਰੰਕਾਰ ਜੀ ਦਾ ਕਲਜੁਗ ਨੂੰ, ਧਰਮਰਾਜ ਨੂੰ, ਜਮਦੂਤਾਂ ਨੂੰ ਹੁਕਮ ਹੈ ਕਿ ਜਿਥੇ ਮੇਰੇ ਪਿਆਰੇ ਹਰੀ ਦਾ ਜਸ ਕਰਦੇ ਹੋਣ, ਉਥੇ ਤੁਸੀਂ ਨਹੀਂ ਜਾਣਾ; ਜੇ ਜਾਵੋਂਗੇ ਤਾਂ ਸਜ਼ਾ ਮਿਲੇਗੀ।

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥***
***ਪੰਨਾ – 256***

ਕਲਜੁਗ ਕਿੰਨਾ ਚੰਗਾ ਜੁਗ ਹੈ, ਇਸ ਦੇ ਅੰਦਰ ਜੋ ਕੋਈ ਕੁਕਰਮ ਕਰਦਾ ਹੈ ਓਹੀ ਜਵਾਬ ਦੇਹ ਹੋਇਆ ਕਰਦਾ ਹੈ। ਸਤਿਜੁਗ ਦੇ ਅੰਦਰ ਇਕ ਬੰਦੇ ਦੇ ਗਲਤੀ ਕਰਨ ਦੇ ਨਾਲ ਸਾਰੇ ਦੇਸ਼ ਨੂੰ ਸਜ਼ਾ ਮਿਲਦੀ ਸੀ, ਤ੍ਰੇਤੇ ਦੇ ਅੰਦਰ ਨਗਰੀ ਨੂੰ ਸਜ਼ਾ ਮਿਲਦੀ ਸੀ। ਦੁਆਪਰ ਵਿਚ ਉਸ ਪਰਿਵਾਰ ਨੂੰ ਸਜ਼ਾ ਮਿਲਦੀ ਸੀ। ਕਲਜੁਗ ਦੇ ਅੰਦਰ ਜੋ ਗੁਨਾਹ ਕਰਦਾ ਹੈ ਉਸੇ ਨੂੰ ਸਜ਼ਾ ਮਿਲਦੀ ਹੈ, ਇਹ ਪ੍ਰਮੇਸ਼ਰ ਦਾ ਸਿਧਾਂਤ ਹੈ।

ਇਕ ਵਾਰੀ ਦੋ ਮਹਾਂਪੁਰਸ਼ਾਂ ਵਿਚ ਇਹ ਚਰਚਾ ਚੱਲੀ। ਵਿਸ਼ਵਾਮਿਤਰ ਜੀ ਨੇ ਵਸ਼ਿਸ਼ਟ ਜੀ ਨੂੰ ਕਿਹਾ ਕਿ ਤਪਸਿਆ ਕਰਨ ਦਾ ਬਹੁਤ ਵੱਡਾ ਫਲ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤੋਂ ਵੱਡਾ ਫਲ ਸਤਿਸੰਗ ਦਾ ਹੁੰਦਾ ਹੈ। ਵਿਸ਼ਵਾਮਿਤਰ ਜੀ ਨੇ ਕਿਹਾ ਕਿ ਸਤਿਸੰਗ ਦਾ ਫਲ ਕਿਵੇਂ ਵੱਡਾ ਹੋ ਸਕਦਾ ਹੈ? ਜਿਥੇ ਹਰੀ ਦੀ ਕਥਾ ਹੋ ਰਹੀ ਹੋਵੇ, ਪਿਆਸ ਲੱਗੇ ਪਾਣੀ ਮਿਲ ਜਾਂਦਾ ਹੈ, ਗਰਮੀ ਲਗ ਰਹੀ ਹੋਵੇ ਤਾਂ ਪੱਖਿਆਂ ਦਾ ਇੰਤਜ਼ਾਮ ਹੁੰਦਾ ਹੈ, ਹਰ ਥਾਂ ਸੁਖ ਹੀ ਸੁਖ ਹੁੰਦਾ ਹੈ। ਇਸ ਦੇ ਵਿਪਰੀਤ ਤਪਸਵੀ ਨਾਲ ਐਸਾ ਨਹੀਂ ਹੁੰਦਾ। ਦੋਹਾਂ ਦਾ ਫਲ ਕਿਵੇਂ ਅਧਿਕ ਹੈ, ਇਹ ਕਿਵੇਂ ਮੈਂ ਮੰਨਣ ਲਈ ਤਿਆਰ ਹੋ ਜਾਵਾਂ? ਉਸ ਵੇਲੇ ਦੋਨੋਂ ਰਿਸ਼ੀ ਬ੍ਰਹਮਾ ਜੀ ਦੇ ਮੰਡਲ ਵਿਚ ਗਏ। ਉਨ੍ਹਾਂ ਨੇ ਕਿਹਾ ਕਿ ਇਸ ਗੱਲ ਦਾ ਨਿਰਣਾ ਮੈਂ ਨਹੀਂ ਕਰ ਸਕਦਾ। ਸ਼ਿਵ ਜੀ ਮਹਾਰਾਜ ਜੋ ਹਰ ਵਕਤ ਧਿਆਨ ਵਿਚ ਰਹਿੰਦੇ ਹਨ ਉਨ੍ਹਾਂ ਤੋਂ ਨਿਰਣਾ ਕਰਾਓ। ਉਨ੍ਹਾਂ ਨੇ ਸ਼ਿਵ ਜੀ ਮਹਾਰਾਜ ਨੂੰ ਪੁਛਿਆ ਤਾਂ ਉਨ੍ਹਾਂ ਨੇ ਕਿਹਾ, ਵਿਸ਼ਨੂੰ ਜੀ ਕੋਲ ਜਾਓ ਕਿਉਂਕਿ ਅਜਿਹੀਆਂ ਗੱਲਾਂ ਦਾ ਸਮਾਧਾਨ ਵਿਸ਼ਨੂੰ ਜੀ ਪਾਸ ਹੁੰਦਾ ਹੈ। ਜਦੋਂ ਵਿਸ਼ਨੂੰ ਜੀ ਪਾਸ ਗਏ, ਆਪ ਨੇ ਕਿਹਾ ਕਿ ਰਿਸ਼ੀ ਜਨੋ! ਮੈਂ ਸੰਸਾਰ ਨੂੰ ਰਿਜ਼ਕ ਦੇਣ ਦਾ ਪ੍ਰਬੰਧ ਕਰ ਰਿਹਾ ਹਾਂ। ਮੇਰੇ ਪਾਸ ਸਮਾਂ ਨਹੀਂ, ਤੁਸੀਂ ਇਸ ਪ੍ਰਸ਼ਨ ਦਾ ਸਮਾਧਾਨ ਸ਼ੇਸ਼ਨਾਗ ਤੋਂ ਕਰਵਾ ਸਕਦੇ ਹੋਂ। ਮਹਾਂਪੁਰਸ਼ਾਂ ਦਾ ਐਸਾ ਮਤ ਹੈ ਕਿ ਸੇਸ਼ਨਾਗ ਜੀ ਦੁਆਰਾ ਦੋ ਹਜ਼ਾਰ ਨਵੇਂ ਨਾਮ ਰੋਜ਼ ਪ੍ਰਮੇਸ਼ਰ ਜੀ ਦੇ ਉਚਾਰੇ ਜਾਂਦੇ ਹਨ। ਜਦੋਂ ਆਪ ਸ਼ੇਸ਼ਨਾਗ ਜੀ ਪਾਸ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਪ੍ਰਮੇਸ਼ਰ ਦਾ ਨਾਮ ਜਪ ਕੇ ਸਾਰੇ ਤਾਰਿਆਂ ਸਤਾਰਿਆਂ, ਧਰਤੀ ਦਾ ਸੰਤੁਲਨ ਰੱਖ ਰਿਹਾ ਹਾਂ। ਤੁਸੀਂ ਇਨ੍ਹਾਂ ਨੂੰ ਡੋਲਣ ਤੋਂ ਬਚਾਉਣ ਲਈ ਆਪਣੇ 10,000 ਸਾਲ ਦਾ ਤਪ ਦਿਓ। ਤਾਂ ਵਸ਼ਿਸ਼ਟ ਜੀ ਨੇ ਦੇ ਦਿਤਾ ਲੇਕਿਨ ਧਰਤੀਆਂ ਡੋਲਨ ਤੋਂ ਨਾ ਹਟੀਆਂ। ਵਸ਼ਿਸ਼ਟ ਜੀ ਦੀ ਵਾਰੀ ਆਈ ਉਨ੍ਹਾਂ ਨੇ ਕਿਹਾ ਕਿ ਮੈਂ ਸਿਰਫ ਚਾਰ ਘੜੀ ਕੀਤੇ ਹੋਏ ਸਤਿਸੰਗ ਦਾ ਫਲ ਅਰਪਣ ਕਰਦਾ ਹਾਂ। ਧਰਤੀਆਂ ਡੋਲਣ ਤੋਂ ਹਟ ਗਈਆਂ। ਵਸ਼ਿਸ਼ਟ ਜੀ ਨੇ ਕਿਹਾ, ਮੈਂ ਨਿਰਣਾ ਕੀ ਕਰਨਾ ਹੈ, ਨਿਰਣਾ ਆਪੇ ਹੋ ਗਿਆ। 58,000 ਹਜ਼ਾਰ ਸਾਲ ਦਾ ਤਪ ਸੰਤੁਲਨ ਕਾਇਮ ਨਾ ਰੱਖ ਸਕਿਆ ਪਰ ਚਾਰ ਘੜੀ ਕੀਤੇ ਸਤਿਸੰਗ ਨੇ ਡੋਲਦੀਆਂ ਧਰਤੀਆਂ ਰੋਕ ਦਿਤੀਆਂ।

ਗੁਰੂ ਮਹਾਰਾਜ ਜੀ ਨੇ ਇਸ ਜੁਗ ਅੰਦਰ ਨਾਮ ਦੀ ਮਹਿਮਾ ਪ੍ਰਗਟ ਕਰੀ ਕਿ ਜੇ ਇਕ ਚਿੱਤ ਹੋ ਕੇ ਪ੍ਰਮੇਸ਼ਰ ਦਾ ਨਾਮ ਥੋੜ੍ਹਾ ਚਿਰ ਲਈ ਵੀ ਬੈਠ ਗਿਆ, ਉਸ ਦੇ ਗਲੋਂ ਜਨਮ ਮਰਨ ਦੀ ਫਾਂਸੀ ਕੱਟੀ ਜਾਂਦੀ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

***ਏਕ ਚਿਤ ਜੇ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਇਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਇਹ ਆਗਿਆ ਦਿਤੀ ਹੈ –

***ਧਾਰਨਾ – ਕਲੂ ਆਇਓ ਰੇ ਇਕ ਨਾਮ ਬੀਜ ਲਓ–2, 2.***
***ਇਕ ਨਾਮ ਬੀਜ ਲਓ – 4, 2***
***ਕਲੂ ਆਇਓ ਰੇ.............2***

***ਅਬ ਕਲੂ ਆਇਓ ਰੇ॥***
***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥***
***ਮਤੁ ਭਰਮਿ ਭੂਲਹੁ ਭੂਲਹੁ॥ ਪੰਨਾ – 1185***

ਕਈ ਪ੍ਰੇਮੀਆਂ ਦਾ ਇਹ ਖਿਆਲ ਹੋ ਜਾਂਦਾ ਹੈ ਕਿ ਇਸ ਦਾ ਕੋਈ ਪ੍ਰਤੱਖ ਸਰੂਪ ਬਾਣੀ ਵਿਚ ਦਰਜ ਹੈ? ਇਸ ਸਬੰਧ ਵਿਚ ਧਿਆਨ ਦਿਵਾਇਆ ਜਾਂਦਾ ਹੈ –

***ਧਾਰਨਾ – ਗਤੀ ਮਿਲ ਗਈ ਜੋਗੀਆਂ ਵਾਲੀ,***
***ਇਕ ਵਾਰੀ ਰਾਮ ਬੋਲ ਕੇ – ੨, ੨***
***ਮੇਰੇ ਪਿਆਰੇ, ਇਕ ਵਾਰੀ ਰਾਮ ਬੋਲ ਕੇ – 2, 2.***
***ਗਤੀ ਮਿਲ ਗਈ ਜੋਗੀਆਂ ਵਾਲੀ,.......੨***

ਇਸ ਸਬੰਧ ਵਿਚ ਗੁਰੂ ਮਹਾਰਾਜ ਜੀ ਨੇ ਬਾਣੀ ਵਿਚ ਫੁਰਮਾਨ ਕੀਤਾ ਹੈ –

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***
***ਪੰਨਾ – 902***
***ਅਜਾਮਲ ਪਾਪੀ ਜਗੁ ਜਾਨੈ ਨਿਮਖ ਮਹਿ ਨਿਸਤਾਰਾ॥***
***ਪੰਨਾ – 632***

ਕਲਜੁਗ ਵਿਚ ਕਿਸੇ ਨਗਰ ਵਿਚ ਇਕ ਰਾਜ ਪੰਡਤ ਰਹਿੰਦਾ ਸੀ> ਉਸ ਦੇ ਘਰ ਇਕ ਲੜਕਾ ਪੈਦਾ ਹੋਇਆ ਜਿਸ ਦਾ ਨਾਮ ਅਜਾਮਲ ਰੱਖਿਆ ਗਿਆ> ਜਦੋਂ ਉਹ ਵਿਦਿਆ ਲੈਣ

ਦੀ ਆਯੂ ਵਿਚ ਹੋਇਆ ਤਾਂ ਉਸ ਨੂੰ ਇਕ ਪੂਰਨ ਮਹਾਤਮਾ ਕੋਲ ਪੜ੍ਹਨ ਪਾਇਆ ਗਿਆ। ਇਸ ਬੱਚੇ ਦੀ ਯਾਦਦਾਸ਼ਤ ਐਸੀ ਸੀ ਕਿ ਜੋ ਇਕ ਵਾਰ ਪੜ੍ਹ ਲਿਆ, ਜ਼ੁਬਾਨੀ ਯਾਦ ਕਰ ਲੈਂਦਾ ਸੀ। ਇਸ ਤਰ੍ਹਾਂ ਲਿਖਿਆ ਹੈ ਕਿ ਚਾਰੇ ਵੇਦਾਂ, ਸਤਾਈ ਸਿਮ੍ਰਿਤੀਆਂ, ਉਪਨਿਸ਼ਦਾਂ ਦਾ ਉਸ ਨੇ ਅਧਿਐਨ ਕਰ ਲਿਆ, ਸਾਰੇ ਭਾਰਤ ਵਰਸ਼ ਵਿਚ ਉਸ ਦੀ ਚਰਚਾ ਚਲ ਪਈ। ਇਕ ਦਿਨ ਗੁਰੂ ਨੇ ਬੁਲਾ ਕੇ ਕਿਹਾ ਕਿ ਮਨ ਦਾ ਕੋਈ ਭਰੋਸਾ ਨਹੀਂ ਹੋਇਆ ਕਰਦਾ। ਵੱਡੇ ਵੱਡੇ ਰਿਸ਼ੀ ਮੁਨੀ, ਜਪੀਏ ਤਪੀਏ ਸਾਰੇ ਮਨ ਦੇ ਮਾਰੇ ਜਾ ਚੁੱਕੇ ਹਨ, ਤੂੰ 18 ਸਾਲ ਦਾ ਹੋ ਗਿਆ, ਜਵਾਨੀ ਵਿਚ ਪੈਰ ਧਰ ਲਿਆ। ਇਹ ਅਜਿਹੀ ਉਮਰ ਹੈ, ਇਸ ਵਿਚ ਆਦਮੀ ਵਾਸ਼ਨਾਵਾਂ ਦੇ ਅਧੀਨ ਹੋ ਕੇ ਪਤਿਤ ਹੋ ਜਾਂਦਾ ਹੈ। ਆਦਮੀ ਦੇ ਉਪਰ ਜਵਾਨੀ ਵਿਚ ਮਾਇਆ ਦਾ ਅਸਰ ਪੈ ਜਾਂਦਾ ਹੈ, ਸਭ ਕੁਝ ਜਾਨਦਾ ਹੋਇਆ ਭੁੱਲ ਜਾਂਦਾ ਹੈ। ਉਸ ਵਿਚ ਜਵਾਨੀ ਦਾ ਖ਼ੂਨ ਹੁਲਾਰੇ ਮਾਰਦਾ ਹੈ। ਇਸ ਵਿਚ ਪੰਜ ਵਿਕਾਰ ਜਾਗਦੇ ਹਨ, ਸਭ ਤੋਂ ਪਹਿਲਾਂ ਪ੍ਰਧਾਨਤਾ ਨਾਮ ਦੀ ਹੁੰਦੀ ਹੈ। ਲੋਭ, ਮੋਹ, ਅਹੰਕਾਰ ਵਿਚ ਪੂਰੇ ਜ਼ੋਰ ਨਾਲ ਉਠਦੇ ਹਨ। ਬੇਟਾ! ਮੈਂ ਤੇਰਾ ਗੁਰੂ ਹੋਣ ਦੇ ਨਾਤੇ ਤੈਨੂੰ ਇਹ ਉਪਦੇਸ਼ ਦਿੰਦਾ ਹਾਂ ਕਿ ਤੂੰ ਮਨ ਦਾ ਭਰੋਸਾ ਨਾ ਕਰੀਂ, ਮਨ ਜਾਇਜ਼ ਗੱਲ ਨੂੰ ਨਜ਼ਾਇਜ਼ ਬਣਾ ਦਿੰਦਾ ਹੈ। ਇਸ ਸ਼ਹਿਰ ਦੇ ਅੰਦਰ ਵੇਸਵਾਵਾਂ ਦਾ ਜੋ ਅਧਰਮ ਦਾ ਬਜ਼ਾਰ ਹੈ ਉਸ ਵਿਚੋਂ ਨਾ ਲੰਘੀਂ।

ਅਜਾਮਲ ਨੇ ਗੁੱਸਾ ਕਰਿਆ, ਮਨ ਵਿਚ ਰੋਸ ਆਇਆ, ਮਨ ਵਿਚ ਉਦਾਸੀ ਆਈ ਕਿਉਂਕਿ ਉਸ ਨੂੰ ਆਪਣੀ ਵਿਦਿਆ ਤੇ ਬਹੁਤ ਮਾਣ ਸੀ। ਉਸ ਨੂੰ ਇਹ ਵੀ ਸੀ ਕਿ ਮੇਰੇ ਗੁਰੂ ਮੇਰੇ ਤੇ ਸਦਾ ਹੀ ਵਿਸ਼ਵਾਸ਼ ਰੱਖਣਗੇ ਪਰ ਇਨ੍ਹਾਂ ਨੇ ਮੇਰੇ ਨਿਸ਼ਚੇ ਦੇ ਵਿਪਰੀਤ ਮੇਰੀ ਉਚ ਗਿਆਤ ਨੂੰ ਥਾਂ ਨਹੀਂ ਦਿਤਾ। ਮੈਨੂੰ ਪਤਾ ਹੈ ਕਿ ਜੇ ਕੋਈ ਆਦਮੀ ਪਰਇਸਤ੍ਰੀ ਗਮਨ ਕਰੇ ਤਾਂ ਉਸ ਨੂੰ ਦਰਗਾਹ ਵਿਚ ਲੋਹੇ ਦੀਆਂ ਇਸਤ੍ਰੀਆਂ ਬਣਾ ਕੇ ਗਰਮ ਕਰਕੇ ਉਨ੍ਹਾਂ ਨਾਲ ਚੰਮੇੜਿਆ ਜਾਂਦਾ ਹੈ। ਮੈਂ ਸਭ ਕੁਛ ਜਾਣਦਾ ਹਾਂ, ਮੈਂ ਕਿਸ ਤਰ੍ਹਾਂ ਇਸ ਵਿਚ ਪ੍ਰਵਿਰਤ ਹੋ ਸਕਦਾ ਹਾਂ।

ਮੇਰੇ ਉਤੇ ਇਸ ਤਰ੍ਹਾਂ ਦਾ ਸ਼ੱਕ ਕਿਉਂ ਕੀਤਾ? ਉਸ ਅੰਦਰ ਅਭਿਮਾਨ ਪੈਦਾ ਹੋ ਗਿਆ। ਜਦੋਂ ਵੀ ਕਿਸੇ ਅੰਦਰ ਅਭਿਮਾਨ ਆ ਜਾਵੇ ਤਾਂ ਉਸ ਦਾ ਸਬੰਧ ਵਾਹਿਗੁਰੂ ਜੀ ਨਾਲੋਂ ਟੁੱਟ ਜਾਂਦਾ ਹੈ –

***ਧਾਰਨਾ – ਹਾਕਾਂ ਮਾਰ ਕੇ ਵੇਦ ਪਏ ਦਸਦੇ,***
***ਭਾਵੇ ਨਾ ਹੰਕਾਰ ਹਰੀ ਨੂੰ – 2, 2.***
***ਮੇਰੇ ਪਿਆਰੇ, ਭਾਵੇ ਨਾ ਹੰਕਾਰ ਹਰੀ ਨੂੰ – 2, 2.***
***ਹਾਕਾਂ ਮਾਰ ਕੇ ਵੇਦ ਪਏ ਦਸਦੇ..........2***

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥***
***ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥***
***ਪੰਨਾ – 1089***

ਗੁਰੂ ਨਾਲ ਜਦੋਂ ਗੁਰਸਿੱਖ ਪ੍ਰੇਮ ਕਰਦਾ ਹੈ, ਉਸ ਵੇਲੇ ਉਹ ਪੂਰੀ ਤਰ੍ਹਾਂ ਨਾਲ ਗੁਰੂ ਨਾਲ ਜੁੜਿਆ ਹੁੰਦਾ ਹੈ, ਉਸ ਦਾ ਆਪਾ ਭਾਵ ਬਹੁਤ ਹੀ ਅਣਗੌਲੀ ਅਵਸਥਾ ਵਿਚ ਕਾਇਮ ਰਹਿੰਦਾ ਹੈ ਪਰ ਜਦੋਂ ਉਸ ਦੇ ਅੰਦਰ ਅਭਿਮਾਨ ਆ ਜਾਵੇ ਤਾਂ ਗੁਰੂ ਨਾਲੋਂ ਪਿਆਰ ਦਾ ਰਿਸ਼ਤਾ ਟੁੱਟ ਕੇ ਹਉਮੈ ਜਾਗ ਪੈਂਦੀ ਹੈ। ਹਉਮੈ ਸਾਰੇ ਵਿਕਾਰਾਂ ਦੀ ਜੜ੍ਹ ਹੈ, ਪੂਰਨ ਅੰਧਕਾਰ ਮਨ ਵਿਚ ਪੈਦਾ ਕਰ ਦਿੰਦੀ ਹੈ।

ਗੁਰ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਗੁਰੂ ਦਸ਼ਮੇਸ਼ ਪਿਤਾ ਜੀ ਦਾ ਦਰਬਾਰ ਲੱਗਿਆ ਹੋਇਆ ਸੀ ਇਕ ਛੋਟਾ ਜਿਹਾ ਬਾਲਕ ਜਿਸ ਦਾ ਸਰੀਰ ਬਹੁਤ ਸੁੰਦਰ ਸੀ, ਉਹ ਦੀਵਾਨ ਵਿਚ ਭੱਜਿਆ ਫਿਰਦਾ ਸੀ, ਕਦੇ ਸੰਗਤ ਵਿਚ ਬੈਠ ਜਾਂਦਾ ਹੈ, ਕਦੇ ਖਾਲੀ ਥਾਂ ਦੇਖ ਕੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਮੱਥਾ ਟੇਕਦਾ ਹੈ ਤੇ ਬੈਠ ਜਾਂਦਾ ਹੈ। ਉਸ ਬੱਚੇ ਨੂੰ ਦੇਖ ਕੇ ਗੁਰੂ ਮਹਾਰਾਜ ਨੇ ਪੁਛਿਆ ਕਿ ਬੇਟਾ, ਤੇਰਾ ਕੀ ਨਾਮ ਹੈ? ਉਸ ਦੀ ਬੋਲੀ ਪਸ਼ਤੋ ਸੀ, ਪਿਸ਼ਾਵਰ ਵਲੋਂ ਆਇਆ ਸੀ। ਉਸ ਬੱਚੇ ਨੇ ਕਿਹਾ ਕਿ 'ਵਤ ਜੋਗਾ'। ਗੁਰੂ ਮਹਾਰਾਜ ਨੇ ਕਿਹਾ ਕਿ ਕਿਹਦੇ ਜੋਗਾ? ਕਹਿਣ ਲੱਗਿਆ 'ਵਤ ਗੁਰੂ ਜੋਗਾ'। ਮਹਾਰਾਜ ਨੇ ਵੀ ਫੁਰਮਾਨ ਕਰ ਦਿਤਾ ਕਿ ਜੇ ਤੂੰ ਗੁਰੂ ਜੋਗਾ ਤਾਂ ਗੁਰੂ ਤੇਰੇ ਜੋਗਾ ਕਿਉਂਕਿ ਕੇਵਲ ਗੁਰੂ ਦਾ ਪਿਆਰ ਜਿਸ ਦੇ ਹਿਰਦੇ ਵਿਚ ਵਸ ਜਾਵੇ ਗੁਰੂ ਉਸ ਦਾ ਹੋ ਜਾਇਆ ਕਰਦਾ ਹੈ।

ਵਿਸਾਖੀ ਦੇ ਸਮਾਗਮ ਦੀ ਸਮਾਪਤੀ ਤੇ ਘਰਾਂ ਨੂੰ ਵਾਪਸ ਜਾਣ ਲਈ ਸੰਗਤਾਂ ਆਗਿਆ ਲੈ ਰਹੀਆਂ ਸਨ। ਤਾਂ ਉਸ ਬੱਚੇ ਦੇ ਮਾਂ ਬਾਪ ਨੂੰ ਆਪ ਨੇ ਕਿਹਾ ਕਿ ਇਹ ਬੱਚਾ ਸਾਡੇ ਪਾਸ ਛੱਡ ਜਾਓ। ਅਸੀਂ ਇਸ ਨੂੰ ਪੂਰੀ ਤਰ੍ਹਾਂ ਵਿਦਿਆ ਪ੍ਰਦਾਨ ਕਰਾਵਾਂਗੇ। ਜਵਾਨ ਹੋਇਆ ਤੇ ਤੁਸੀਂ ਇਸ ਨੂੰ ਲੈ ਜਾਇਓ। ਮਾਤਾ ਪਿਤਾ ਬਹੁਤ ਹੀ ਪ੍ਰਸੰਨ ਹੋਏ ਕਿ ਸਾਡਾ ਬੱਚਾ ਜਿਥੇ ਗੁਰੂ ਦਾ ਆਦਰਸ਼ਕ ਸਿੱਖ ਬਣੇਗਾ ਉਥੇ ਬਹੁਤ ਵੱਡਾ ਵਿਦਵਾਨ ਵੀ ਹੋਵੇਗਾ। ਸਾਡਾ ਨਾਮ ਰੋਸ਼ਨ ਕਰੇਗਾ, ਕੁਲਾਂ ਦਾ ਉਧਾਰ ਕਰੇਗਾ।

ਸੋ ਇਸ ਤਰ੍ਹਾਂ ਜੋਗਾ ਗੁਰੂ ਮਹਾਰਾਜ ਕੋਲ ਰਹਿ ਪਿਆ ਅਤੇ ਵਿਦਿਆ ਪ੍ਰਾਪਤ ਕੀਤੀ। 18 ਸਾਲ ਦਾ ਹੋਇਆ ਤਾਂ ਸਮਾਗਮ ਦੀ ਸਮਾਪਤੀ ਤੇ ਮਾਂ ਬਾਪ ਨੇ ਬੇਨਤੀ ਕੀਤੀ ਕਿ ਬੱਚਾ ਜਵਾਨ ਹੋ ਗਿਆ ਹੈ ਜੀ, ਆਪ ਨੇ ਕ੍ਰਿਪਾ ਕੀਤੀ ਤੇ ਗੁਰਮਤਿ ਮਾਰਗ ਵਿਚ ਗ੍ਰਹਿਸਤ ਧਰਮ ਨੂੰ ਬੁਰਾ ਨਹੀਂ ਆਖਿਆ ਗਿਆ। ਆਪ ਦੀ ਆਗਿਆ ਹੋਵੇ ਤਾਂ ਅਸੀਂ ਇਸ ਦਾ ਵਿਆਹ ਕਰ ਦੇਈਏ। ਗੁਰੂ ਮਹਾਰਾਜ ਨੇ ਉਸ ਨੂੰ ਪੁਛਿਆ ਤਾਂ ਉਸ ਨੇ ਕਿਹਾ ਕਿ ਮਹਾਰਾਜ, ਮੈਂ ਤਾਂ ਆਪ ਦੇ ਚਰਨਾਂ ਤੋਂ ਲਾਂਭੇ ਹੋ ਕੇ ਜਿਉਂਦਾ ਹੀ ਨਹੀਂ ਰਹਿ ਸਕਦਾ ਜਿਵੇਂ ਕਿ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ –

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***
***ਪੰਨਾ – 708***

ਮੈਂ ਆਪ ਦੇ ਦਰਸ਼ਨ ਤੋਂ ਬਗੈਰ ਨਹੀਂ ਜਿਉਂਦਾ ਰਹਿ ਸਕਦਾ। ਉਸ ਵੇਲੇ ਆਪ ਨੇ ਕਿਹਾ ਕਿ ਜੋਗਾ ਸਿੰਘ ਕੋਈ ਬਾਤ ਨਹੀਂ, ਗ੍ਰਹਿਸਤ ਜੀਵਨ ਵਿਚ ਪ੍ਰਵੇਸ਼ ਕਰਨਾ ਹੀ ਪੈਣਾ ਹੈ। ਜਦੋਂ ਸਾਨੂੰ ਖਿਆਲ ਆਇਆ ਤਾਂ ਅਸੀਂ ਤੈਨੂੰ ਪਤਰਕਾ ਭੇਜ ਕੇ ਬੁਲਾ ਲਵਾਂਗੇ।

ਸੋ ਜੋਗਾ ਆਪਣੇ ਸਬੰਧੀਆਂ ਨਾਲ ਚਲਿਆ ਗਿਆ। ਰਿਸ਼ਤਾ ਪੱਕਾ ਹੋ ਗਿਆ, ਬਰਾਤ ਜਾ ਕੇ ਢੁਕ ਗਈ। ਜਦੋਂ ਅਨੰਦ ਕਾਰਜ ਹੋਣ ਲੱਗੇ ਤਾਂ ਪਹਿਲੀ ਲਾਵ ਪੜ੍ਹੀ ਗਈ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ। ਫੇਰ ਦੂਜੀ ਲਾਵ ਪੜ੍ਹੀ ਗਈ। ਜਦੋਂ ਤੀਜੀ ਲਾਵ ਵਿਚ ਪ੍ਰਕਰਮਾ ਕਰਨ ਲਈ ਉਹ ਤੁਰਨ ਲੱਗੇ ਉਸ ਵੇਲੇ ਗੁਰੂ ਮਹਾਰਾਜ ਨੇ ਇਕ ਗੁਰਸਿੱਖ ਨੂੰ ਭੇਜਿਆ ਸੀ ਕਿ ਤੀਜੀ ਲਾਵ ਤੇ ਇਹ ਪਤਰਕਾ ਫੜਾ ਦੇਣੀ। ਤਾਂ ਉਸ ਗੁਰਸਿੱਖ ਨੇ ਫੁਰਤੀ ਨਾਲ ਪਤਰਕਾ ਭਾਈ ਜੋਗਾ ਨੂੰ ਦੇ ਦਿਤੀ। ਜੋਗਾ ਸਿੰਘ ਰੁਕ ਕੇ ਪੜ੍ਹਨ ਲਗ ਗਿਆ। ਉਸ ਵਿਚ ਲਿਖਿਆ ਸੀ ਕਿ ਇਸ ਪਤਰਕਾ ਨੂੰ ਪੜ੍ਹਨ ਤੋਂ ਬਾਅਦ ਪਹਿਲਾ ਕਦਮ ਅਨੰਦਪੁਰ ਸਾਹਿਬ ਨੂੰ ਪੁੱਟੀਂ, ਹੋਰ ਕੋਈ ਕੰਮ ਨਾ ਕਰੀਂ।

ਭਾਈ ਜੋਗਾ ਸਿੰਘ ਮੋਢੇ ਤੇ ਰੱਖਿਆ ਪੱਲਾ ਉਤਾਰ ਕੇ ਅਨੰਦਪੁਰ ਸਾਹਿਬ ਨੂੰ ਤੁਰਨ ਲੱਗਿਆ। ਸਬੰਧੀਆਂ ਨੇ ਕਾਰਨ ਪੁਛਿਆ ਤੇ ਕਹਿਣ ਲੱਗਿਆ ਕਿ ਗੁਰੂ ਮਹਾਰਾਜ ਦੇ ਹੁਕਮ ਅੱਗੇ ਮੇਰਾ ਚਾਹੇ ਸਿਰ ਚਲਿਆ ਜਾਵੇ ਪਰ ਮੈਂ ਸਿਦਕ ਤੋਂ ਨਹੀਂ ਡੋਲ ਸਕਦਾ। ਬਹੁਤ ਸਮਝਾਇਆ ਪਰ ਉਸ ਨੇ ਕਿਹਾ ਕਿ ਮੇਰੇ ਗੁਰੂ ਦਾ ਹੁਕਮ ਹੈ ਕਿ ਪਹਿਲਾ ਕਦਮ ਮੇਰੇ ਵਲ ਪੁੱਟੀਂ, ਇਸ ਕਰਕੇ ਮੈਂ ਦੋ ਲਾਵਾਂ ਬਕਾਇਆ ਨਹੀਂ ਲੈ ਸਕਦਾ।

ਪਹਿਲੇ ਸਮੇਂ ਵਿਚ ਜੇ ਅਜਿਹੀ ਘਟਨਾ ਹੋ ਜਾਵੇ ਕਿ ਲਾੜਾ ਸਮੇਂ ਸਿਰ ਵਿਆਹ ਵਿਚ ਹਾਜ਼ਰ ਨਹੀਂ ਹੋ ਸਕਦਾ ਜਾਂ ਜੰਗ ਵਗੈਰਾ ਵਿਚ ਗਿਆ ਹੋਇਆ ਹੋਵੇ ਤਾਂ ਉਸ ਦੇ ਪਹਿਨਣ ਵਾਲੇ ਸ਼ਸ਼ਤਰਾਂ ਨਾਲ ਲਾਵਾਂ ਦੇ ਦਿਤੀਆਂ ਜਾਂਦੀਆਂ ਸਨ ਅਤੇ ਉਹ ਸ਼ਾਦੀ ਪ੍ਰਵਾਨ ਮੰਨੀ ਜਾਂਦੀ ਸੀ।

ਜੋਗਾ ਸਿੰਘ ਚਲਦਾ ਹੋਇਆ ਲਾਹੌਰ ਆਇਆ ਤਾਂ ਮਨ ਵਿਚ ਆਇਆ ਕਿ ਦਰਬਾਰ ਸਾਹਿਬ ਇਸ਼ਨਾਨ ਕਰਦਾ ਚੱਲਾਂ। ਰਾਤ ਉਸ ਨੇ ਉਥੇ ਕੱਟੀ, ਇਸ਼ਨਾਨ ਕੀਤਾ ਅਤੇ ਢਾਈ ਘੰਟੇ ਸਿਮਰਨ ਵਿਚ ਬੈਠਿਆ ਅਤੇ ਅਰਦਾਸ ਕੀਤੀ। ਫਿਰ ਹੁਸ਼ਿਆਰਪੁਰ ਵਿਚੀਂ ਤੁਰ ਪਿਆ ਕਿਉਂਕਿ ਉਨ੍ਹਾਂ ਦਿਨਾਂ ਵਿਚ ਅਨੰਦਪੁਰ ਸਾਹਿਬ ਦਾ ਰਸਤਾ ਹੁਸ਼ਿਆਰਪੁਰ ਵਿਚੀਂ ਹੋਇਆ ਕਰਦਾ ਸੀ। ਜਦੋਂ ਉਹ ਚਲਦਾ ਚਲਦਾ ਹੁਸ਼ਿਆਰਪੁਰ ਪਹੁੰਚਿਆ, ਉਸ ਵੇਲੇ ਦਿਨ ਛਿਪਣ ਵਾਲਾ ਸੀ, ਦੋ ਘੰਟੇ ਦਾ ਸਮਾਂ ਸੀ, ਉਸ ਨੇ ਸਰਾਏਂ ਵਿਚ ਕਮਰਾ ਹਾਸਲ ਕਰਕੇ ਆਪਣਾ ਘੋੜਾ ਬੰਨ੍ਹ ਦਿਤਾ। ਆਪ ਸ਼ਹਿਰ ਦੀ ਸੈਰ ਕਰਨ ਦੀ ਤਿਆਰੀ ਕਰਨ ਲੱਗਿਆ। ਜਦੋਂ ਅੰਮ੍ਰਿਤਸਰ ਤੋਂ ਤੁਰਿਆ ਸੀ ਉਸਨੇ ਬਹੁਤ ਸਾਰੇ ਗੁਰਸਿੱਖ ਇਸ਼ਨਾਨ ਕਰਦੇ ਦੇਖੇ ਸੀ। ਉਸ ਵੇਲੇ ਉਸ ਦੇ ਮਨ ਵਿਚ ਖਿਆਲ ਆਇਆ ਕਿ ਇਹ ਭਾਵੇਂ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰ ਰਹੇ ਹਨ ਪਰ ਮੇਰੇ ਵਰਗਾ ਕੋਈ ਨਹੀਂ ਜਿਸ ਨੇ ਗੁਰੂ ਦੇ ਹੁਕਮ ਵਿਚ ਸੁੰਦਰ ਕੰਨਿਆਂ ਨਾਲ ਵਿਆਹ ਹੁੰਦੇ ਹੋਏ ਦੋ ਲਾਵਾਂ ਵਿਚੇ ਛੱਡ ਦਿਤੀਆਂ ਹੋਣ। ਇਕੋ ਖਿਆਲ ਰਸਤੇ ਵਿਚ ਆਈ ਗਿਆ ਕਿ ਮੇਰੇ ਨਾਲੋਂ ਵੱਡਾ ਹੋਰ ਕੋਈ ਨਹੀਂ, ਮੇਰੇ ਵਰਗੀ ਕੁਰਬਾਨੀ ਹੋਰ ਕੋਈ ਨਹੀਂ ਦੇ ਸਕਦਾ। ਇਤਿਹਾਸ ਵਿਚ ਆਉਂਦਾ ਹੈ –

***ਉਰ ਹੰਕਾਰ ਹੋਇ ਕੁਛ ਆਵਾ।***
***ਬਡ ਉਤਮ ਮੈਂ ਕਰਮ ਕਮਾਵਾ।***
***ਅਪਰ ਕੌਨ ਇਸ ਬਿਧਿ ਕਰਿ ਸਕੈ।***
***ਪ੍ਰਥਮ ਮਿਲਿਨਿ ਤ੍ਰਿਯ ਤਜਿ ਗੁਰ ਤਕੈ –॥੧੯॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5355***

ਇਸ ਤਰ੍ਹਾਂ ਦੇ ਨਾਲ ਜਦੋਂ ਅਭਿਮਾਨ ਆਇਆ ਤਾਂ ਉਸ ਦੇ ਮਨ ਵਿਚ ਵਿਕਾਰ ਪ੍ਰਵੇਸ਼ ਕਰ ਗਿਆ। ਗੁਰੂ ਮਹਾਰਾਜ ਨੂੰ ਇਹ ਅਹੰਕਾਰ ਭਾਇਆ ਨਾ, ਉਨ੍ਹਾਂ ਨੇ ਮਾਇਆ ਨੂੰ ਪ੍ਰੇਰਨਾ ਕਰਕੇ ਉਸ ਦੀ ਸ਼ੁਭ ਮਤ ਖੋਹ ਲਈ। ਜਿਥੇ ਉਸ ਨੇ ਡੇਰਾ ਕਰਿਆ, ਸਾਮ੍ਹਣੇ ਵੇਸ਼ਵਾਵਾਂ ਦਾ ਬਜ਼ਾਰ ਸੀ। ਉਸ ਨੇ ਇਕ ਵੇਸ਼ਵਾ ਖੜ੍ਹੀ ਤੱਕੀ, ਉਸ ਦੀ ਸੁੰਦਰਤਾ ਤੇ ਇਹ ਮੋਹਿਤ ਹੋ ਗਿਆ। ਪਾਠ ਵੀ ਭੁੱਲ ਗਿਆ, ਗੁਰੂ ਦਾ ਪਿਆਰ ਵੀ ਭੁੱਲ ਗਿਆ। ਗੁਰੂ ਮਹਾਰਾਜ ਦਾ ਆਦੇਸ਼ ਸੀ –

***ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ॥***

***ਭਾਈ ਗੁਰਦਾਸ ਜੀ, ਵਾਰ 12/4***

ਗੁਰੂ ਦਸ਼ਮੇਸ਼ ਪਿਤਾ ਦਾ ਫੁਰਮਾਨ ਹੈ –

***ਨਿਜ ਨਾਰੀ ਕੇ ਸਾਥ ਨੇਹੁੰ ਤੁਮ ਨਿਤ ਬਢਯਹੁ।***
***ਪਰਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥***

***ਰੂਪ ਕੁਆਰ ਪ੍ਰਥਾਇ, ਪਾ: ੧੦***

ਇਹ ਸਾਰੇ ਉਪਦੇਸ਼ ਭੁੱਲ ਗਿਆ, ਕਾਮ ਨਾਲ ਪੀੜਤ ਹੋ ਕੇ ਬਾਰ ਬਾਰ ਵੇਸਵਾ ਦੇ ਦੁਆਰੇ ਤੇ ਪਹੁੰਚਦਾ ਹੈ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਆਪਣਾ ਬਿਰਦ ਪਛਾਣਿਆ–

***ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥***
***ਸੇਵਕ ਕਉ ਗੁਰੁ ਸਦਾ ਦਇਆਲ॥***
***ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥***
***ਗੁਰ ਬਚਨੀ ਹਰਿ ਨਾਮੁ ਉਚਰੈ॥***
***ਸਤਿਗੁਰੁ ਸਿਖ ਕੇ ਬੰਧਨ ਕਾਟੈ॥***
***ਗੁਰ ਕਾ ਸਿਖੁ ਬਿਕਾਰ ਤੇ ਹਾਟੈ॥***
***ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥***
***ਗੁਰ ਕਾ ਸਿਖੁ ਵਡਭਾਗੀ ਹੇ॥***
***ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥***
***ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥***

***ਪੰਨਾ – 286***

ਆਪ ਨੇ ਕਿਹਾ ਕਿ ਐਸ ਵੇਲੇ ਸਿੱਖ ਨਰਕ ਕੁੰਡ ਵਿਚ ਗੋਤਾ ਖਾਣ ਨੂੰ ਤਿਆਰ ਹੋ ਰਿਹਾ ਹੈ, ਅਸੀਂ ਨਹੀਂ ਰਾਖੀ ਕਰਾਂਗੇ ਤਾਂ ਹੋਰ ਕੌਣ ਕਰੇਗਾ। ਭਾਵੇਂ ਉਹ ਭੁੱਲ ਗਿਆ ਪਰ ਗੁਰੂ ਨੇ ਉਸ ਦੀ ਰਾਖੀ ਕਰੀ।

***ਸਿਖ ਕੀ ਦਸ਼ਾ ਗੁਰੂ ਤਬਿ ਜਾਨੀ।***
***ਭਰਮਜੋ ਕਰੈ ਧਰਮ ਕੀ ਹਾਨੀ।***
***ਜੇ ਅਬਿ ਹਮ ਨ ਬਚਾਵਹਿੰ ਜਾਇ।***
***ਅਪਰ ਆਨਿ ਕੋ ਕਰੈ ਸਹਾਇ॥੨੬॥***
***ਧਰਮ ਨਸੇ, ਸਿੱਖੀ ਨਹਿੰ ਰਹੈ।***
***ਸਿੱਖੀ ਬਿਨਾ ਨਰਕ ਕੋ ਲਹੈ।***
***ਔਚਕ ਜਬਿ ਬਿਕਾਰ ਕੋ ਹੋਇ।***
***ਉਚਿਤਿ ਬਚਾਵਨਿ ਗੁਰ ਕੋ ਸੋਇ॥੨੭॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ – 5356***

ਗੁਰੂ ਮਹਾਰਾਜ ਨੇ ਉਥੇ ਦਰਬਾਨ ਖੜ੍ਹਾ ਕਰ ਦਿਤਾ। ਇਹ ਜਦੋਂ ਵੀ ਵੇਸਵਾ ਦੇ ਦਰ ਤੇ ਜਾਂਦਾ ਹੈ ਉਸ ਵੇਲੇ ਦਰਬਾਨ ਉਸ ਨੂੰ ਝਿੜਕ ਕੇ ਪਿਛੇ ਹਟਾ ਦਿੰਦਾ ਹੈ, ਬਾਰ ਬਾਰ ਇਹ ਜਾਂਦਾ ਹੈ। ਜਦੋਂ ਅੰਮ੍ਰਿਤ ਵੇਲਾ ਹੋ ਗਿਆ, ਦਿਨ ਚੜ੍ਹਨ ਵਾਲਾ ਹੋ ਗਿਆ ਉਹ ਫੇਰ ਵੀ ਉਥੇ ਹੀ ਗਿਆ। ਉਸ ਵੇਲੇ ਚੋਬਦਾਰ ਨੇ ਝਿੜਕਿਆ, ਪਿਆਰਿਆ! ਵੇਖਣ ਨੂੰ ਤੂੰ ਸਿੱਖ ਪ੍ਰਤੀਤ ਦਿੰਦਾ ਹੈਂ, ਬੰਦਗੀ ਕਰਨ ਦਾ ਸਮਾਂ ਤੂੰ ਗਵਾ ਲਿਆ, ਨਰਕ ਵਿਚ ਗਿਰਨ ਲੱਗਿਆ ਹੈਂ। ਜਾਹ, ਗੁਰੂ ਤੋਂ ਆਪਣੀ ਭੁੱਲ ਬਖਸ਼ਵਾ।

***ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥***

***ਪੰਨਾ – 642***

ਇਸ ਤਰ੍ਹਾਂ ਗੁਰੂ ਆਪਣੇ ਸੇਵਕ ਨੂੰ ਬਚਾ ਲਿਆ ਕਰਦਾ ਹੈ। ਉਸ ਵੇਲੇ ਉਸ ਨੂੰ ਹੋਸ਼ ਆਈ, ਉਸ ਨੇ ਕਿਹਾ ਕਿ ਮੇਰੇ ਸਤਿਗੁਰੂ ਹੀ ਮੈਨੂੰ ਚੋਬਦਾਰ ਹੋ ਕੇ ਬਚਾ ਰਹੇ ਸਨ, ਨਹੀਂ ਤਾਂ ਮੈਂ ਤਾਂ ਨਰਕ ਕੁੰਡ ਵਿਚ ਗਿਰਨ ਲੱਗਿਆ ਸੀ। ਸੋ ਜਿਸਦੇ ਮਨ ਵਿਚ ਅਭਿਮਾਨ ਆ ਜਾਵੇ, ਉਹ ਗੁਰੂ ਨੂੰ ਭਾਇਆ ਨਹੀਂ ਕਰਦਾ ਤੇ ਉਹ ਗਿਰ ਜਾਂਦਾ ਹੈ।

ਅਜਾਮਲ ਨੇ ਗੁਰੂ ਦੇ ਬਚਨ ਦਾ ਗੁੱਸਾ ਕੀਤਾ ਕਿ ਮੈਂ ਐਡਾ ਵੱਡਾ ਵਿਦਵਾਨ ਤੇ ਮੇਰੇ ਗੁਰੂ ਨੂੰ ਮੇਰੇ ਉਪਰ ਸ਼ੱਕ ਹੋ ਗਿਆ। ਗੁਰੂ ਦਾ ਪਿਆਰ ਸਿੱਖ ਨਾਲ ਬਹੁਤ ਆਦਰਸ਼ਕ ਹੁੰਦਾ ਹੈ। ਮਾਂ ਪੁਤਰ ਨੂੰ ਪਿਆਰ ਕਰਦੀ ਹੈ ਪਰ ਅੰਦਰ ਛੁਪੀ ਹੋਈ ਵਾਸ਼ਨਾ ਹੁੰਦੀ ਹੈ ਕਿ ਜਦੋਂ ਮੈਂ ਬੁੱਢੀ ਹੋ ਜਾਵਾਂਗੀ ਮੇਰਾ ਸਰੀਰ ਕੰਮ ਨਹੀਂ ਕਰੇਗਾ, ਮੇਰਾ ਪੁਤਰ ਮੈਨੂੰ ਸੰਭਾਲੇਗਾ ਪਰ ਗੁਰੂ ਦਾ ਪਿਆਰ ਵਿਲੱਖਣ ਹੁੰਦਾ ਹੈ ਉਹ ਸੇਵਕ ਨੂੰ ਹਮੇਸ਼ਾ ਜਨਮ ਮਰਨ ਵਿਚੋਂ ਕੱਢਣ ਲਈ ਲੋਚਦਾ ਹੈ। ਜਿਵੇਂ ਮਾਂ ਪੁਤਰ ਨੂੰ ਪਿਆਰ ਕਰਦੀ ਹੈ, ਗੁਰੂ ਉਸ ਤੋਂ ਵੱਧ ਕਰਦਾ ਹੈ। ਜੇ ਪੁਤਰ ਭੁਲਦਾ ਹੈ ਤਾਂ ਮਾਂ ਉਸ ਦੇ ਔਗੁਣ ਨਹੀਂ ਚਿਤਾਰਦੀ। ਇਸੇ ਤਰ੍ਹਾਂ ਗੁਰੂ ਆਪਣੇ ਸੇਵਕ ਨੂੰ ਪਾਪਾਂ ਤੋਂ ਬਚਾ ਲੈਂਦਾ ਹੈ।

ਭੁੱਲੇ ਹੋਏ ਨੂੰ ਗਲ ਨਾਲ ਲਾ ਲੈਂਦਾ ਹੈ, ਗੁਰੂ ਕਦੇ ਵੀ ਔਗੁਣ ਨਹੀਂ ਵਿਚਾਰਿਆ ਕਰਦਾ ਕਿਉਂਕਿ ਇਕ ਵਾਰੀ ਗੁਰੂ ਦੇ ਬਣ ਗਏ ਫੇਰ ਨਹੀਂ ਗੁਰੂ ਛੱਡਿਆ ਕਰਦਾ, ਫੇਰ ਆਪਣਾ ਹੀ ਬਣਾ ਕੇ ਰੱਖਿਆ ਕਰਦਾ ਹੈ। ਸਿੱਖ ਭੁਲ ਗਿਆ, ਗੁਰੂ ਮਹਾਰਾਜ ਦਰਵਾਜ਼ੇ ਉਪਰ ਪਹਿਰਾ ਦਿੰਦੇ ਰਹੇ ਫੇਰ ਉਸ ਨੂੰ ਖਬਰਦਾਰ ਕੀਤਾ ਕਿ ਜਾਹ ਸਿੱਖਾ! ਅੰਮ੍ਰਿਤ ਵੇਲਾ ਹੋ ਗਿਆ, ਨਾਮ ਜਪਣ ਦਾ ਵੇਲਾ ਹੋ ਗਿਆ। ਜੋਗਾ ਸਿੰਘ ਨੂੰ ਇਹ ਬਚਨ ਸੁਣ ਕੇ ਹਿਰਦੇ ਅੰਦਰ ਸੱਟ ਲੱਗੀ, ਝੰਜੋੜਿਆ ਗਿਆ ਕਹਿਣ ਲੱਗਿਆ, ਹੈਂ! ਐਡਾ ਵੱਡਾ ਤਾਹਨਾ ਮੈਨੂੰ ਇਸ ਚੋਬਦਾਰ ਨੇ ਦਿਤਾ ਹੈ। ਤੂੰ ਤਾਂ ਕਹਿੰਦਾ ਸੀ ਕਿ ਮੇਰੇ ਵਰਗਾ ਕੋਈ ਸਿੱਖ ਨਹੀਂ ਹੈ ਤੇ ਹੁਣ ਮੈਂ ਇਹ ਕਹਿੰਦਾ ਹਾਂ ਕਿ ਮੇਰੇ ਵਰਗਾ ਮਾੜਾ ਕੋਈ ਸਿੱਖ ਨਹੀਂ ਹੈ। ਇਕ ਦਮ ਗੁਰੂ ਨੂੰ ਪਿੱਠ ਦੇ ਕੇ, ਇਹ ਜਾਣਦਾ ਹੋਇਆ ਕਿ ਗੁਰੂ ਅੰਤਰਜਾਮੀ ਹੈ, ਹਰ ਥਾਂ ਦੇਖਦਾ ਹੈ –

***ਘਟ ਘਟ ਕੇ ਅੰਤਰ ਕੀ ਜਾਨਤ॥***
***ਭਲੇ ਬੁਰੇ ਕੀ ਪੀਰ ਪਛਾਨਤ॥ ਜਪੁਜੀ ਸਾਹਿਬ***

ਮੈਂ ਕਿੱਡਾ ਬੁਰਾ ਕੁਕਰਮ ਕਰਨ ਲੱਗਿਆ ਸੀ। ਗੁਰੂ ਦੀ ਮੇਰੇ ਉਪਰ ਦ੍ਰਿਸ਼ਟੀ ਸੀ। ਗੁਰੂ ਨੇ ਹੀ ਮੈਨੂੰ ਬਚਾ ਲਿਆ। ਇਸ ਤਰ੍ਹਾਂ ਦੇ ਨਾਲ ਜਦੋਂ ਸਿੱਖ ਆਪਣੇ ਗੁਰੂ ਤੇ ਸ਼ੰਕਾ ਕਰ ਬੈਠਦਾ ਹੈ, ਸਿੱਖ ਦੇ ਮਨ ਵਿਚ ਅਭਿਮਾਨ ਆ ਜਾਂਦਾ ਹੈ ਕਿ ਮੈਂ ਵਿਦਵਾਨ ਹਾਂ, ਐਡੀ ਕਰਨੀ ਵਾਲਾ ਹਾਂ ਤਾਂ ਉਸ ਵੇਲੇ ਗੁਰੂ ਬਖਸ਼ਿਸ਼, ਮਿਹਰਾਮਤ ਤੋਂ ਆਪਣੇ ਆਪ ਨੂੰ ਦੂਰ ਕਰ ਲੈਂਦਾ ਹੈ। ਅਜਾਮਲ ਦੇ ਮਨ ਵਿਚ ਅਭਿਮਾਨ ਸੀ ਕਿ ਮੈਂ ਐਡਾ ਵਿਸ਼ਵ ਪ੍ਰਸਿੱਧ ਹਾਂ, ਮੇਰੇ ਗੁਰੂ ਨੇ ਇਹ ਗੱਲ ਕਿਉਂ ਕਹੀ। ਗੁਰੂ ਦੇ ਬਚਨ ਕੰਨਾਂ ਵਿਚ ਬਾਰ ਬਾਰ ਗੂੰਜਦੇ ਹਨ ਕਿ ਦੇਖ ਤੂੰ ਸਭ ਕੁਝ ਪੜ੍ਹਿਆ ਹੋਇਆ ਹੈਂ, ਕਿੱਡੇ ਕਿੱਡੇ ਰਿਸ਼ੀ, ਮੁਨੀ, ਸਾਧਕ ਅਭਿਮਾਨ ਵਿਚ ਆ ਕੇ ਕੁਕਰਮਾਂ ਵਿਚ ਫਸ ਗਏ। ਅਜਾਮਲ ਦੇ ਗੁਰੂ ਸਭ ਕੁਝ ਜਾਣਦੇ ਸਨ, ਉਹ ਵੀ ਇਹ ਗੱਲ ਜਾਣ ਗਏ ਕਿ ਮੇਰੀ ਗੱਲ ਅਜਾਮਲ ਨੂੰ ਚੰਗੀ ਨਹੀਂ ਲੱਗੀ। ਇਸ ਅੰਦਰ ਆਪਣੇ ਪਵਿੱਤਰ ਜੀਵਨ ਦਾ ਅਭਿਮਾਨ ਹੈ, ਪਰ ਅਜਾਮਲ ਦੀ ਜੋ ਤਾਰ ਆਪਣੇ ਗੁਰੂ ਨਾਨਕ ਜੁੜੀ ਹੋਈ ਸੀ ਉਹ ਟੁੱਟ ਗਈ। ਇਕ ਦਿਨ ਸੋਚਣ ਲੱਗਿਆ ਕਿ ਦੇਖਾਂ ਤਾਂ ਸਹੀ ਕਿ ਕੀ ਹੁੰਦਾ ਹੈ, ਵੇਸਵਾਵਾਂ ਦੇ ਬਜ਼ਾਰ ਵਿਚੋਂ ਲੰਘ ਗਿਆ।

ਮਾੜੇ ਥਾਂ 'ਚੋਂ ਕਿਤੋਂ ਦੀ ਲੰਘ ਜਾਓ, ਗਰਦ 'ਚ ਲੰਘ ਜਾਓ, ਜੇ ਕੋਈ ਕਹੇ ਕਿ ਮੇਰੇ ਤੇ ਗਰਦ ਨਹੀਂ ਪੈਂਦੀ ਤਾਂ ਉਹ ਭੁੱਲ ਵਿਚ ਹੈ –

ਧੂੰਏਂ 'ਚੋਂ ਲੰਘ ਕੇ ਜੇ ਕੋਈ ਕਹੇ ਕਿ ਮੇਰਾ ਸਾਹ ਨਹੀਂ ਘੁਟਦਾ, ਉਹ ਗਲਤ ਹੈ, ਧੂੰਏਂ ਨੇ ਤਾਂ ਸਾਹ ਘੁਟਣਾ ਹੈ। ਜਿਹੋ ਜਿਹੇ ਪ੍ਰਭਾਵ ਵਿਚ ਜਾਵਾਂਗੇ ਬਿਰਤੀ ਨੇ ਉਹ ਅਸਰ ਕਬੂਲ ਕਰਨਾ ਹੈ –

***ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥***
***ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥***

***ਪੰਨਾ – 1369***

ਇਸੇ ਕਰਕੇ ਰੋਜ਼ ਅਰਦਾਸ ਕਰਦੇ ਹਾਂ, "ਹੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ! ਕਿਰਪਾ ਕਰੀਂ ਆਪਣੇ ਗੁਰਮੁਖਾਂ ਦੇ ਦਰਸ਼ਨ ਕਰਾਈਂ, ਗੁਰਮੁਖਾਂ ਦੇ ਦੀਦਾਰ, ਮਨਮੁਖਾਂ ਤੋਂ ਦੂਰ ਰੱਖੀਂ। ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ ਉਹ ਪਿਆਰੇ ਮੇਲੀਂ,

ਜਿਨ੍ਹਾਂ ਮਿਲਿਆਂ ਤੇ ਤੇਰਾ ਨਾਮ ਵਿਸਰੇ, ਕਿਰਪਾ ਕਰੀਂ ਉਸ ਨੂੰ ਆਪ ਹੀ ਨਾ ਮੇਲੀਂ।" ਰੋਜ਼ ਦੀ ਅਰਦਾਸ ਹੈ ਸਿਖ ਦੀ ਕਿਉਂਕਿ ਸਿੱਖ ਆਪਣੇ ਆਪ ਨਹੀਂ ਕਹਿੰਦਾ ਕਿ ਮੈਂ ਬਹੁਤ ਚੰਗਾ ਹਾਂ ਉਹ ਕਹਿੰਦਾ ਹੈ ਕਿ ਮੈਂ ਚੰਗਾ, ਮੇਰੀ ਚੰਗਿਆਈ ਗੁਰੂ ਦੀ ਕਿਰਪਾ ਨਾਲ ਹੈ, ਮੇਰੇ ਕਿਸੇ ਤਾਣ ਦੇ ਨਾਲ ਨਹੀਂ। ਜਦੋਂ ਸਿੱਖ ਦੇ ਮਨ ਵਿਚ ਇਹ ਆ ਜਾਏਗਾ ਕਿ ਮੇਰੇ ਤਾਣ ਦੇ ਨਾਲ ਮੇਰੇ ਵਿਚ ਚੰਗਿਆਈ ਹੈ ਉਸ ਵੇਲੇ ਗੁਰੂ ਦੀ ਕਿਰਪਾ ਦਾ ਹੱਥ ਉਸ ਦੇ ਸਿਰ ਤੋਂ ਪਰ੍ਹੇ ਹਟ ਜਾਇਆ ਕਰਦਾ ਹੈ।

ਸੋ ਹੋਇਆ ਕੀ, ਹੌਲੀ-ਹੌਲੀ ਇਕ ਵੇਸਵਾ ਦੇ ਚੁਬਾਰੇ ਤੇ ਜਾਣ ਲੱਗ ਗਿਆ, ਮੋਹਿਆ ਗਿਆ, ਘਰ 'ਚ ਬਦਨਾਮੀ ਹੋ ਗਈ, ਸ਼ਹਿਰ 'ਚ ਬਦਨਾਮੀ ਹੋ ਗਈ, ਰਾਜੇ ਤੱਕ ਗੱਲ ਪਹੁੰਚ ਗਈ। ਰਾਜੇ ਨੇ ਉਸ ਦੇ ਪਿਤਾ ਨੂੰ ਕਿਹਾ, ਪਿਤਾ ਨੇ ਬੇਦਾਅਵਾ ਦੇ ਦਿਤਾ। ਰਾਜੇ ਨੇ ਸ਼ਹਿਰੋਂ ਬਾਹਰ ਕੱਢ ਦਿਤਾ। ਵੇਸ਼ਵਾ ਨੂੰ ਨਾਲ ਲੈ ਕੇ ਰਹਿਣਾ ਸ਼ੁਰੂ ਕਰ ਦਿਤਾ।

***ਪਤਿਤ ਅਜਾਮਲੁ ਪਾਪ ਕਰਿ, ਜਾਇ ਕਲਾਵਤਣੀ ਦੇ ਰਹਿਆ॥***
***ਗੁਰੁ ਤੇ ਬੇਮੁਖੁ ਹੋਇ ਕੈ, ਪਾਪ ਕਮਾਵੈ ਦੁਰਮਤਿ ਦਹਿਆ॥***
***ਭਾਈ ਗੁਰਦਾਸ ਜੀ ਦੀ ਵਾਰ10/20***

ਖੋਟੀ ਮਤ ਹੋਣ ਕਰਕੇ ਪਾਪਾਂ 'ਚ ਪੈ ਗਿਆ। ਬੱਚੇ ਹੁੰਦੇ ਜਾਂਦੇ ਨੇ, ਪੰਡਤਾਈ ਤਾਂ ਹੁਣ ਉਸ ਤੋਂ ਕੋਈ ਕਰਵਾਉਂਦਾ ਨਹੀਂ, ਸਾਰੀ ਦੁਨੀਆਂ 'ਚ ਮਸ਼ਹੂਰ ਹੋ ਗਿਆ -

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥***
***ਪੰਨਾ - 632***

ਕਹਿੰਦੇ ਇਕੱਲਾ ਇਕ ਸ਼ਹਿਰ ਨਹੀਂ ਸੀ ਜਾਣਦਾ ਸਾਰੇ ਵਿਦਵਾਨਾਂ 'ਚ ਇਹ ਹੋ ਗਿਆ ਕਿ ਅਜਾਮਲ ਗਿਰ ਗਿਆ ਐਡਾ ਵਿਦਵਾਨ ਹੋ ਕੇ। ਜਿਹੜਾ ਉਚਾ ਹੁੰਦਾ ਹੈ ਉਹ ਜਦੋਂ ਚੰਗਾ ਹੁੰਦਾ ਹੈ ਉਦੋਂ ਵੀ ਸਭ ਦੀ ਨਿਗ੍ਹਾ 'ਚ ਹੁੰਦਾ ਜਦੋਂ ਮਾੜਾ ਜਿਹਾ ਨੁਕਸ ਪੈ ਜਾਏ ਚਿੱਟੇ ਚਾਦਰੇ ਦੇ ਉਤੇ ਇਕ ਸ਼ਿਆਹੀ ਦਾ ਧੱਬਾ ਲਾ ਕੇ ਦੇਖ ਲਓ ਸਾਰਿਆਂ ਦੀ ਨਿਗ੍ਹਾਂ ਓਧਰ ਜਾਏਗੀ, ਕੰਬਲ ਤੇ ਲਾਓ ਕਿਸੇ ਨੂੰ ਨਹੀਂ ਪਤਾ ਲਗਦਾ। ਸੋ ਜਿਹੜਾ ਮਸ਼ਹੂਰ ਹੋ ਜਾਵੇ ਦੁਨੀਆਂ 'ਚ, ਇਕ ਵਾਰੀ ਵਾਹਵਾ-ਵਾਹਵਾ ਹੋ ਜਾਏ ਜਦੋਂ ਉਹ ਗਿਰਦਾ ਹੈ ਤਾਂ ਸਾਰਿਆਂ ਨੂੰ ਪਤਾ ਲਗ ਜਾਂਦਾ ਹੈ।

ਸੋ ਉਸ ਵੇਲੇ ਪਾਪ ਕਮਾਉਂਦਾ ਹੈ। ਜਾਲ ਬਣਾ ਲਿਆ, ਜਾ ਕੇ ਜਾਲ ਹੇਠ ਚੋਗਾ ਪਾ ਕੇ ਬੈਠ ਜਾਂਦਾ ਹੈ। ਜਿੰਨੇ ਜੰਗਲ ਦੇ ਪੰਛੀ ਵਿਚ ਫੱਸ ਜਾਂਦੇ ਨੇ, ਮਾਰ ਕੇ ਲੈ ਆਉਂਦਾ ਹੈ, ਕੁਝ ਘਰ ਵਿਚ ਖਾਣ ਵਾਸਤੇ ਰੱਖ ਲੈਂਦਾ ਹੈ, ਕੁਝ ਬਜ਼ਾਰ 'ਚ ਜਾ ਕੇ ਵੇਚ ਕੇ ਪੈਸੇ ਲੈ ਆਉਂਦਾ ਹੈ। ਕਬੀਲਦਾਰੀ ਵਧ ਗਈ ਤੇ ਜਨਮ ਬਿਰਥਾ ਜਾ ਰਿਹਾ ਹੈ -

***ਬਿਰਥਾ ਜਨਮੁ ਗਵਾਇਅਨੁ ਭਵਜਲ ਅੰਦਰਿ ਫਿਰਦਾ ਵਹਿਆ॥***
***ਭਾਈ ਗੁਰਦਾਸ ਜੀ ਦੀ ਵਾਰ 10/20***

ਰੁੜ੍ਹਿਆ ਫਿਰਦਾ ਹੈ ਭਵਜਲ ਅੰਦਰ -

***ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ॥***
***ਭਾਈ ਗੁਰਦਾਸ ਜੀ ਦੀ ਵਾਰ10/20***

ਛੇ ਪੁੱਤਰ ਹੋ ਗਏ, ਘਰ 'ਚ ਕਲੇਸ਼ ਪੈਂਦਾ ਹੈ, ਬਹੁਤ ਕਲੇਸ਼ ਹੁੰਦਾ ਹੈ। ਸਦਾ ਤਾਂ ਰਹਿੰਦਾ ਨਹੀਂ, ਭੋਗਾਂ ਦਾ ਅੰਤ ਜਦੋਂ ਆਖਰੀ point (ਬਿੰਦੂ) ਤੇ ਆ ਜਾਂਦਾ ਹੈ, saturation (ਤ੍ਰਿਪਤੀ) ਕਹਿੰਦੇ ਨੇ ਇਸ ਨੂੰ, ਜਦੋਂ saturation (ਤ੍ਰਿਪਤੀ) ਦਾ point (ਬਿੰਦੂ) ਆ ਜਾਂਦਾ ਹੈ ਉਸ ਵੇਲੇ ਆਦਮੀ ਨੂੰ ਆਪ ਵੀ ਭੋਗਾਂ ਤੋਂ ਨਫਰਤ ਹੋ ਜਾਂਦੀ ਹੈ। ਸ਼ਰਾਬ ਪੀਣ ਵਾਲਾ ਜਦੋਂ ਬਹੁਤ ਸ਼ਰਾਬ ਪੀਣ ਲੱਗ ਜਾਂਦਾ ਹੈ ਉਹ ਕਾਬੂ ਤਾਂ ਆ ਜਾਂਦਾ ਹੈ ਸ਼ਰਾਬ ਦੇ ਪਰ ਅੰਦਰੋਂ ਉਸ ਨੂੰ ਨਫਰਤ ਆਉਣੀ ਸ਼ੁਰੂ ਹੋ ਜਾਂਦੀ ਹੈ। ਛੁੱਟ ਨਹੀਂ ਸਕਦਾ ਜਦੋਂ ਤਕ ਕੋਈ ਛੁਡਾਉਣ ਵਾਲਾ ਨਾ ਉਸ ਨੂੰ ਮਿਲੇ। ਭੋਗਾਂ ਦਾ ਵੀ ਅੰਤ ਆ ਜਾਂਦਾ ਹੈ। ਸੋ ਅੰਦਰੋਂ ਹੁਣ ਖਿਝਦੇ ਨੇ ਦੋਵੇਂ। ਉਹ ਵੀ ਖਿਝਦੀ ਹੈ ਕਿ ਮੈਂ ਦੇਖ ਕਿਥੇ ਝੌਂਪੜੀਆਂ 'ਚ ਆ ਕੇ ਵਸ ਗਈ ਇਸ ਬੰਦੇ ਨਾਲ ਤੁਰ ਕੇ। ਉਹ ਵੀ ਕਰਦਾ ਹੈ ਕਿ ਮੈਂ ਕਿੱਡਾ ਵੱਡਾ ਵਿਦਵਾਨ ਸੀ, ਕੀ ਲੈ ਲਿਆ ਮੈਂ ਭੋਗਾਂ ਵਿਚੋਂ, ਕੀ ਖੱਟ ਲਿਆ? ਆਪਣੇ ਸਰੀਰ ਦਾ ਨਾਸ਼ ਕਰ ਲਿਆ। ਹਰ ਵਕਤ ਲੜਾਈ ਰਹਿੰਦੀ ਹੈ। ਅਖੀਰ ਨੌਬਤ ਇਥੋਂ ਤੱਕ ਆ ਗਈ ਤੇ ਉਸ ਨੇ ਫੈਸਲਾ ਕਰ ਲਿਆ ਕਿ ਮੈਂ ਖੁਦਕਸ਼ੀ ਕਰ ਲਵਾਂ।

***'ਚਲਦਾ'***

**L L L L L L L**

---

(ਪੰਨਾ 9 ਦੀ ਬਾਕੀ)

ਕਿ ਵੀਰ ਗੁਰਬਖਸ਼ ਸਿੰਘ ਜੀ ਚੜ੍ਹਾਈਆਂ ਕਰ ਗਏ ਹਨ, ਉਨ੍ਹਾਂ ਦੇ ਹੁਕਮ ਅਨੁਸਾਰ ਉਨ੍ਹਾਂ ਦਾ ਸਸਕਾਰ ਆਪ ਦੇ ਗਿਆਂ ਹੀ ਕਰਨਾ ਹੈ। ਅਸੀਂ ਤੁਰਤੋ ਫੁਰਤ ਹੀ ਕਾਰ ਲੈ ਕੇ ਕਮਾਲਪੁਰੇ ਪੁੱਜੇ। ਜਾਂਦਿਆਂ ਨੂੰ ਸਾਰਾ ਪਰਿਵਾਰ ਭਾਈ ਗੁਰਬਖਸ਼ ਸਿੰਘ ਦੀ ਅਰਥੀ ਦੇ ਪਾਸ ਬੈਠਾ ਵਾਹਿਗੁਰੂ ਦਾ ਜਾਪ ਅਲਾਪ ਰਿਹਾ ਸੀ। ਹੋਰ ਸੰਗਤਾਂ ਵੀ ਦੂਰੋਂ ਨੇੜਿਓਂ ਆ ਚੁਕੀਆਂ ਸਨ। ਸਾਰੇ ਸਕੂਲ ਦੇ ਵਿਦਿਆਰਥੀ, ਸਾਰਾ ਸਕੂਲ-ਸਟਾਫ, ਬੈਂਡ ਬਾਜੇ ਲੈ ਕੇ ਸਾਰੇ ਨਗਰ-ਨਿਵਾਸੀਆਂ ਸਮੇਤ ਇਕ ਅਡੋਲ ਸ਼ਾਂਤ ਅਵਸਥਾ ਵਿਚ ਕਮਰਕਸੇ ਕਰੀ ਖਲੋਤਾ ਸੀ। ਉਸ ਸਮੇਂ ਦੀ ਵੈਰਾਗਮਈ ਅਵਸਥਾ ਜੋ ਸਾਰੀ ਸੰਗਤ ਪਰ ਵਾਪਰੀ, ਅਤੀ ਹੀ ਅਕੱਥਨੀਯ ਹੈ। ਇਸ ਬਿਧ ਪਧਾਰ ਗਏ ਮੇਰੇ ਵੀਰ ਵਿਯੋਗੜੀਏ ਭਾਈ ਗੁਰਬਖਸ਼ ਸਿੰਘ ਜੀ ਸਾਰੀਆਂ ਸੰਗਤਾਂ ਤੇ ਪਰਿਵਾਰ ਨੂੰ ਵਿਛੋੜੇ ਦਾ ਦਾਗ ਦੇ ਗਏ। ਜਥੇ ਦੇ ਰੰਗਲੇ ਸੱਜਣਾਂ ਵਿਚ ਭਾਈ ਗੁਰਬਖਸ਼ ਸਿੰਘ ਜੀ ਦਾ ਰੰਗੀਲਾ ਜੀਵਨ ਅਤੀ ਅਦਿਭੁਤ ਪ੍ਰਮਾਰਥੀ ਰੰਗਾਂ ਵਾਲਾ ਹੈ, ਜਿਸ ਨੂੰ ਅਸੀਂ ਹਿਰਦੇ ਅੰਦਰ ਹਰ ਦਮ ਨੱਪੀ ਰਖਦੇ ਹਾਂ।

**L L L L L L L**

# ਪਤੀਵਰਤਾ ਧਰਮ ਦੀ ਮਹਾਨਤਾ

***ਪ੍ਰੋ. ਗੁਰਦੇਵ ਸਿੰਘ***

ਪਤੀ ਤੇ ਪਤਨੀ ਦਾ ਰਿਸ਼ਤਾ ਬੜਾ ਪਵਿੱਤਰ-ਪਾਕ ਮੰਨਿਆ ਜਾਂਦਾ ਹੈ ਜੋ ਕਿ ਦੋਵਾਂ ਜੀਆਂ ਦੇ ਆਪਸੀ ਨਿਸ਼ਚੇ ਤੇ ਕਾਇਮ ਤੇ ਪਰਪੱਕ ਹੁੰਦਾ ਹੈ। ਦੇਖਣ ਨੂੰ ਤਾਂ ਭਾਵੇਂ ਦੋ ਵੱਖਰੇ ਸਰੀਰ ਨਜ਼ਰ ਆਉਂਦੇ ਹਨ ਪਰੰਤੂ ਦੋਵੇਂ ਨੇਕ ਖਿਆਲਾਂ, ਪਰਉਪਕਾਰੀ ਸੁਭਾਅ, ਸਦਭਾਵਨਾ ਤੇ ਪ੍ਰਸਪਰ ਪਿਆਰ ਦਾ ਸਦਕਾ ਇਕ ਮੂਰਤਿ ਹੀ ਪ੍ਰਤੀਤ ਹੁੰਦੇ ਹਨ ਤੇ ਇਸ ਪਵਿੱਤਰ ਫੁਰਮਾਨ ਨੂੰ ਸਾਕਾਰ ਕਰ ਦਿੰਦੇ ਹਨ -

***ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥***

***ਪੰਨਾ - 788***

ਪਰੰਤੂ ਰੂਹਾਨੀ ਤੌਰ ਤੇ ਇਹ ਪਵਿੱਤਰ ਫੁਰਮਾਨ ਜੀਵ ਆਤਮਾ ਤੇ ਪ੍ਰਮਾਤਮਾ ਦੇ ਮੇਲ ਨੂੰ ਰੂਪਮਾਨ ਕਰਦਾ ਹੈ। ਦੁਨਿਆਵੀ ਤੌਰ ਤੇ ਇਹ ਪਵਿੱਤਰ ਬੰਧਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਗੁਰਮਤਿ ਅਨੁਸਾਰ ਇਸ ਪਵਿੱਤਰ ਬੰਧਨ ਨੂੰ ਸਰੰਜਾਮ ਦੇਣ ਲਈ ਜੋ ਅਸੂਲ ਪਤਨੀ ਲਈ ਹਨ ਉਹੀ ਅਸੂਲ ਪਤੀ ਲਈ ਵੀ ਲਾਗੂ ਹੁੰਦੇ ਹਨ। ਦੋਵਾਂ ਧਿਰਾਂ ਨੂੰ ਆਤਮ ਮਾਰਗ ਤੇ ਚੱਲਣ ਲਈ ਦੋਨਾਂ ਦੀ ਇਕਸੁਰਤਾ ਦੀ ਲੋੜ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ ਕਿਉਂਕਿ ਇਕ ਦੂਜੇ ਦੀ ਮਿਲਵਰਤਣ ਤੇ ਹੌਂਸਲਾ ਅਫਜ਼ਾਈ ਤੋਂ ਬਿਨਾਂ ਇਸ ਮਾਰਗ ਤੇ ਤੁਰਨਾ ਅਤਿਅੰਤ ਕਠਿਨ ਤੇ ਅਸੰਭਵ ਹੋ ਜਾਂਦਾ ਹੈ। ਦੋਹਾਂ ਧਿਰਾਂ ਨੂੰ ਆਪਣੇ ਜਤ ਸਤ ਤੇ ਕਾਇਮ ਰਹਿਣਾ ਪੈਂਦਾ ਹੈ ਅਤੇ ਪੂਰਨ ਅਡੋਲਤਾ ਨਾਲ ਇਸ ਦੀ ਪਾਲਣਾ ਕਰਨ ਵਿਚ ਹੀ ਪ੍ਰਭੂ ਦੀ ਖੁਸ਼ੀ ਪ੍ਰਾਪਤ ਹੁੰਦੀ ਹੈ।

***ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ॥***

***ਭਾਈ ਗੁਰਦਾਸ ਜੀ, ਵਾਰ 6/8***

***ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥***

***ਭਾਈ ਗੁਰਦਾਸ ਜੀ, ਵਾਰ 29/11***

ਇਸਤਰੀ ਨੂੰ ਸ਼ਕਤੀ ਦਾ ਰੂਪ ਵੀ ਮੰਨਿਆ ਗਿਆ ਹੈ ਕਿਉਂਕਿ ਕਿਸੇ ਵੀ ਮਹਾਨ ਸਖਸ਼ੀਅਤ ਦੀ ਕਾਮਯਾਬੀ ਦੇ ਪਿਛੇ ਇਸ ਦਾ ਹੱਥ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਰਬਾਣੀ ਵਿਚ ਦੁਨੀਆਂ ਦੇ ਲੋਕਾਂ ਨੂੰ ਇਸਤਰੀ ਨੂੰ ਮਾੜਾ ਕਹਿਣ ਤੋਂ ਵਰਜਿਆ ਤੇ ਉਚੀ ਅਵਾਜ਼ ਵਿਚ ਕਿਹਾ ਕਿ ਇਸ ਨੂੰ ਮੰਦਾ ਕਿਉਂ ਆਖਦੇ ਹੋ, ਇਹ ਤਾਂ ਜਗਤ ਜਨਨੀ ਹੈ ਤੇ ਮਹਾਨ ਪਰਉਪਕਾਰੀ ਹੈ ਅਤੇ ਇਸ ਬਿਨਾਂ ਸੰਸਾਰ ਦਾ ਕਾਰਜ ਅਧੂਰਾ ਹੈ।

***ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥***
***ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥***
***ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥***
***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥***
***ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥***
***ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥***
***ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥***
***ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥***

***ਪੰਨਾ - 473***

ਇਸ ਲੇਖ ਵਿਚ ਇਸ ਮਹਾਨ ਜਗਤ ਜਨਨੀ ਦੀ ਮਹਾਨਤਾ ਤੇ ਸ਼ਕਤੀ ਨੂੰ ਦਰਸਾਉਣ ਦਾ ਉਪਰਾਲਾ ਕੀਤਾ ਗਿਆ ਹੈ ਕਿ ਜਿਥੇ ਇਹ ਮਾਤਾ, ਭੈਣ ਤੇ ਪਤਨੀ ਦੇ ਰੂਪ ਵਿਚ ਸੰਸਾਰ ਨੂੰ ਸੁਖ ਦਿੰਦੀ ਹੈ ਉਥੇ ਇਸ ਦੇ ਪਤੀਬਰਤਾ ਧਰਮ ਵਿਚ ਮਹਾਨ ਸ਼ਕਤੀ ਹੈ ਜਿਸ ਨਾਲ ਪਾਠਕਾਂ ਅਤੇ ਪੜ੍ਹਨ ਸੁਣਨ ਵਾਲਿਆਂ ਨੂੰ ਪ੍ਰੇਰਨਾ ਮਿਲੇਗੀ। ਇਸ ਵਿਚ ਅੰਕਿਤ ਸਮੱਗਰੀ ਮਹਾਂਪੁਰਸ਼ (ਸੰਤ ਵਰਿਆਮ ਸਿੰਘ ਜੀ) ਦੇ ਪੂਰਵਜਾਂ ਤੇ ਪੁਰਾਤਨ ਲਿਖਤਾਂ ਤੇ ਅਧਾਰਿਤ ਹੈ।

ਇਕ ਸਮੇਂ ਦੀ ਗੱਲ ਹੈ ਕਿ ਜੂਨਾਂਗੜ੍ਹ ਦਾ ਰਾਜਾ ਬੜਾ ਭਲਾ ਲੋਕ ਤੇ ਪਰਜਾ ਪਾਲਕ ਸੀ। ਉਸ ਦੇ ਸ਼ਹਿਰ ਦੇ ਸਰੋਵਰ ਵਿਚ ਕੀੜੇ ਪੈ ਗਏ ਤੇ ਦਵਾਈਆਂ ਆਦਿਕ ਪਾਉਣ ਨਾਲ ਵੀ ਠੀਕ ਨਾ ਹੋਏ। ਰਾਜ ਜੋਤਸ਼ੀ ਨੂੰ ਪੁਛਿਆ ਤਾਂ ਉਸ ਨੇ ਇਸ ਦਾ ਉਪਾਵ ਦੱਸਿਆ ਕਿ ਅਗਰ ਕੋਈ ਪਤੀਵਰਤਾ ਇਸਤਰੀ ਇਸ ਵਿਚ ਆਪਣੇ ਚਰਨ ਪਾ ਦੇਵੇ ਤਾਂ ਇਸ ਦੇ ਕੀਟਾਣੂ ਨਾਸ਼ ਹੋ ਜਾਣਗੇ ਤੇ ਜਲ ਪਵਿੱਤਰ ਹੋ ਜਾਵੇਗਾ। ਰਾਜੇ ਨੇ ਵਜ਼ੀਰ ਨੂੰ ਹੁਕਮ ਦੇ ਕੇ ਪਤੀਬਰਤਾ ਦੀ ਖੋਜ ਕਰਨ ਲਈ ਕਿਹਾ ਕਿ ਆਪਣੇ ਰਾਜ ਵਿਚ ਪਤੀਵਰਤਾ ਇਸਤ੍ਰੀ ਦੀ ਭਾਲ ਕਰੋ ਤਾਕਿ ਸਰੋਵਰ ਦਾ ਜਲ ਸਵੱਛ ਹੋ ਜਾਵੇ।

ਪੁੱਛ ਪੜਤਾਲ ਤੋਂ ਪਤਾ ਲਗਾ ਕਿ ਇਕ ਵਪਾਰੀ ਹੈ ਜੋ ਆਮ ਤੌਰ ਤੇ ਬਾਹਰ ਹੀ ਰਹਿੰਦਾ ਹੈ ਤੇ ਉਸ ਦੀ ਪਤਨੀ, ਪਤੀਵਰਤਾ ਹੈ। ਉਸ ਦੇ ਘਰ ਜਾ ਕੇ ਬੇਨਤੀ ਕੀਤੀ ਗਈ ਕਿ ਤੁਸੀਂ ਸਰੋਵਰ ਦੇ ਜਲ ਵਿਚ ਚਰਨ ਪਾਵੋ ਤਾਕਿ ਜਲ ਪਵਿੱਤਰ ਹੋ ਜਾਵੇ। ਉਸ ਨੇ ਦੱਸਿਆ ਕਿ ਮੈਂ ਹੁਣ ਪਤੀਵਰਤਾ ਨਹੀਂ ਰਹੀ ਕਿਉਂਕਿ ਮੇਰੇ ਪਤੀ ਇਕ ਦਿਨ ਲਈ ਬਾਹਰ ਗਏ ਹੋਏ ਸਨ ਤੇ ਪਿਛੋਂ ਮੇਰਾ ਭਰਾ ਆਇਆ ਜੋ ਬੰਬਈ ਰਹਿੰਦਾ ਸੀ। ਉਹ ਅੰਬ ਲੈ ਕੇ ਆਇਆ ਸੀ। ਮੈਂ ਉਹ ਅੰਬ ਸਾਰੇ ਆਪ ਹੀ ਚੂਪ ਲਏ ਤੇ ਆਪਣੇ ਪਤੀ ਵਾਸਤੇ ਨਹੀਂ ਰੱਖੇ, ਇਸ ਕਰਕੇ ਮੈਨੂੰ ਮਾਫ ਕਰ ਦੇਣਾ ਕਿਉਂਕਿ ਮੈਂ ਆਪਣਾ ਪਤੀਵਰਤਾ ਧਰਮ ਹਾਰ ਬੈਠੀ ਹਾਂ।

ਇਸੇ ਤਰ੍ਹਾਂ ਚਾਰ ਪੰਜ ਥਾਂ ਤੇ ਪੜਤਾਲ ਕੀਤੀ ਤੇ ਆਖਰ ਕਿਸੇ ਨੇ ਦੱਸ ਪਾਈ ਕਿ ਫਲਾਣੇ ਪਿੰਡ ਵਿਚ ਇਕ ਚੰਡਾਲ ਰਹਿੰਦਾ ਹੈ, ਉਸ ਦੀ ਪਤਨੀ ਪਤੀਵਰਤਾ ਹੈ। ਰਾਜੇ ਦੇ ਅਧਿਕਾਰੀ ਉਸ ਕੋਲ ਪਹੁੰਚੇ ਤੇ ਬੇਨਤੀ ਕੀਤੀ ਕਿ ਸਰੋਵਰ ਵਿਚ ਤੁਹਾਡੇ ਚਰਨ ਪਾਉਣ ਨਾਲ ਸਰੋਵਰ ਦਾ ਜਲ ਪਵਿੱਤਰ ਹੋ ਜਾਏਗਾ, ਤੁਸੀਂ ਸਾਡੇ ਨਾਲ ਚੱਲੋ, ਇਹ ਬਾਦਸ਼ਾਹ ਦਾ ਹੁਕਮ ਹੈ। ਉਸ ਨੇ ਕਿਹਾ ਠੀਕ ਹੈ, ਇਹ ਰਾਜੇ ਦਾ ਹੁਕਮ ਹੈ ਪਰੰਤੂ ਮੇਰੇ ਵਾਸਤੇ ਮੇਰੇ ਪਤੀ ਪ੍ਰਮੇਸ਼ਰ ਦਾ ਹੁਕਮ ਹੀ ਸਭ ਤੋਂ ਵੱਡਾ ਹੈ। ਉਹ ਬਾਹਰ ਗਏ ਹੋਏ ਹਨ ਤੇ ਉਨ੍ਹਾਂ ਦੀ ਆਗਿਆ ਬਿਨਾਂ ਮੈਂ ਤੁਹਾਡੇ ਨਾਲ ਨਹੀਂ ਜਾ ਸਕਦੀ। ਉਸ ਦੇ ਪਤੀ ਨੂੰ ਬੁਲਾ ਕੇ ਲਿਆਂਦਾ ਗਿਆ ਤੇ ਸਾਰੀ ਗੱਲ

ਸਮਝਾਈ ਗਈ। ਉਸ ਨੇ ਕਿਹਾ ਠੀਕ ਹੈ, ਜੇਕਰ ਐਸਾ ਪਰਉਪਕਾਰ ਦਾ ਕੰਮ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ।, ਮੇਰੀ ਪਤਨੀ ਚਰਨ ਪਾ ਸਕਦੀ ਹੈ ਉਸ ਪਤੀਵਰਤਾ ਬੀਬੀ ਨੇ ਜਦੋਂ ਸਰਵੋਰ ਵਿਚ ਚਰਨ ਪਾਏ ਤਾਂ ਸਰੋਵਰ ਦਾ ਜਲ ਸਵੱਛ ਤੇ ਨਿਰਮਲ ਹੋ ਗਿਆ। ਕਈ ਪ੍ਰੇਮੀਆਂ ਦਾ ਵਿਚਾਰ ਹੁੰਦਾ ਹੈ ਕਿ ਐਸਾ ਵੀ ਹੋ ਜਾਂਦਾ ਹੈ? ਇਤਿਹਾਸ ਗਵਾਹ ਹੈ ਕਿ ਤ੍ਰੇਤੇ ਜੁਗ ਵਿਚ ਸ੍ਰੀ ਰਾਮ ਚੰਦਰ ਜੀ ਜਦੋਂ ਬਨਵਾਸ ਕੱਟ ਕੇ ਆ ਰਹੇ ਸਨ ਤਾਂ ਰਿਸ਼ੀਆਂ ਨੇ ਬੇਨਤੀ ਕੀਤੀ ਕਿ ਮਹਾਰਾਜ! ਪੰਪਾਸਰ ਸਰੋਵਰ ਦਾ ਜਲ ਅਪਵਿੱਤਰ ਹੋ ਗਿਆ ਹੈ ਤੇ ਇਸ ਵਿਚ ਕੀੜੇ ਪੈ ਗਏ ਹਨ ਤਾਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੇ ਕਿਹਾ ਕਿ ਤੁਸੀਂ ਇਸ ਵਿਚ ਆਪਣੇ ਚਰਨ ਪਾਵੋ, ਠੀਕ ਹੋ ਜਾਵੇਗਾ, ਪਰ ਠੀਕ ਨਾ ਹੋਇਆ ਤੇ ਫੇਰ ਕਿਹਾ ਕਿ ਤੁਸੀਂ ਭੀਲਣੀ ਨੂੰ ਕਹੋ, ਉਸ ਦੇ ਚਰਨ ਪੁਆਓ। ਜਦੋਂ ਭੀਲਣੀ ਨੇ ਚਰਨ ਪਾਏ ਤਾਂ ਜਲ ਪਵਿੱਤਰ ਹੋ ਗਿਆ।

ਸਾਸ਼ਤਰਾਂ ਦਾ ਮੱਤ ਹੈ ਕਿ ਪਤੀਵਰਤਾ ਇਸਤਰੀ ਉਹ ਹੁੰਦੀ ਹੈ ਜਿਸ ਨੇ ਕਦੀ ਪਰਾਏ ਮਰਦ ਦਾ ਸੁਪਨੇ ਵਿਚ ਵੀ ਚਿੰਤਨ ਨਾ ਕੀਤਾ ਹੋਵੇ, ਉਸ ਦੇ ਤਪ ਦਾ ਸਦਕਾ ਉਸ ਦਾ ਪਤੀ ਪੰਜ ਹਜ਼ਾਰ ਸਾਲ ਤਕ ਸਵਰਗ ਭੋਗਦਾ ਹੈ। ਜਿਸ ਇਸਤ੍ਰੀ ਨੇ ਪਰਾਏ ਮਰਦ ਦਾ ਚਿੰਤਨ ਤਾਂ ਸੁਪਨੇ ਵਿਚ ਕੀਤਾ ਹੋਵੇ ਪਰ ਉਸ ਦਾ ਸੰਗ ਨਾ ਕੀਤਾ ਹੋਵੇ ਤਾਂ ਉਸ ਪਤਨੀ ਦਾ ਪਤੀ ਪੰਜ ਸੌ ਸਾਲ ਸਵਰਗ ਭੋਗਦਾ ਹੈ।

ਇਸੇ ਤਰ੍ਹਾਂ ਇਕ ਹੋਰ ਇਤਿਹਾਸਕ ਜ਼ਿਕਰ ਹੈ ਕਿ ਰਾਜਾ ਭੋਜ ਇਕ ਬਹੁਤ ਇਨਸਾਫ ਪਸੰਦ ਤੇ ਧਰਮੀ ਰਾਜਾ ਸੀ। ਆਪਣੀ ਪਰਜਾ ਦੇ ਦੁਖ ਸੁਖ ਨੂੰ ਦੇਖਣ ਲਈ ਉਹ ਰਾਤ ਦੇ ਸਮੇਂ ਬੀਰ ਯਾਤਰਾ ਕਰਿਆ ਕਰਦਾ ਸੀ। ਇਸ ਤਰ੍ਹਾਂ ਜਦੋਂ ਉਹ ਇਕ ਦਿਨ ਭੇਸ ਵਟਾ ਕੇ ਬੀਰ ਯਾਤਰਾ ਕਰ ਰਿਹਾ ਸੀ ਤਾਂ ਉਹ ਦੇਖਦਾ ਹੈ ਕਿ ਇਸਤ੍ਰੀ ਦੇ ਕੋਲ ਉਸ ਦਾ ਪਤੀ ਉਸ ਦੀ ਲੱਤ ਦਾ ਢਾਸਣਾ ਲਾ ਕੇ ਸੁੱਤਾ ਪਿਆ ਹੈ ਅਤੇ ਕੋਲ ਉਨ੍ਹਾਂ ਦਾ ਛੋਟਾ ਜਿਹਾ ਬਾਲਕ ਖੇਡ ਰਿਹਾ ਹੈ। ਸਰਦੀ ਦਾ ਮੌਸਮ ਹੋਣ ਕਰਕੇ ਥੋੜ੍ਹੇ ਫਾਸਲੇ ਤੇ ਇਕ ਕੁੰਡ ਵਿਚ ਲਕੜਾਂ ਰੱਖ ਕੇ ਅੱਗ ਬਾਲੀ ਹੋਈ ਹੈ ਜਿਸ ਦਾ ਸੇਕ ਉਨ੍ਹਾਂ ਨੂੰ ਸਰਦੀ ਤੋਂ ਬਚਾ ਰਿਹਾ ਹੈ। ਇਤਨੇ ਨੂੰ ਬਾਲਕ ਖੇਡਦਾ ਖੇਡਦਾ ਅਗਨੀ ਕੁੰਡ ਵਲ ਚਲਾ ਜਾਂਦਾ ਹੈ। ਇਸਤ੍ਰੀ ਆਪਣੇ ਪਤੀਵਰਤਾ ਧਰਮ ਵਿਚ ਕਾਇਮ ਸੀ ਤੇ ਉਸ ਨੇ ਸੋਚਿਆ ਕਿ ਜੇਕਰ ਉਹ ਉਠਦੀ ਹੈ ਤਾਂ ਪਤੀ ਦੀ ਨੀਂਦ ਵਿਚ ਵਿਘਨ ਪੈਂਦਾ ਹੈ ਤੇ ਜੇਕਰ ਨਹੀਂ ਉਠਦੀ ਤਾਂ ਬਾਲਕ ਅੱਗ ਵਿਚ ਸੜ ਜਾਵੇਗਾ। ਉਸ ਦੇ ਵੇਖਦੇ ਵੇਖਦੇ ਬਾਲਕ ਅਗਨ ਕੁੰਡ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਥੋੜ੍ਹੀ ਦੇਰ ਬਾਅਦ ਉਸ ਦਾ ਪਤੀ ਉਠਦਾ ਹੈ ਤੇ ਬੱਚੇ ਬਾਰੇ ਪੁਛਦਾ ਹੈ ਤਾਂ ਉਸ ਨੇ ਦੱਸਿਆ ਕਿ ਉਹ ਤਾਂ ਅਗਨ ਕੁੰਡ ਵਿਚ ਪ੍ਰਵੇਸ਼ ਕਰ ਗਿਆ ਤਾਂ ਪਤੀ ਬੁਰਾ ਭਲਾ ਕਹਿੰਦਾ ਹੋਇਆ ਅਗਨ ਕੁੰਡ ਵਲ ਨੂੰ ਜਾਂਦਾ ਹੈ, ਕੀ ਵੇਖਦਾ ਹੈ ਕਿ ਬਾਲਕ ਅਗਨੀ ਕੁੰਡ ਵਿਚ ਖੇਡ ਰਿਹਾ ਹੈ। ਜਦੋਂ ਉਸ ਨੂੰ ਚੁੱਕਣ ਲਗਦਾ ਹੈ ਤਾਂ ਅਗਨੀ ਪਰਚੰਡ ਹੋ ਕੇ ਉਸ ਵਲ ਨੂੰ ਭਜਦੀ ਹੈ ਭਾਵ ਅਗਨੀ ਦੀਆਂ ਲਾਟਾਂ ਉਸ ਵਲ ਨੂੰ ਜ਼ੋਰ ਦੀ ਆਉਂਦੀਆਂ ਹਨ ਉਹ ਡਰ ਜਾਂਦਾ ਹੈ ਪਰ ਜਦੋਂ ਉਹ ਪਤੀਵਰਤਾ ਇਸਤ੍ਰੀ ਉਸ ਬਾਲਕ ਨੂੰ ਚੁੱਕਣ ਲਈ ਜਾਂਦੀ ਹੈ ਤਾਂ ਉਹ ਸਹਿਜ ਨਾਲ ਉਸ ਬਾਲਕ ਨੂੰ ਜਿਉਂ ਦਾ ਤਿਉਂ ਅਗਨੀ ਵਿਚੋਂ ਕੱਢ ਲਿਆਉਂਦੀ ਹੈ। ਇਹ ਘਟਨਾ ਦੇਖ ਕੇ ਰਾਜਾ ਭੋਜ ਉਸ ਦੇ ਪਤੀਵਰਤਾ ਧਰਮ ਤੋਂ ਖੁਸ਼ ਹੋ ਕੇ ਨਮਸਕਾਰ ਕਰਕੇ ਚਲੇ ਜਾਂਦੇ ਹਨ।

ਸਤੀ ਅਨਸੂਹੀਆਂ ਵੀ ਪੁਰਾਤਨ ਸਮੇਂ ਦੀ ਇਕ ਮਹਾਨ ਪਤੀਵਰਤਾ ਇਸਤ੍ਰੀ ਹੋ ਗੁਜ਼ਰੀ ਹੈ ਜਿਸ ਦਾ ਪਤੀ ਪਿੰਗਲਾ ਸੀ ਤੇ ਚੱਲਣ ਫਿਰਨ ਤੋਂ ਅਸਮਰੱਥ ਸੀ। ਇਕ ਦਿਨ ਉਹ ਆਪਣੇ ਪਿੰਗਲੇ ਪਤੀ ਨੂੰ ਟੋਕਰੇ ਵਿਚ ਪਾ ਕੇ ਸਿਰ ਤੇ ਚੁੱਕ ਕੇ ਲੈ ਜਾ ਰਹੀ ਸੀ ਤਾਂ ਅਚਾਨਕ ਉਸ ਦਾ ਟੋਕਰਾ ਮਾਂਡਵ ਰਿਸ਼ੀ ਦੀ ਸੂਲੀ ਨਾਲ ਟਕਰਾ ਗਿਆ ਜਿਸ ਨੂੰ ਕਿਸੇ ਕਾਰਨ ਵਸ ਸੂਲੀ ਦੀ ਸਜ਼ਾ ਮਿਲੀ ਹੋਈ ਸੀ। ਟੱਕਰ ਹੋਣ ਨਾਲ ਮਾਂਡਵ ਰਿਸ਼ੀ ਨੂੰ ਸਰੀਰਕ ਕਸ਼ਟ ਹੋਇਆ ਤੇ ਬਹੁਤ ਕ੍ਰੋਧਿਤ ਹੋ ਕੇ ਅਨਸੂਹੀਆ ਨੂੰ ਸਰਾਪ ਦੇ ਦਿਤਾ ਕਿ ਜਿਸਨੂੰ ਤੂੰ ਸਿਰ ਤੇ ਚੁੱਕੀ ਫਿਰਦੀ ਹੈਂ, ਦਿਨ ਚੜ੍ਹਦੇ ਸਾਰ ਇਸ ਦੀ ਮੌਤ ਹੋ ਜਾਵੇਗੀ। ਇਹ ਸੁਣ ਕੇ ਸਤੀ ਅਨਸੂਹੀਆ ਨੇ ਪ੍ਰਭੂ ਅੱਗੇ ਬੇਨਤੀ ਕੀਤੀ ਕਿ ਹੇ ਪ੍ਰਭੂ! ਜੇਕਰ ਮੈਂ ਆਪਣੇ ਪਤੀਵਰਤਾ ਧਰਮ ਵਿਚ ਕਾਇਮ ਹਾਂ ਤਾਂ ਕੱਲ੍ਹ ਨੂੰ ਸੂਰਜ ਉਦੈ ਨਾ ਹੋਵੇ ਤੇ ਇਸੇ ਤਰ੍ਹਾਂ ਹੋਇਆ। ਸੰਸਾਰ ਵਿਚ ਅੰਧਕਾਰ ਛਾ ਗਿਆ, ਦੁਖੀਆਂ ਦੀ ਚੀਖ ਪੁਕਾਰ ਪ੍ਰਭੂ ਦੇ ਦਰਬਾਰ ਵਿਚ ਪਹੁੰਚੀ, ਪ੍ਰਭੂ ਜੀ ਦੇ ਥਾਪੇ ਹੋਏ ਤਿੰਨੇ ਮੁਖ ਦੇਵਤੇ ਬ੍ਰਹਮਾ ਜੀ, ਵਿਸ਼ਨੂੰ ਜੀ ਅਤੇ ਸ਼ਿਵ ਜੀ ਉਸ ਦੇ ਸਨਮੁਖ ਹਾਜ਼ਰ ਹੋਏ ਤਾਂ ਅਨਸੂਹੀਆਂ ਨੇ 'ਜੀ ਆਇਆਂ ਆਖਿਆ, ਨਮਸਕਾਰ ਕੀਤੀ, ਕਹਿਣ ਲੱਗੀ ਆਪ ਜੀ ਨੇ ਕਿਵੇਂ ਦਰਸ਼ਨ ਦਿਤੇ? ਕਹਿਣ ਲੱਗੇ, ਅਸੀਂ ਤੇਰੇ ਪਤੀਵਰਤਾ ਧਰਮ ਤੋਂ ਪ੍ਰਸੰਨ ਹਾਂ ਤੇ ਵਰ ਦਿੰਦੇ ਹਾਂ, ਤੇਰੇ ਪਤੀ ਨੂੰ ਨੌ ਬਰ ਨੌ ਕਰਦੇ ਹਾਂ ਤੇ ਇਸ ਦੀ ਮੌਤ ਨਹੀਂ ਹੋਵੇਗੀ, ਤੂੰ ਆਪਣਾ ਬਚਨ ਵਾਪਸ ਲੈ। ਕਹਿਣ ਲੱਗੀ, ਮਹਾਰਾਜ! ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ। ਇਸ ਤਰ੍ਹਾਂ ਸੂਰਜ ਉਦੈ ਹੋਇਆ ਤੇ ਸੰਸਾਰ ਵਿਚ ਜੀਵਨ ਲਹਿਰ ਵਾਪਸ ਆਈ। ਇਹ ਉਸ ਦੇ ਪਤੀਵਰਤਾ ਧਰਮ ਦੀ ਹੀ ਕਰਾਮਾਤ ਸੀ ਕਿ ਉਸ ਨੇ ਆਪਣੇ ਪਤੀ ਨੂੰ ਪ੍ਰਭੂ ਪਾਸੋਂ ਜੀਵਨ ਦਾਨ ਹੀ ਨਹੀਂ ਲੈ ਕੇ ਦਿਤਾ ਸਗੋਂ ਅਰੋਗ ਵੀ ਕਰਵਾ ਦਿਤਾ।

ਬਾਬਾ ਫਰੀਦ ਜੀ ਬਾਰੇ ਵੀ ਇਤਿਹਾਸਕ ਜ਼ਿਕਰ ਹੈ ਕਿ ਪਹਿਲੀ ਵਾਰ ਤਪੱਸਿਆ ਕਰਕੇ ਜਦੋਂ ਵਾਪਸ ਪਰਤ ਰਹੇ ਸਨ ਤਾਂ ਰਸਤੇ ਵਿਚ ਚਿੜੀਆਂ ਨੂੰ ਮਾਰ ਜਿਵਾਲਣ ਪਰਤਾਵਾ ਲੈਣ ਨਾਲ ਅੰਦਰੂਨੀ ਸ਼ਕਤੀ ਦਾ ਮਾਣ ਪ੍ਰਾਪਤ ਹੋ ਗਿਆ। ਅੱਗੇ ਜਾ ਕੇ ਪਿੰਡ ਦੇ ਬਾਹਰ ਇਕ ਬੀਬੀ ਖੂਹ 'ਚੋਂ ਪਾਣੀ ਕੱਢ ਕੇ ਬਾਹਰ ਸੁੱਟ ਰਹੀ ਸੀ ਪਰੰਤੂ ਉਸ ਦਾ ਫਰੀਦ ਨੂੰ ਪਾਣੀ ਪਿਲਾਉਣ ਲਈ ਮਨ ਨਹੀਂ ਕੀਤਾ ਸਗੋਂ ਇੰਤਜ਼ਾਰ ਕਰਨ ਲਈ ਕਿਹਾ। ਐਨੇ ਨੂੰ ਇਕ ਹੋਰ ਮੁਸਾਫਿਰ ਖੂਹ ਤੇ ਪਾਣੀ ਪੀਣ

ਲਈ ਆਇਆ ਤਾਂ ਉਸ ਬੀਬੀ ਨੇ ਉਸ ਨੂੰ ਪਾਣੀ ਪਿਲਾ ਦਿਤਾ। ਤਪੱਸਿਆ ਦੇ ਬਲ ਕਾਰਨ, ਫਰੀਦ ਜੀ ਨੂੰ ਅੰਦਰੂਨੀ ਸ਼ਕਤੀ ਨੇ ਹੁਲਾਰਾ ਮਾਰਿਆ ਤੇ ਬੀਬੀ ਤੇ ਗਿਲਾ ਕੀਤਾ ਕਿ ਬੀਬਾ! ਮੈਂ ਕਿੰਨੀ ਦੇਰ ਤੋਂ ਖੜ੍ਹਾ ਹਾਂ, ਮੈਨੂੰ ਪਾਣੀ ਕਿਉਂ ਨਹੀਂ ਪਿਲਾਇਆ? ਤੈਨੂੰ ਪਤਾ ਹੈ ਮੈਂ ਸਰਾਪ ਦੇ ਦਿਆਂਗਾ। ਬੀਬੀ ਨੇ ਕਿਹਾ, ਬਾਬਾ ਜੀ! ਇਹ ਚਿੜੀਆਂ ਨਹੀਂ ਹਨ ਜਿਨ੍ਹਾਂ ਨੂੰ ਮਾਰ ਦਿਓਂਗੇ ਤੇ ਫੇਰ ਜਿੰਦਾ ਕਰ ਦਿਓਂਗੇ। ਇਹ ਬਚਨ ਸੁਣ ਕੇ ਉਸ ਦਾ ਗੁੱਸਾ ਠੰਢਾ ਹੋ ਗਿਆ ਤੇ ਨਿਮਰਤਾ ਵਿਚ ਆ ਗਿਆ। ਕਹਿਣ ਲੱਗਾ, ਬੀਬੀ! ਤੈਨੂੰ ਕਿਸ ਤਰ੍ਹਾਂ ਪਤਾ ਲਗ ਗਿਆ ਕਿ ਮੈਂ ਇਹ ਕੌਤਕ ਕੀਤਾ ਹੈ? ਕਹਿਣ ਲੱਗੀ, ਮੈਂ ਪਤੀਵਰਤਾ ਇਸਤ੍ਰੀ ਹਾਂ ਤੇ ਇਹ ਸ਼ਕਤੀ ਮੈਨੂੰ ਪਤੀ ਸੇਵਾ ਤੋਂ ਪ੍ਰਾਪਤ ਹੋਈ ਹੈ। ਬਾਬਾ ਫਰੀਦ ਜੀ ਨੇ ਸਿਜਦਾ ਕੀਤਾ ਅਤੇ ਕਿਹਾ, ਬੀਬੀ! ਤੂੰ ਧੰਨ ਹੈਂ, ਜਿਹੜੀ ਸ਼ਕਤੀ ਮੈਂ ਬਾਰਾਂ ਸਾਲ ਤਪ ਕਰਕੇ ਪ੍ਰਾਪਤ ਕੀਤੀ ਹੈ, ਤੂੰ ਸਹਿਜੇ ਹੀ ਕਿਸ ਤਰ੍ਹਾਂ ਇਹ ਅਵਸਥਾ ਪ੍ਰਾਪਤ ਕਰ ਲਈ ਹੈ? ਉਸ ਨੇ ਦੱਸਿਆ ਕਿ ਮੇਰੇ ਪਤੀ ਭਜਨ ਬੰਦਗੀ ਕਰਨ ਵਾਲੇ, ਧਰਮ ਦੀ ਕਿਰਤ ਕਰਨ ਵਾਲੇ, ਨੇਕ ਦਿਲ ਇਨਸਾਨ ਹਨ। ਉਹ ਕਿਸੇ ਨਾਲ ਈਰਖਾ, ਦ੍ਵੈਸ਼ ਨਹੀਂ ਰਖਦੇ ਤੇ ਨਾ ਹੀ ਨਿੰਦਿਆ, ਚੁਗਲੀ ਕਰਦੇ ਹਨ। ਇਕ ਦਿਨ ਅਚਾਨਕ ਰਾਤ ਨੂੰ ਉਨ੍ਹਾਂ ਨੇ ਪਾਣੀ ਮੰਗਿਆ ਤੇ ਮੈਂ ਪਾਣੀ ਲੈ ਆਈ ਤਾਂ ਵੇਖਿਆ ਉਹ ਸੌਂ ਗਏ ਹਨ। ਮੈਂ ਇਸੇ ਤਰ੍ਹਾਂ ਪਾਣੀ ਲੈ ਕੇ ਸਾਰੀ ਰਾਤ ਖੜ੍ਹੀ ਰਹੀ ਕਿ ਨੀਂਦ ਵਿਚੋਂ ਜਦੋਂ ਵੀ ਉਠਣਗੇ ਤਾਂ ਪਾਣੀ ਪੀ ਲੈਣਗੇ। ਜਦੋਂ ਅੰਮ੍ਰਿਤ ਵੇਲੇ ਉਠੇ ਤੇ ਮੇਰੇ ਹੱਥ ਵਿਚ ਪਾਣੀ ਦਾ ਗਲਾਸ ਦੇਖ ਕੇ ਹੈਰਾਨਗੀ ਨਾਲ ਪੁਛਿਆ। ਮੈਂ ਦੱਸਿਆ ਤੁਸੀਂ ਰਾਤ ਨੀਂਦ ਵਿਚ ਅਚਾਨਕ ਪਾਣੀ ਮੰਗਿਆ ਸੀ ਤੇ ਮੈਂ ਸੋਚਿਆ ਕਿਤੇ ਫੇਰ ਨਾ ਮੰਗ ਲੈਣ, ਮੈਂ ਇਸੇ ਤਰ੍ਹਾਂ ਆਪ ਦੀ ਸੇਵਾ ਵਿਚ ਖੜ੍ਹੀ ਹਾਂ।

ਉਹ ਸੇਵਾ ਤੋਂ ਪ੍ਰਸੰਨ ਹੋਏ ਤੇ ਇਹ ਬਖਸ਼ਿਸ਼ ਹੋ ਗਈ ਜਿਸ ਕਰਕੇ ਆਪ ਨੂੰ ਇਹ ਕਹਿ ਕੇ ਟਾਲਣਾ ਪਿਆ ਕਿਉਂਕਿ ਉਸ ਵੇਲੇ ਮੇਰੀ ਭੈਣ ਦੇ ਘਰ ਨੂੰ ਅੱਗ ਲੱਗੀ ਹੋਈ ਸੀ, ਪਾਣੀ ਜ਼ਮੀਨ ਤੇ ਇਸ ਕਰਕੇ ਡੋਲ ਰਹੀ ਸੀ ਤੇ ਅੱਗ ਬੁਝਾ ਰਹੀ ਸੀ। ਉਸ ਮੁਸਾਫਿਰ ਨੂੰ ਮੈਂ ਪਾਣੀ ਪਹਿਲਾਂ ਇਸ ਲਈ ਪਿਲਾਇਆ ਸੀ ਕਿਉਂਕਿ ਉਸ ਦੇ ਉਹ ਦਿਬ੍ਯ ਨੇਤਰ ਨਹੀਂ ਸਨ ਪਰ ਤੁਸੀਂ ਤਾਂ ਖੁਦਾ ਦੀ ਬੰਦਗੀ ਵਾਲੇ ਸੀ ਇਸ ਲਈ ਇੰਤਜ਼ਾਰ ਕਰਵਾਇਆ ਸੀ। ਸੋ ਮੈਂ ਇਸ ਗੁਸਤਾਖੀ ਦੀ ਮਾਫੀ ਚਾਹੁੰਦੀ ਹਾਂ। ਫਰੀਦ ਜੀ ਉਸ ਦੇ ਪਤੀਵਰਤਾ ਧਰਮ ਤੇ ਬਲਿਹਾਰ ਹੁੰਦੇ ਹੋਏ ਅੱਗੇ ਚਲ ਪਏ।

ਪਤੀਵਰਤਾ ਧਰਮ ਦੀ ਮਹਿਮਾ ਨੂੰ ਦਰਸਾਉਣ ਵਾਲਾ ਇਕ ਹੋਰ ਪ੍ਰਸੰਗ ਵੀ ਇਸੇ ਪ੍ਰਥਾਇ ਵਰਨਣ ਹੈ ਜੋ ਕਿ ਸਿੱਖ ਜਗਤ ਵਿਚ ਆਮ ਤੌਰ ਤੇ ਸਾਰੇ ਇਸ ਦੀ ਜਾਣਕਾਰੀ ਰਖਦੇ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪਵਿੱਤਰ ਸਰੋਵਰ ਇਕ ਪਤੀਵਰਤਾ ਬੀਬੀ ਰਜਨੀ ਕਰਕੇ ਹੀ ਪ੍ਰਗਟ ਹੋਇਆ ਸੀ। ਬੀਬੀ ਰਜਨੀ ਪੱਟੀ ਦੇ ਰਾਜੇ ਦੁਨੀਚੰਦ ਦੀਆਂ ਸੱਤ ਲੜਕੀਆਂ ਵਿਚੋਂ ਸਭ ਤੋਂ ਛੋਟੀ ਸੀ ਜਿਸਨੂੰ ਆਪਣੀ ਪ੍ਰਾਲਬਧ ਅਤੇ ਵਾਹਿਗੁਰੂ ਤੇ ਪੂਰਨ ਭਰੋਸਾ ਸੀ, ਉਸ ਦੇ ਇਸ ਭਰੋਸੇ ਤੇ ਦ੍ਰਿੜ੍ਹਤਾ ਨੂੰ ਪਰਖਣ ਵਾਸਤੇ ਉਸ ਦੇ ਨਿਰਦਈ ਪਿਤਾ ਨੇ ਉਸ ਦਾ ਵਿਆਹ ਇਕ ਪਿੰਗਲੇ ਨਾਲ ਕਰ ਦਿਤਾ ਜੋ ਨਾ ਹੀ ਕੁਝ ਬੋਲ ਸਕਦਾ ਸੀ, ਨਾ ਹੀ ਚਲ ਫਿਰ ਸਕਦਾ ਸੀ, ਨਾ ਹੀ ਆਪਣੀ ਕਿਰਿਆ ਕਰ ਸਕਦਾ ਸੀ। ਰਜਨੀ ਉਸ ਨੂੰ ਆਪਣਾ ਪਤੀ ਪ੍ਰਮੇਸ਼ਰ ਸਮਝ ਕੇ ਉਸ ਦੀ ਸੇਵਾ ਕਰਦੀ ਰਹੀ, ਸਮਾਂ ਲੰਘਦਾ ਗਿਆ ਤੇ ਉਸ ਨੇ ਅਨੇਕਾਂ ਮੁਸ਼ਕਲਾਂ ਦੇ ਬਾਵਜੂਦ ਵੀ ਆਪਣਾ ਪਤੀਵਰਤਾ ਧਰਮ ਕਾਇਮ ਰੱਖਿਆ ਤੇ ਐਸੇ ਭੈੜੇ (adverse) ਹਾਲਾਤ ਵਿਚ ਵੀ ਜੀਵਨ ਬਤੀਤ ਕਰਕੇ ਇਸ ਨੂੰ ਪ੍ਰਭੂ ਦਾ ਭਾਣਾ ਮੰਨਦੀ ਰਹੀ। ਦੇਵਨੇਤ ਨਾਲ ਉਹ ਇਕ ਦਿਨ ਰਾਮਦਾਸਪੁਰ, ਜਿਥੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਨਿਵਾਸ ਸੀ, ਉਥੇ ਪਹੁੰਚ ਗਈ। ਆਪਣੇ ਪਤੀ ਨੂੰ ਬਾਹਰ ਹੀ ਦੂਰ ਵਿੱਥ ਉਤੇ ਇਕ ਬੇਰੀ ਦੇ ਦਰਖਤ ਹੇਠਾਂ ਬਿਠਾ ਕੇ ਡੇਰੇ ਵਿਚ ਪਹੁੰਚ ਗਈ ਤੇ ਉਥੇ ਸੇਵਾ ਕਰਦੀ ਰਹੀ, ਕੁਝ ਸਮੇਂ ਪਿਛੋਂ ਗੁਰੂ ਕੇ ਲੰਗਰ ਵਿਚੋਂ ਪਤੀ ਵਾਸਤੇ ਪ੍ਰਸ਼ਾਦੇ ਲੈ ਲਏ।

ਉਧਰ ਉਸ ਦੇ ਪਤੀਵਰਤਾ ਧਰਮ ਨੂੰ ਪਾਲਣ ਤੇ ਸੇਵਾ ਦਾ ਫਲ ਲੱਗਣ ਦਾ ਸਮਾਂ ਵੀ ਆ ਚੁਕਿਆ ਸੀ। ਉਸ ਦੇ ਪਤੀ ਨੇ ਬੈਠਿਆਂ ਇਕ ਅਜੀਬ ਕੌਤਕ ਦੇਖਿਆ ਕਿ ਬੇਰੀ ਦੇ ਕੰਢੇ ਛੱਪੜ ਵਿਚ ਕਾਲੇ ਕਾਂ ਇਸ਼ਨਾਨ ਕਰਕੇ ਚਿੱਟੇ-ਸਫੇਦ ਹੋ ਕੇ ਨਿਕਲ ਰਹੇ ਹਨ। ਉਸ ਨੇ ਵੀ ਹਿੰਮਤ ਕੀਤੀ ਤੇ ਘਿਸਰਦਾ ਹੋਇਆ ਛੱਪੜ ਕੋਲ ਪਹੁੰਚਿਆ ਤੇ ਨਿਰਣਾ ਕਰਨ ਲਈ ਆਪਣੀ ਇਕ ਉਂਗਲ ਪਾਣੀ ਵਿਚ ਪਾਈ ਤੇ ਥੋੜ੍ਹੀ ਦੇਰ ਬਾਅਦ ਦੇਖਿਆ ਤਾਂ ਅਰੋਗ ਹੋ ਗਈ। ਉਸਨੂੰ ਹੌਂਸਲਾ ਹੋਇਆ ਤੇ ਥੋੜ੍ਹੀ ਹੋਰ ਹਿੰਮਤ ਕਰਕੇ ਪੂਰੀ ਤਰ੍ਹਾਂ ਨਾਲ ਛੱਪੜ ਦੇ ਜਲ ਵਿਚ ਆਪਣੇ ਸਰੀਰ ਦਾ ਇਸ਼ਨਾਨ ਕਰਾਇਆ, ਉਸ ਦਾ ਸਰੀਰ ਕੰਚਨ ਵਰਗਾ ਹੋ ਗਿਆ ਜਿਵੇਂ ਕਿ ਕਾਂ ਹੰਸਾਂ ਵਰਗੇ ਹੋ ਕੇ ਨਿਕਲ ਰਹੇ ਸਨ।

ਇਧਰ ਰਜਨੀ ਜਦੋਂ ਕੋਲ ਪਹੁੰਚੀ ਤਾਂ ਉਸ ਦੇ ਟੋਕਰੇ ਕੋਲ ਇਕ ਸੁੰਦਰ ਨੌਜਵਾਨ ਨੂੰ ਦੇਖ ਕੇ ਹੈਰਾਨ ਹੋ ਗਈ ਤੇ ਮਨ ਵਿਚ ਵਿਚਾਰ ਆਈ ਕਿ ਇਸ ਨੇ ਮੇਰੇ ਪਤੀ ਨੂੰ ਮਾਰ ਦਿਤਾ ਹੋਵੇਗਾ। ਉਸ ਨੂੰ ਪੁਛਿਆ, ਤੂੰ ਕੌਣ ਹੈਂ ਤੇ ਮੇਰਾ ਪਤੀ ਕਿਥੇ ਹੈ? ਉਸ ਨੇ ਕਿਹਾ ਕਿ ਰਜਨੀ! ਮੈਂ ਹੀ ਤੇਰਾ ਪਿੰਗਲਾ ਪਤੀ ਹਾਂ, ਪ੍ਰਮਾਤਮਾ ਨੇ ਤੇਰੀ ਤਪੱਸਿਆ ਨੂੰ ਫਲੀਭੂਤ ਕੀਤਾ ਹੈ ਮੈਂ ਔਹ ਸਾਮ੍ਹਣੇ ਵਾਲੀ ਛਪੜੀ ਵਿਚ ਇਸ਼ਨਾਨ ਕਰਕੇ ਨਵਾਂ ਨਰੋਆ ਤੇ ਅਰੋਗ ਹੋ ਗਿਆ ਹਾਂ। ਉਸਨੂੰ ਕਾਵਾਂ ਦੇ ਚਿੱਟੇ ਹੋਣ ਵਾਲੀ ਸਾਰੀ ਵਾਰਤਾ ਦੱਸੀ ਤੇ ਨਿਸ਼ਾਨੀ ਵਜੋਂ ਆਪਣੀ ਉਂਗਲ ਵੀ ਵਿਖਾਈ ਜੋ ਉਸ ਨੇ ਰੱਖ ਲਈ ਸੀ ਤੇ ਉਸ ਦੇ ਸਾਮ੍ਹਣੇ ਜਲ ਵਿਚ ਪਾ ਕੇ ਵਿਖਾਈ, ਉਹ ਠੀਕ ਹੋ ਗਈ। ਪਰ ਰਜਨੀ ਨੂੰ ਫਿਰ ਵੀ ਯਕੀਨ ਨਾ ਆਇਆ। ਕਹਿਣ ਲੱਗੀ ਤੂੰ ਮੈਨੂੰ ਧੋਖਾ ਦਿਤਾ ਹੈ, ਤੂੰ ਮੇਰੇ ਪਤੀ ਨੂੰ ਮਾਰ ਕੇ ਸੁੱਟ ਦਿਤਾ ਹੈ, ਮੈਂ ਤੈਨੂੰ ਗੁਰੂ ਦੇ ਦਰਬਾਰ ਵਿਚ ਪੇਸ਼ ਕਰਾਂਗੀ ਤੇ ਗੁਰੂ ਮਹਾਰਾਜ ਤੋਂ ਇਨਸਾਫ ਕਰਵਾਵਾਂਗੀ।

(ਬਾਕੀ ਪੰਨਾ 53 ਤੇ)

# ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ***

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ ਪੰਨਾ - 52 )*

ਸ਼ਬਦ ਸੁਰਤ ਦੇ ਨਾਲ ਬਹੁਤ ਸਾਰੀਆਂ ਚੀਜ਼ਾਂ ਦੇਖਣ ਵਾਸਤੇ ਵੀ ਆਉਂਦੀਆਂ ਹਨ, ਸੁਣਨ ਵਾਸਤੇ ਵੀ ਆਉਂਦੀਆਂ ਹਨ। ਵੀਚਾਰ ਦੇ ਨਾਲ ਹੌਲੀ-ਹੌਲੀ ਮੰਨਣ ਦੇ ਨਾਲ ਉਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਕ ਥਾਂ ਐਸਾ ਫੁਰਮਾਨ ਆਉਂਦਾ ਹੈ ਕਿ -

***ਦੀਪਕ ਜਾਰ ਬਿਨ ਤੇਲੇ ਭਉਰ ਦੇਖ ਲਪਟਾਨੇ।***

ਉਹ ਜਿਹੜੀ ਅਵਸਥਾ ਹੈ ਉਸ ਥਾਂ ਦਾ ਜ਼ਿਕਰ ਹੈ -

***ਇਹ ਘਟ ਭੀਤਰ ਜੋਤ ਪਰਗਾਸੀ ਦੇਖ ਲੋਇ ਉਰਝਾਨੇ॥***
***ਨਾਨਕ ਜੋਤ ਰਲੀ ਸੰਗ ਜੋਤਹਿ, ਤਬ ਬ੍ਰਹਮ ਰੂਪ ਪ੍ਰਗਟਾਨੇ॥***
***ਪੰਨਾ - 57, ਪ੍ਰਾਣ ਸੰਗਲੀ***

ਉਸ ਵੇਲੇ ਪਰਮ ਜੋਤ ਵਿਚ ਜੋਤ ਰਲਦੀ ਹੈ। ਉਸ ਵੇਲੇ ਸਾਰੇ ਦੇਵਤੇ ਆਉਂਦੇ ਹਨ ਗੁਰੂ ਗ੍ਰੰਥ ਸਾਹਿਬ ਵਿਚ ਇਕ ਐਸਾ ਸ਼ਬਦ ਆਉਂਦਾ ਹੈ ਜਿਸ ਵਿਚ ਖੋਲ੍ਹ ਕੇ ਦਸਿਆ ਹੋਇਆ ਹੈ ਕਿ ਕਿਹੜੇ ਕਿਹੜੇ ਦੇਵਤੇ ਕਿਹੜੇ ਕਿਹੜੇ ਵਾਹਨਾਂ ਤੇ ਆਉਂਦੇ ਹਨ। ਕਿਹੜਾ ਹਾਥੀ ਤੇ ਆਉਂਦਾ ਹੈ, ਕਿਹੜਾ ਚੂਹੇ ਤੇ ਆਉਂਦਾ ਹੈ। ਉਸ ਵਿਚ ਸਾਰੇ ਦੇਵਤਿਆਂ ਦਾ ਜ਼ਿਕਰ ਆਉਂਦਾ ਹੈ -

***ਨਉ ਦਰ ਮੂੰਦ ਕਾਇਆ ਸਮ ਰਾਖੈ,***
***ਦਸਵੈ ਸਸ ਘਰਿ ਸਹਜ ਬਸੈ ।***
***ਕੋਟ ਜਨਮ ਅਘ ਸਭ ਕਾਟੈ,***
***ਸੁਖ ਮਨ ਅੰਦਰਿ ਸਹਿਜ ਰਸੈ।***
***ਪੰਨਾ - 57, ਪ੍ਰਾਣ ਸੰਗਲੀ***

ਜਨਮਾਂ ਜਨਮਾਂ ਦੇ ਕੀਤੇ ਹੋਏ ਪਾਪਾਂ ਦਾ ਨਾਸ਼ ਹੋ ਗਿਆ।

***ਕਨਿਕ ਮੰਦਰ, ਰਤਨ ਕੀ ਸਿਹਜਾ,***
***ਨਾਨਕ ਕਵਲ ਪ੍ਰਗਾਸਿ ਹਸੈ॥***
***ਪੰਨਾ - 57, ਪ੍ਰਾਣ ਸੰਗਲੀ***

ਐਨਾ ਸੁੰਦਰ ਉਹ ਥਾਂ ਹੈ ਜੋ ਦਸਿਆ ਹੀ ਨਹੀਂ ਜਾ ਸਕਦਾ। ਰਤਨਾਂ ਦੀਆਂ ਸੇਜਾਂ ਹਨ, ਸੋਨੇ ਦਾ ਮੰਦਰ ਹੈ, ਸਹਿਜ ਅਵਸਥਾ ਦਾ ਰਸ ਮਾਣਦਾ ਹੈ -

***ਮਨੂਆ ਅਨ ਤਨ ਜਾਨ ਨ ਦੇਈ॥***
***ਬੀਜ ਮੰਤੁ ਚੀਨਿ ਮਤਿ ਲੇਈ***
***ਸਭ ਇੰਦ੍ਰੀ ਕਉ ਖੋਜਿ ਬੀਚਾਰੈ***
***ਤਸਕਰ ਪੰਚ ਸ਼ਬਦਿ ਸੰਘਾਰੈ,***
***ਸਹਸਾ ਜਾਲ ਕਰੇ ਸਭ ਛੋਈ ਨਾਨਕ ਤਬ ਅਨਭੈ ਮਤਿ ਹੋਈ॥***
***ਪੰਨਾ - 57, ਪ੍ਰਾਣ ਸੰਗਲੀ***

ਜਿੰਨੇ ਵੀ ਸੰਸੇ ਨੇ, ਸਾਰਿਆਂ ਦੀ ਸੁਆਹ ਬਣਾ ਦਿੰਦਾ ਹੈ - ਜਾਲ ਕੇ -

***ਸਰਵਰ ਸੁੰਨਿ ਬਨੇ ਸਹੰਸਦਲ ਭਵਰ ਗੁਫਾ ਮਗਨਾਨੇ।***
***ਅਤਿ ਚਿਤ੍ਰ ਸਾਲ ਬਨੀ ਮਹਿਲੀ ਬਰ***
***ਜਹਾਂ ਤਹਾਂ ਸਮਾਨੇ ।***
***ਝਿਲਮਿਲ ਦਾਮਨੀ, ਗਿਮਿਝਿਮ ਬਰਸੈ,***
***ਹਸਿ ਪ੍ਰਭ ਮਿਲੈ ਨਿਰਾਰਾ॥***
***ਕਹੁ ਨਾਨਕ ਜਬ ਤਤੁ ਬੀਚਾਰਿਆ***
***ਤਬ ਪ੍ਰਗਟਿਆ ਭਾਨ ਨਿਰਾਰਾ॥***
***ਬੰਕ ਨਾਰ ਕੈ ਅੰਤਰਿ ਜਾਇ***
***ਪਛਮ ਦਿਸਿ ਕੀ ਸਭ ਸੁਧ ਪਾਇ॥***
***ਨਿਝਰ ਝਰੈ ਜਲ ਪੀਵੈ ਅਘਾਇ***
***ਭਵਰ ਗੁਫਾ ਕੈ ਘਾਟਿ ਸਮਾਇ॥***
***ਪੰਨਾ - 57, ਪ੍ਰਾਣ ਸੰਗਲੀ***

***ਹੋਏ ਮੁਕੰਦ ਕਮਲ ਲਪਟਾਨਾ***
***ਤਾ ਨਾਨਕ ਪਰਮ ਤਤ ਤਬ ਜਾਨਾ।***
***ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥***
***ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ॥***
***ਘਟਿ ਘਟਿ ਸੁੰਨ ਕਾ ਜਾਣੈ ਭੇਉ॥***
***ਆਦਿ ਪੁਰਖੁ ਨਿਰੰਜਨ ਦੇਉ॥ ਪੰਨਾ - 943***

ਇਹ ਵੀਚਾਰ ਕਿਥੋਂ ਮਿਲਦੀ ਹੈ?

***ਸਤਿਗੁਰ ਤੇ ਪਾਏ ਵੀਚਾਰਾ***
***ਸੁੰਨ ਸਮਾਧਿ ਸਚੇ ਘਰ ਬਾਰਾ॥***
***ਨਾਨਕ ਨਿਰਮਲ ਨਾਦੁ ਸਬਦ ਧੁਨਿ***
***ਸਚੁ ਰਾਮੈ ਨਾਮਿ ਸਮਾਇਦਾ॥ ਪੰਨਾ - 1038***
***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥***
***ਪੰਨਾ - 1033***

***ਝਿਲਮਿਲ ਝਿਲਕੈ ਚੰਦੁ ਨ ਤਾਰਾ॥***
***ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥***
***ਅਕਥੀ ਕਥਉ ਚਿਹਨੁ ਨਹੀ ਕੋਈ***
***ਪੂਰਿ ਰਹਿਆ ਮਨਿ ਭਾਇਦਾ॥ ਪੰਨਾ - 1033***

ਸਾਧਸੰਗਤ ਜੀ ਜਿਸ ਨੂੰ ਇਸ ਅਵਸਥਾ ਦੀ ਪ੍ਰਾਪਤੀ ਹੋ ਜਾਵੇ, ਉਹ ਅਵਸਥਾ ਸਹਿਜ ਸਮਾਧ ਕਹਾਉਂਦੀ ਹੈ। ਅੱਖਾਂ ਖੁਲ੍ਹੀਆਂ ਨਾਲ ਵੀ ਸਮਾਧੀ ਲੱਗੀ ਰਹਿੰਦੀ ਹੈ, ਅੱਖਾਂ ਬੰਦ ਨਾਲ ਵੀ। ਸੋ ਐਸੀ ਸਹਿਜ ਸਮਾਧੀ ਵਿਚ ਸਥਿਤ ਹੋਏ ਨਾਮਦੇਵ ਜੀ ਭੂਤ ਭਵਿਖਤ, ਵਰਤਮਾਨ, ਕਾਲ, ਮੈਂ, ਤੂੰ ਸਭ ਨੂੰ ਭੁੱਲ ਗਏ, ਸਰੂਪ ਦੀ ਸਥਿਤੀ ਵਿਚ ਬੈਠੇ ਹਨ।

ਅੱਜ ਬਹੁਤ ਦਿਨ ਚੜ੍ਹ ਗਿਆ, ਨੇਤ੍ਰ ਬੰਦ ਕਰਦੇ ਹਨ ਫੇਰ ਸੁਰਤਿ ਅੰਦਰ ਨੂੰ ਚਲੀ ਜਾਂਦੀ ਹੈ। ਇਸ ਨੂੰ ਆਤਮ ਰਸ ਕਹਿੰਦੇ ਹਨ।

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਅਸੀਂ ਤਾਂ ਖਾਲਸੇ ਐਵੇਂ ਹੀ ਬਣੀ ਬੈਠੇ ਹਾਂ। ਬਸ ਦਾੜ੍ਹਾ ਰੱਖ ਲਿਆ, ਕਿਰਪਾਨ ਪਾ ਲਈ, ਕਾਲੇ ਪੀਲੇ ਕੱਪੜੇ ਪਾ ਲਏ; ਬਈ ਤੂੰ ਕੌਣ ਹੈਂ? ਜੀ ਮੈਂ ਖਾਲਸਾ ਹਾਂ। ਮਹਾਰਾਜ ਕਹਿੰਦੇ ਕੀ ਖਾਲਸਾ ਨੇੜੇ ਜਿਹੀ ਗੱਲ ਹੈ? ਖਾਲਸਾ ਐਨੀ ਨੇੜੇ ਨਹੀਂ ਹੈ –

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

***ਖਾਲਸਾ ਤਾਂ ਮੈਂ ਵੀ ਹਾਂ।***

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥ (ਸਰਬ ਲੋਹ ਗ੍ਰੰਥ 'ਚੋਂ)***

ਨੇੜੇ ਜਿਹਾ ਹੀ ਖਾਲਸੇ ਨੂੰ ਰਖਦੈ। ਕੀ ਮੰਜ਼ਲ ਤੇ ਪਹੁੰਚ ਗਿਆ? ਇਹ ਤਾਂ ਫਿਨਾਹ ਫਿਲਾਹ ਹੈ ਜਿਥੇ ਆਪਣਾ ਆਪ ਕੁਝ ਬਚਦਾ ਹੀ ਨਹੀਂ ਹੈ। ਇਸੇ ਕਰਕੇ ਮਹਾਰਾਜ ਕਹਿੰਦੇ ਹਨ–

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ – 1102***

ਹੰਗਤਾ ਮਮਤਾ ਵਿਚ ਜੀਊਂਦਾ ਰਹਿ ਕੇ ਫੇਰ ਨਹੀਂ ਖਾਲਸਾ ਪਦਵੀ ਤਕ ਪਹੁੰਚ ਸਕਦਾ, ਤੈਨੂੰ ਮਰ ਕੇ, ਮਿਟ ਕੇ ਆਉਣਾ ਪੈਣਾ ਹੈ। ਕਹਿੰਦਾ ਜੀ ਸਰੀਰ ਦੇ ਕੇ? ਪਰ ਭਾਈ ਫੇਰ ਤੇਰਾ ਸੂਖਸ਼ਮ ਸਰੀਰ ਬਚ ਜਾਵੇਗਾ, ਕਾਰਨ ਸਰੀਰ ਬਚ ਜਾਵੇਗਾ, ਅੰਤਸ਼ਕਰਣ ਬਚ ਜਾਵੇਗਾ, ਫੁਰਨੇ ਬਚ ਜਾਣਗੇ, ਸੰਸਕਾਰ ਬਚ ਜਾਣਗੇ; ਤੂੰ ਤਾਂ ਮਰਿਆ ਹੀ ਨਾ। ਮਾਰਨੀ ਹੈ ਤਾਂ ਹਉਮੈ ਮਾਰ, ਜਿਹੜੀ ਤੇਰੇ ਅੰਦਰ ਮੈਂ ਬਣੀ ਹੋਈ ਹੈ ਉਸ ਨੂੰ ਮਾਰ। ਮੈਂ ਤੇਰਾ ਸਰੀਰ ਨਹੀਂ ਮਾਰਨਾ, ਕੇਵਲ ਤੇਰੀ ਹਉਮੈ ਮਾਰਨੀ ਹੈ, ਹੰਗਤਾ ਮਮਤਾ ਵਾਲੀ ਬੁੱਧੀ ਮਾਰਨੀ ਹੈ, ਨਹੀਂ ਤਾਂ ਤੇਰੇ ਬਾਲ ਬੱਚੇ ਕੀ ਕਰਨਗੇ ਜੇ ਸਰੀਰ ਮਾਰ ਦਿਤਾ।

ਜਦੋਂ ਹਉਮੈ ਮਰ ਜਾਂਦੀ ਹੈ ਤਾਂ ਸਹਿਜ ਅਵਸਥਾ ਪ੍ਰਾਪਤ ਹੋਇਆ ਕਰਦੀ ਹੈ। ਅੱਜ ਨਾਮਦੇਵ ਜੀ ਦੀ ਬਾਰ–ਬਾਰ ਬਿਰਤੀ ਚੜ੍ਹਦੀ ਹੈ। ਦਿਨ ਚੜ੍ਹ ਗਿਆ ਪਰ ਅਜੇ ਤੱਕ ਨਾਮਦੇਵ ਜੀ ਉਠੇ ਨਹੀਂ ਹਨ। ਅੱਠ ਵਜ ਗਏ, ਨੌਂ ਵਜ ਗਏ, ਦਸ ਵਜ ਗਏ।

ਇਕ ਪ੍ਰੇਮੀ ਜਿਸਦਾ ਨਾਮ 'ਜਾਦੋ' ਸੀ, ਉਹ ਵੀ ਸੰਗਤ ਵਿਚ ਆਇਆ ਕਰਦਾ ਸੀ। ਅਚਾਨਕ ਕਾਲ ਦਾ ਗੁਲੇਲਾ ਵਜਿਆ ਤੇ ਉਹ ਮਰ ਗਿਆ। ਮਰੇ ਹੋਏ ਦੀ ਅਰਥੀ ਲਈ ਆ ਰਹੇ ਹਨ। ਉਸਦੀ ਘਰਵਾਲੀ ਵੀ ਸਤਿਸੰਗ ਵਿਚ ਨਾਲ ਹੀ ਆਇਆ ਕਰਦੀ ਸੀ। ਕੇਵਲ ਵੀਹ ਬਾਈ ਸਾਲ ਦਾ ਨੌਜਵਾਨ ਸੀ, ਬੀਬੀ ਸਤੀ ਹੋਣ ਵਾਸਤੇ ਸਾਰੇ ਗਹਿਣੇ ਵਗੈਰਾ ਪਾ ਕੇ ਜਦੋਂ ਨਾਮਦੇਵ ਜੀ ਕੋਲ ਦੀ ਲੰਘਣ ਲੱਗੀ ਤੇ ਕਿਹਾ ਕਿ ਕੁਝ ਦੇਰ ਬਾਅਦ ਮੇਰਾ ਸਥੂਲ ਸਰੀਰ ਵੀ ਸੁਆਹ ਬਣ ਜਾਣਾ ਹੈ। ਬਾਕੀ ਰਿਸ਼ਤੇਦਾਰਾਂ ਨੂੰ ਕਿਹਾ ਕਿ ਜ਼ਰਾ ਠਹਿਰ ਜਾਵੋ ਮੈਂ ਸੰਤਾਂ ਨੂੰ ਨਮਸ਼ਕਾਰ ਕਰ ਲਵਾਂ। ਮੇਰੇ ਬੜੇ ਧੰਨਭਾਗ ਹਨ ਕਿ ਅੱਜ ਮਹਾਂਪੁਰਸ਼ ਏਥੇ ਹੀ ਬੈਠੇ ਹਨ। ਸੋ ਉਹ, ਜੋ ਸਾਰੇ ਨਾਲ ਜਾ ਰਹੇ ਹਨ ਉਹਨਾਂ ਨੂੰ ਰੁਕਵਾ ਕੇ ਆਪ ਨਮਸ਼ਕਾਰ ਕਰਨ ਚਲੀ ਗਈ ਤੇ ਨਾਮਦੇਵ ਜੀ ਉਸੇ ਤਰ੍ਹਾਂ ਹੀ ਬੈਠੇ ਹਨ, ਕਦੇ ਅੰਦਰ ਬਿਰਤੀ ਫੇਰ ਚਲੀ ਜਾਂਦੀ ਹੈ, ਕਦੇ ਬਾਹਰ ਆਉਂਦੀ ਹੈ। ਕਿਉਂਕਿ ਐਸੀ ਸੁੰਨ ਅਵਸਥਾ, ਅਫੁਰ ਅਵਸਥਾ ਹੁੰਦੀ ਹੈ ਜਿਥੇ ਕੋਈ ਫੁਰਨਾ ਨਾ ਹੋਏ, ਉਂਞ ਸੁੰਨ ਨਹੀਂ ਹੁੰਦੀ ਕਿ ਅਕਾਸ਼ ਵਾਂਗੂੰ ਸੁੰਨ ਹੈ। ਫੁਰਨਾ ਨਹੀਂ ਕੋਈ ਆਇਆ ਕਰਦਾ, ਪਰ ਹੁੰਦਾ ਸਭ ਕੁਝ ਹੈ। ਐਸੀ ਬਿਰਤੀ ਚੜ੍ਹੀ ਹੋਈ ਹੈ। ਕਦੀ ਨੇਤਰ ਖੋਲ੍ਹ ਲੈਂਦੇ ਹਨ, ਕਦੀ ਬੰਦ ਕਰ ਲੈਂਦੇ ਹਨ। ਉਠਿਆ ਨਹੀਂ ਜਾਂਦਾ। ਸੋ ਨਾਮਦੇਵ ਜੀ ਨੇ ਉਹਨਾਂ ਨਾਮ ਰਸ ਨਾਲ ਰਸਾਈਆਂ ਹੋਈਆਂ ਅੱਖੀਆਂ ਦੇ ਨਾਲ ਬੀਬੀ ਵੱਲ ਤੱਕਿਆ ਜਦੋਂ ਗਹਿਣਿਆਂ ਦਾ ਖੜਕਾ ਹੋਇਆ, ਤਾਂ ਉਹਨਾਂ ਦੇ ਮੁਖਾਰਬਿੰਦ ਤੋਂ ਹਲਕੀ ਜਿਹੀ ਅਸ਼ੀਰਵਾਦ ਮੱਧਮ ਜਿਹੀ ਨਿਕਲ ਗਈ – 'ਬੀਬਾ ਸੁਹਾਗ ਮਾਣ'। ਆਹ ਗੱਲ ਕਹਿ ਦਿਤੀ ਸਾਧਸੰਗਤ ਜੀ ਕਿ ਸੁਹਾਗ ਮਾਣ ਉਸ ਵੇਲੇ ਕੌਣ ਵਸਦਾ ਸੀ, ਉਸ ਦੀ ਰਸਨਾ ਤੇ? ਨਾਮਦੇਵ ਜੀ ਤਾਂ ਨਹੀਂ ਬੋਲੇ ਉਸ ਵੇਲੇ, ਉਸ ਵੇਲੇ ਪਰਮੇਸ਼ਰ ਬੋਲਿਆ ਕਿਉਂਕਿ ਐਸਾ ਫੁਰਮਾਨ ਹੈ –

***ਧਾਰਨਾ – ਪ੍ਰਭ ਜੀ ਦਾ ਵਾਸਾ ਹੈ,***
***ਸੰਤਾਂ ਦੀ ਰਸਨਾ ਉਤੇ –2, 2.***
***ਸੰਤਾਂ ਦੀ ਰਸਨਾ ਉਤੇ, –2, 2.***
***ਪ੍ਰਭ ਜੀ ਦਾ ਵਾਸਾ ਹੈ, .............. –2.***

***ਪ੍ਰਭ ਜੀ ਬਸਹਿ ਸਾਧ ਕੀ ਰਸਨਾ॥***
***ਨਾਨਕ ਜਨ ਕਾ ਦਾਸਨਿ ਦਸਨਾ॥ ਪੰਨਾ – 263***

ਰਸਨਾ ਤੇ ਬੈਠਾ ਬੋਲ ਪਿਆ, ਕਹਿ ਦਿਤਾ 'ਬੀਬੀ ਸੁਹਾਗ ਮਾਣ' ਬੀਬੀ ਨੇ ਨਮਸ਼ਕਾਰ ਕਰ ਦਿਤੀ ਤੇ ਕਹਿਣ ਲੱਗੀ, ਭਗਤ ਜੀ! ਮਹਾਰਾਜ! ਮੈਂ ਇਕ ਬੇਨਤੀ ਕਰਨੀ ਹੈ, ਆਪ ਜੀ ਨੇਤਰ ਖੋਲ੍ਹੋ। ਨਾਮਦੇਵ ਜੀ ਨੇ ਨੇਤਰ ਖੋਲ੍ਹ ਲਏ। ਕਹਿਣ ਲੱਗੀ ਮਹਾਰਾਜ! ਆਪ ਦਾ ਬਚਨ ਹੋ ਗਿਆ ਹੈ ਕਿ ਸੁਹਾਗ ਮਾਣ ਬੀਬੀ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਬੀਬੀ ਰੋਂਦੀ ਕਿਉਂ ਹੈਂ? ਕਹਿਣ ਲੱਗੀ, ਮਹਾਰਾਜ! ਮੇਰਾ ਸੁਹਾਗ ਉਹ ਅਰਥੀ ਤੇ ਜਾ ਰਿਹਾ ਹੈ। ਮੇਰਾ ਪਤੀ ਤਾਂ ਉਸ ਅਰਥੀ ਤੇ ਜਾ ਰਿਹਾ ਹੈ। ਮੇਰਾ ਪਤੀ ਆਪ ਦਾ ਪ੍ਰੇਮੀ ਸੀ, ਇਸ ਦਾ ਨਾਮ 'ਜਾਦੋ' ਸੀ। ਪਰ ਮੈਂ ਆਪ ਜੀ ਦੇ ਸਤਸੰਗ ਵਿਚੋਂ ਹੀ ਐਸਾ ਬਚਨ ਸੁਣਿਆ ਹੈ –

***ਧਾਰਨਾ – ਭਾਵੇਂ ਚੰਦਰਮਾ ਨਾਸ਼ ਹੋ ਜਾਵੇ,***
***ਸੰਤਾਂ ਦਾ ਬੋਲ ਨਾ ਟਲੇ –2, 2.***
***ਪਿਆਰੇ ਜੀ, ਸੰਤਾਂ ਦਾ ਬੋਲ ਨਾ ਟਲੇ –2, 2.***
***ਭਾਵੇਂ ਚੰਦਰਮਾਂ ਨਾਸ਼ ਹੋ ਜਾਵੇ, ........–2.***

***ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥***
***ਪੰਨਾ – 1204***

ਵਾਹਿਗੁਰੂ ਤੇ ਉਹਦੇ ਪਿਆਰੇ ਦੋਨੋਂ ਸਤਿ ਹੋਇਆ ਕਰਦੇ ਹਨ–

***ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥***
***ਨਿਸਿ ਬਾਸੁਰ ਨਖਿਅਤ੍ਰ ਬਿਨਾਸੀ.............॥***
***ਪੰਨਾ – 1204***

ਸੂਰਜ ਚੰਦਰਮਾ ਸਭ ਨਾਸ਼ ਹੋ ਜਾਣਗੇ –

> *ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥*
> *ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥*
> *ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥*
> *ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥*
> *ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥*
> *ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥*
> *ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ॥*
> *ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ॥*
>
> ***ਪੰਨਾ – 1204***

ਕਹਿਣ ਲੱਗੀ ਮਹਾਰਾਜ! ਆਪ ਹੀ ਸਤਿਸੰਗ ਵਿਚ ਕਿਹਾ ਕਰਦੇ ਹੋ ਕਿ ਸਾਧੂ ਦਾ ਬਚਨ ਅਫਲ ਨਹੀਂ ਜਾਇਆ ਕਰਦਾ।

ਗੁਰੂ ਘਰ ਦੇ ਅੰਦਰ ਇਕ ਸੰਤ ਹੋਏ, ਗੁਰੂ ਸਤਵੇਂ ਪਾਤਸ਼ਾਹ ਦੇ ਵੇਲੇ; ਭਾਈ ਗੋਦੜੀਆ ਸੀ ਉਹਨਾਂ ਦਾ ਨਾਮ। ਆਪ ਭਾਈ ਗੌਰਾ ਜੋ ਭਾਈ ਭਗਤੂ ਦਾ ਲੜਕਾ ਸੀ, ਉਹਨਾਂ ਕੋਲ ਰਿਹਾ ਕਰਦੇ ਸਨ। ਭਾਈ ਗੌਰਾ ਇਕ ਨੌਕਰ ਤੇ ਨਰਾਜ਼ ਹੋ ਗਏ ਤੇ ਉਸ ਨੂੰ ਕੁੱਟਣ ਲੱਗ ਪਏ, ਤੇ ਭਾਈ ਗੋਦੜੀਆ ਦੇਖ ਰਿਹਾ ਹੈ, ਚੱਕੀ ਵਿਚ ਘੋੜਿਆਂ ਵਾਸਤੇ ਦਾਣਾ ਪੀਸ ਰਹੇ ਸਨ। ਉਥੇ ਬੈਠੇ ਹੀ ਕਹਿਣ ਲੱਗ ਪਏ ਕਿ ਨੌਕਰ ਨੂੰ ਕਿਉਂ ਮਾਰੀ ਜਾਂਦਾ ਹੈਂ? ਐਨਾ ਕਿਉਂ ਆਫਰ ਗਿਆ ਹੈਂ? ਨੌਕਰ ਨੂੰ ਤਾਂ ਛੱਡ ਦਿੱਤਾ, ਥੋੜ੍ਹੀ ਦੇਰ ਨੂੰ ਭਾਈ ਗੌਰੇ ਨੂੰ ਅਫਰੇਵਾਂ ਹੋ ਗਿਆ। ਭਾਈ ਗੌਰਾ ਬਹੁਤ ਡਰ ਗਿਆ ਤੇ ਆ ਕੇ ਗੋਦੜੀਏ ਨੂੰ ਹੱਥ ਬੰਨ੍ਹ ਕੇ ਕਹਿਣ ਲੱਗੇ, ਭਾਈ ਤੂੰ ਹੁਣ ਐਥੋਂ ਜਾਹ, ਗੋਦੜੀਆ ਜੀ ਤੁਹਾਡੇ ਬਚਨ ਤਾਂ ਅਮੋਘ ਬਾਣ ਹਨ। ਤੁਸੀਂ ਮੈਨੂੰ ਕਿਹਾ ਕਿ ਕਿਉਂ ਆਫਰਿਆ ਹੈਂ, ਮੈਨੂੰ ਅਫਰੇਵਾਂ ਹੋ ਗਿਆ। ਹੁਣ ਤੁਸੀਂ ਕਿਸੇ ਤਰੀਕੇ ਨਾਲ ਮੇਰਾ ਇਹ ਅਫਰੇਵਾਂ ਉਤਾਰ ਦੇਵੋ। ਆਪ ਨੇ ਚੱਕੀ ਵਿਚੋਂ ਆਟੇ ਦੀ ਚੁਟਕੀ ਲਈ ਅਤੇ ਭਾਈ ਗੌਰੇ ਨੂੰ ਕਿਹਾ ਇਸਨੂੰ ਪੀ ਲੈ। ਪੀ ਕੇ ਉਹ ਸੁਅਸਥ ਹੋ ਗਿਆ।

ਭਾਈ ਗੋਦੜੀਆ ਘਰ ਚਲੇ ਗਏ। ਹਰ ਵਕਤ ਨਾਮ ਜਪਦੇ ਸੀ, ਹਰ ਵਕਤ ਉਚੀ ਬਿਰਤੀ ਵਿਚ ਰਹਿੰਦੇ ਸਨ, ਕਿਸੇ ਨਾਲ ਕੋਈ ਗੱਲ ਨਹੀਂ ਸਨ ਕਰਦੇ। ਉਥੇ ਉਹਨਾਂ ਦੇ ਘਰਦਿਆਂ ਨੇ ਭਾਈ ਗੋਦੜੀਏ ਨੂੰ ਖੇਤ ਵਿਚੋਂ ਸਰ੍ਹੋਂ ਪੁੱਟਣ ਲਈ ਭੇਜ ਦਿਤਾ ਤੇ ਸਵੇਰ ਤੋਂ ਰੋਟੀ ਹੀ ਨਾ ਭੇਜੀ, ਸ਼ਾਮ ਪੈ ਗਈ। ਉਹਨਾਂ ਦੇ ਮਿਲਣ ਵਾਲਾ ਕੋਈ ਸੰਗੀ ਆਇਆ ਤੇ ਕਹਿਣ ਲੱਗਾ, ਭਾਈ ਗੋਦੜੀਆ! ਕੀ ਕਰਦੈਂ? ਕਹਿਣ ਲੱਗੇ, ਘਰਦਿਆਂ ਦੀਆਂ ਜੜ੍ਹਾਂ ਪੁੱਟ ਰਿਹਾ ਹਾਂ। ਇਕ ਹਫਤੇ ਦੇ ਅੰਦਰ ਸਾਰਾ ਟੱਬਰ ਹੀ ਮਰ ਗਿਆ, ਵਿਹਲਾ ਹੋ ਗਿਆ, ਇਕੱਲਾ ਹੀ ਹੋ ਗਿਆ। ਕਹਿੰਦੇ, ਹੁਣ ਜਿਧਰ ਜੀਅ ਕਰੇਗਾ, ਓਧਰ ਹੀ ਚਲਾਂਗੇ ਕਿਉਂਕਿ ਸਾਧੂਆਂ ਅੰਦਰ ਕੋਈ ਰਾਗ ਦ੍ਵੈਸ਼ ਨਹੀਂ ਹੋਇਆ ਕਰਦੀ। ਅੱਗੇ ਚਲੇ ਗਏ, ਇਕ ਮਾਈ ਆਈ, ਕਹਿਣ ਲੱਗੀ ਭਾਈ ਗੋਦੜੀਆ ਜੀ, ਮੈਂ ਤੁਹਾਨੂੰ ਪ੍ਰਸ਼ਾਦਾ ਛਕਾਉਣਾ ਹੈ, ਮੰਨ ਗਏ ਪ੍ਰਸ਼ਾਦੇ ਵਾਸਤੇ ਮਾਈ ਪ੍ਰਸ਼ਾਦਾ ਲੈ ਆਈ, ਦਹੀਂ ਵਿਚ ਉਸ ਕੋਲੋਂ ਮਿਰਚਾਂ ਜ਼ਿਆਦਾ ਪੈ ਗਈਆਂ। ਉਹ ਜਦੋਂ ਖਾਣ, ਜੀਭ ਤੇ ਮਿਰਚਾਂ ਲੜਨ। ਜਦੋਂ ਮਾਈ ਹੱਥ ਧੁਆ ਕੇ ਆ ਗਈ, ਜਦੋਂ ਅਰਦਾਸ ਕਰਕੇ ਵਿਹਲੇ ਹੋਏ ਤਾਂ ਕਹਿਣ ਲੱਗੇ ਸੱਪ ਲੜਨੀਏ ਤੂੰ ਮਿਰਚਾਂ ਬਹੁਤ ਪਾ ਦਿਤੀਆਂ। ਮਾਈ ਨੂੰ ਦੂਜੇ ਦਿਨ ਹੀ ਸੱਪ ਲੜ ਗਿਆ ਤੇ ਮਰ ਗਈ। ਸਹਿਜ ਸੁਭਾਅ ਐਸਾ ਹੀ ਬਚਨ ਹੋਇਆ ਕਰਦਾ ਹੈ।

ਸੋ ਉਸ ਬੀਬੀ ਨੇ ਨਾਮਦੇਵ ਜੀ ਨੂੰ ਕਿਹਾ ਕਿ ਆਪ ਨੇ ਤਾਂ 'ਸੁਹਾਗ ਮਾਣ' ਦਾ ਬਚਨ ਕਰ ਦਿਤਾ। ਸੋ ਨਾਮਦੇਵ ਜੀ ਸੋਚਣ ਲੱਗ ਪਏ ਕਿ ਬਿਨਾਂ ਵਿਚਾਰੇ ਹੀ ਮੈਂ ਬਚਨ ਕਰ ਦਿਤਾ ਸੁਰਤੀ ਤੋਂ ਹੇਠਾਂ ਉਤਰ ਆਏ, ਸੋਚਣ ਲੱਗ ਪਏ ਕਿ ਮੈਂ ਹੁਣ ਕੀ ਕਰਾਂ, ਮੇਰੇ ਮੂੰਹੋਂ ਤਾਂ ਸਹਿਜ ਸੁਭਾਅ ਹੀ ਨਿਕਲ ਗਿਆ ਹੈ। ਜਦੋਂ ਪਰੇਸ਼ਾਨੀ ਵਧਣ ਲਗੀ ਤਾਂ ਅੰਦਰੋਂ ਆਵਾਜ਼ ਆਈ ਕਿ ਤੂੰ ਨਹੀਂ ਸੀ ਬੋਲਿਆ, ਅੰਦਰੋਂ ਮੈਂ ਹੀ ਬੋਲਿਆ ਸੀ। ਤੂੰ ਕਿਉਂ ਐਂਵੇਂ ਪ੍ਰੇਸ਼ਾਨ ਹੁੰਦੈਂ, ਮੈਂ ਤਾਂ ਤੇਰਾ ਜੱਸ ਕਰਾਉਣਾ ਹੈ। ਤੂੰ ਉਠ ਕੇ ਰਾਮ ਰਾਮ ਕਹਿ ਕੇ ਇਸ ਦੇ ਪਤੀ ਨੂੰ ਮੋਢੇ ਤੋਂ ਫੜ ਕੇ ਖੜ੍ਹਾ ਕਰ ਦੇ। ਸੋ ਅੰਦਰਲੀ ਆਵਾਜ਼ ਆ ਗਈ। ਸਾਧ ਸੰਗਤ ਜੀ ਜਿਥੇ ਫੁਰਨਾ ਨਾ ਹੋਵੇ ਉਥੇ ਪਰਮੇਸ਼ਰ ਬੋਲਦਾ ਹੈ –

> ***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
>
> ***ਪੰਨਾ – 1***

ਉਹਦਾ ਹੁਕਮ ਹੀ ਚਲਿਆ ਕਰਦਾ ਹੈ। ਨਾਮਦੇਵ ਜੀ ਉਠ ਖਲੋਤੇ ਤੇ ਮੋਢੇ ਤੋਂ ਫੜ੍ਹ ਕੇ ਕਹਿਣ ਲੱਗੇ, ਉਠ ਗੁਰਮੁਖਾ! ਰਾਮ ਰਾਮ ਕਹਿ। ਭਾਈ ਜਾਦੋ ਤਾਂ ਐਂ ਉਠ ਕੇ ਬਹਿ ਗਿਆ ਜਿਵੇਂ ਪਹਿਲਾਂ ਸੁੱਤਾ ਪਿਆ ਸੀ। ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ, ਸਾਧ ਸੰਗਤ ਜੀ! ਜਿਹੜੇ ਚੁਗਲ ਹੁੰਦੇ ਹਨ, ਨਿੰਦਕ ਹੁੰਦੇ ਹਨ ਉਹਨਾਂ ਨੂੰ ਇਹ ਗੱਲਾਂ ਬੜੀਆਂ ਚੁਭਦੀਆਂ ਹਨ। ਉਹਨਾਂ ਨੇ ਜਾ ਕੇ ਸਲੇਮਸ਼ਾਹ ਬਾਦਸ਼ਾਹ ਸ਼ੇਰਸ਼ਾਹ ਸੂਰੀ ਦੇ ਖਾਨਦਾਨ ਵਿਚੋਂ ਉਹ ਬੜਾ ਜ਼ਾਲਮ ਬਾਦਸ਼ਾਹ ਸੀ, ਨੂੰ ਦੱਸੀ। ਉਸ ਨੂੰ ਜਾ ਕੇ ਕਹਿਣ ਲੱਗੇ, ਨਵਾਬ ਸਾਹਿਬ! ਦੇਖੋ ਕੀ ਹੋ ਰਿਹਾ ਹੈ, ਇਕ ਕਾਫਰ ਮਰਿਆਂ ਹੋਇਆਂ ਨੂੰ ਜੀਊਂਦੇ ਕਰ ਰਿਹਾ ਹੈ। ਸ਼ਿਕਾਇਤ ਕਰ ਦਿਤੀ ਤੇ ਕਹਿਣ ਲੱਗੇ, ਮਹਾਰਾਜ! ਜੇਕਰ ਇਹ ਨਾ ਰੋਕਿਆ ਤਾਂ ਬੜਾ ਕੁਫਰ ਹੋ ਜਾਏਗਾ, ਬੜਾ ਗਲਤ ਬੰਦਾ ਹੈ, ਨਾਮਦੇਵ ਬੜਾ ਚੇਟਕੀ ਹੈ। ਸੋ ਬਾਦਸ਼ਾਹ ਦੇ ਕੰਨ ਭਰ ਦਿਤੇ ਗਏ। ਲੋਕ ਕਹਿੰਦੇ ਹਨ ਕਿ ਇਸ ਨੇ ਦੇਹੁਰਾ ਫੇਰ ਦਿਤਾ ਸੀ। ਹੁਣ ਮਰਿਆ ਬੰਦਾ ਜੀਊਂਦਾ ਕਰ ਦਿਤਾ ਹੈ, ਅੱਲਾਹ ਨੇ ਇਸ ਦਾ ਛੱਪਰ ਬਣਾ ਦਿਤਾ, ਸਾਰਾ ਪਖੰਡ ਕਰੀ ਜਾਂਦਾ ਹੈ। ਸੋ ਬਾਦਸ਼ਾਹ ਸਲੇਮਸ਼ਾਹ ਦੇ ਕੰਨ ਭਰ ਦਿਤੇ ਕਿਉਂਕਿ ਇਹਨਾਂ ਲੋਕਾਂ ਦਾ ਕੁਦਰਤੀ ਹੀ ਸੰਤਾਂ ਨਾਲ ਵੈਰ ਹੋਇਆ ਕਰਦਾ ਹੈ, ਮਹਾਰਾਜ ਦਾ ਫੁਰਮਾਨ ਇਸ ਤਰ੍ਹਾਂ ਹੈ –

> ***ਧਾਰਨਾ – ਸੰਤਾਂ ਨਾਲ ਵੈਰ ਕਮਾਵਦੇ –2, 2.***
> ***ਦੁਸਟਾਂ ਨਾਲਿ ਮੋਹੁ ਪਿਆਰੁ –2, 2.***
> ***ਅਗੈ ਪਿਛੈ ਸੁਖ ਨਹੀ, –2, 2.***
> ***ਮਰਿ ਜੰਮਹਿ ਵਾਰੋ ਵਾਰ –2, 2.***

***ਸੰਤਾਂ ਨਾਲ ਵੈਰ ਕਮਾਵਦੇ -2, 2.***
***ਤ੍ਰਿਸਨਾ ਕਦੇ ਨਾ ਬੁਝਈ 2, 2.***
***ਦੁਬਿਧਾ ਹੋਇ ਖੁਆਰੁ -2, 2.***
***ਸੰਤਾਂ ਨਾਲ ਵੈਰ ਕਮਾਵਦੇ -2, 2.***
***ਮੁਹ ਕਾਲੇ ਤਿਨਾ ਨਿੰਦਕਾ,***
***ਤਿਤੁ ਸਚੈ ਦਰਬਾਰਿ -2.***
***ਸੰਤਾਂ ਨਾਲ ਵੈਰ ਕਮਾਵਦੇ -2, 2.***
***ਨਾਨਕ ਨਾਮ ਵਿਹੂਣਿਆ,***
***ਨਾ ਉਰਵਾਰਿ ਨ ਪਾਰਿ -2.***

ਉਹਨਾਂ ਦਾ ਦੁਸ਼ਟ ਆਤਮਾਵਾਂ ਨਾਲ ਤਾਂ ਪਿਆਰ ਹੋਇਆ ਕਰਦਾ ਹੈ; ਜਿਹੜੇ ਸੰਸਾਰ ਦਾ ਭਲਾ ਚਾਹੁਣ, ਸੰਸਾਰੀ ਜੀਵਾਂ ਨੂੰ ਜਮਾਂ ਤੋਂ ਛੁਡਾਉਣ ਵਾਸਤੇ ਦਿਨ ਰਾਤ ਤੁਰੇ ਫਿਰਨ, ਉਹਨਾਂ ਦਾ ਕੁਦਰਤੀ ਹੀ ਉਹਨਾਂ ਨਾਲ ਵੈਰ ਹੋ ਜਾਇਆ ਕਰਦਾ ਹੈ। ਈਰਖਾਲੂਆਂ ਨੇ ਈਰਖਾ ਕਰਕੇ ਬਾਦਸ਼ਾਹ ਨੂੰ ਚੁਕ ਦਿਤਾ। ਕਹਿਣ ਲੱਗਿਆ, ਹੈਂ ਐਸੀ ਬਾਤ ਹੈ? ਸੋ ਇੰਨੇ ਚਿਰ ਵਿਚ ਖਬਰ ਆ ਗਈ ਕਿ ਬਾਦਸ਼ਾਹ ਸਲਾਮਤ! ਜੋ ਆਪ ਦੀ ਸਭ ਤੋਂ ਚੰਗੀ ਗਊ ਸੀ ਉਹ ਮਰ ਗਈ। ਬਾਦਸ਼ਾਹ ਕਹਿਣ ਲੱਗਾ, ਹੈਂ ਸਾਡੀ ਗਊ ਮਰ ਗਈ? ਹੁਣੇ ਦੇਖ ਲੈਂਦੇ ਹਾਂ, ਪਤਾ ਲੱਗ ਜਾਏਗਾ ਕਿ ਜੇਕਰ ਨਾਮਦੇਵ ਮਰੇ ਹੋਏ ਬੰਦਿਆਂ ਨੂੰ ਜੀਊਂਦਾ ਕਰਦਾ ਹੈ ਤਾਂ ਸਾਡੀ ਗਊ ਵੀ ਜੀਊਂਦੀ ਕਰ ਦੇਵੇਗਾ। ਕਹਿਣ ਲੱਗਾ, ਨਾਮਦੇਵ ਦੀ ਐਨੀ ਹਿੰਮਤ ਕਿ ਮਰੇ ਹੋਏ ਬੰਦਿਆਂ ਨੂੰ ਜਿਉਂਦੇ ਕਰਕੇ ਕੁਫਰ ਕਮਾਉਂਦਾ ਹੈ? ਜਾਓ ਨਾਮਦੇਵ ਨੂੰ ਬੰਨ ਕੇ ਲਿਆਓ, ਉਸੇ ਵਕਤ ਹੁਕਮ ਦੇ ਦਿਤਾ। ਸਿਪਾਹੀ ਇਕੱਠੇ ਹੋ ਕੇ ਚਲੇ ਗਏ ਤੇ ਨਾਮਦੇਵ ਜੀ ਨੂੰ ਹੱਥਕੜੀਆਂ ਲਾ ਕੇ ਲੈ ਆਏ। ਸੰਤ ਗਿਆਨੇਸ਼ਵਰ ਜੀ ਤੇ ਬਾਕੀ ਸਾਰੀ ਸੰਤ ਮੰਡਲੀ ਨਾਲ ਹੈ। ਉਹ ਹੈਰਾਨ ਹੋ ਰਹੇ ਹਨ ਕਿ ਨਾਮਦੇਵ ਜੀ ਕੋਲੋਂ ਕਿਹੜਾ ਗੁਨਾਹ ਹੋ ਗਿਆ, ਜੋ ਹੱਥਕੜੀਆਂ ਲਾ ਕੇ ਲਿਜਾ ਰਹੇ ਹਨ। ਇਹ ਤਾਂ ਕੁਝ ਨਹੀਂ ਕਰਦੇ, ਕੇਵਲ ਭਜਨ ਕਰਦੇ ਹਨ ਕਿ ਕਿਸੇ ਨੂੰ ਮਾੜਾ ਨਹੀਂ ਕਹਿੰਦੇ। ਸੰਤ ਕਿਸੇ ਨੂੰ ਮਾੜਾ ਨਹੀਂ ਕਹਿੰਦੇ। ਕੇਵਲ ਸਤਿ ਦੀ ਗੱਲ ਜ਼ਰੂਰ ਕਹਿ ਦਿੰਦੇ ਹਨ। ਭਾਈ ਇਹ ਗੱਲ ਗਲਤ ਹੋ ਰਹੀ ਹੈ। ਗੁਰੂ ਮਹਾਰਾਜ ਨੇ ਵੀ ਕਹਿ ਦਿਤਾ ਸੀ -

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***
***ਪੰਨਾ - 145***

ਸਚਿ ਬੋਲ ਦਿਤਾ ਸੀ ਉਹਨਾਂ ਨੇ। ਇਹ ਤਾਂ ਰਾਜੇ ਨੂੰ ਵੀ ਮੱਤ ਦਿੰਦੇ ਹਨ ਕਿ ਭਾਈ ਤੂੰ ਨਿਆਂ ਕਰ।

***"ਰਾਜੇ ਚੁਲੀ ਨਿਆਵ ਕੀ"*** ਤੇਰਾ ਧਰਮ ਹੀ ਨਿਆਂ ਕਰਨਾ ਹੈ। ਉਹਨਾਂ ਦਾ ਵਿਰੋਧ ਤਾਂ ਹੁੰਦਾ ਨਹੀਂ ਕਿਸੇ ਨਾਲ। ਫੇਰ ਵੀ ਇਹਨਾਂ ਨੂੰ ਤੰਗ ਕਰਦੇ ਹਨ।

ਜਦੋਂ ਨਾਮਦੇਵ ਜੀ ਨੂੰ ਗ੍ਰਿਫਤਾਰ ਕਰਨ ਗਏ, ਬਸ ਬਾਦਸ਼ਾਹ ਦਾ ਮਜ਼ਾਜ ਦੇਖ ਕੇ, ਜਿਹੜੇ ਹੇਠਲੇ ਹੁੰਦੇ ਹਨ ਉਹ ਦਸ ਗੁਣਾਂ ਜ਼ਿਆਦਾ ਤੰਗ ਕਰਦੇ ਹਨ। ਫੜ ਕੇ ਕੁੱਟਣ ਹੀ ਲਗ ਜਾਂਦੇ ਹਨ। ਜੇ ਕਹਿ ਦੇਣ ਫਲਾਣੇ ਨੂੰ ਫੜ ਕੇ ਲਿਆਓ ਤਾਂ ਕਹਿਣ ਲੱਗ ਜਾਂਦੇ ਹਨ, ਹਾਂ, ਚੰਗੀ ਤਰ੍ਹਾਂ ਮੁਰੰਮਤ ਕਰਕੇ ਲਿਆਵਾਂਗੇ। ਸੋ ਨਾਮਦੇਵ ਜੀ ਨੂੰ ਬੜੇ ਨਿਰਾਦਰ ਦੇ ਨਾਲ ਸਲੇਮਸ਼ਾਹ ਦੀ ਕਚਹਿਰੀ ਵਿਚ ਪੇਸ਼ ਕਰ ਦਿਤਾ ਅਤੇ ਉਹ ਬੜੀ ਬੇਰੁਖੀ ਦੇ ਨਾਲ ਬੋਲਿਆ -

***ਸੁਲਤਾਨੁ ਪੂਛੈ ਸੁਨੁ ਬੇ ਨਾਮਾ॥***
***ਦੇਖਉ ਰਾਮ ਤੁਮਾਰੇ ਕਾਮਾ॥ ਪੰਨਾ - 1165***

ਮੈਂ ਸੁਣਿਐਂ ਤੇਰਾ ਰਾਮ ਤੇਰੇ ਸਾਰੇ ਕੰਮ ਕਰਦਾ ਹੈ। ਸਾਰੀਆਂ ਗੱਲਾਂ ਝੂਠੀਆਂ ਹਨ। ਮੈਂ ਦੇਖਣਾ ਚਾਹੁੰਦਾ ਹਾਂ ਕਿ ਤੇਰਾ ਰਾਮ ਕੀ ਕੰਮ ਕਰਦਾ ਹੈ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਰਾਮ ਤੁਮਾਰੇ ਕਾਮਾ,***
***ਵੇਖੋਂ, ਰਾਮ ਤੁਮਾਰੇ ਕਾਮਾ -2, 2.***

***ਸੁਲਤਾਨੁ ਪੂਛੈ ਸੁਨੁ ਬੇ ਨਾਮਾ॥***
***ਦੇਖਉ ਰਾਮ ਤੁਮਾਰੇ ਕਾਮਾ॥***
***ਨਾਮਾ ਸੁਲਤਾਨੇ ਬਾਧਿਲਾ॥***
***ਦੇਖਉ ਤੇਰਾ ਹਰਿ ਬੀਠੁਲਾ॥ ਪੰਨਾ - 1165***

ਹੁਣ ਤੇਰੇ ਰੱਬ ਨੂੰ ਦੇਖਣਾ ਹੈ, ਤੇਰਾ ਰੱਬ ਕੀ ਕਰਦਾ ਹੈ।

***ਬਿਸਮਿਲਿ ਗਊ ਦੇਹੁ ਜੀਵਾਇ॥***
***ਨਾਤਰੁ ਗਰਦਨਿ ਮਾਰਉ ਠਾਂਇ॥ ਪੰਨਾ - 1165***

ਆਹ ਦੇਖ ਗਊ ਮਰੀ ਪਈ ਹੈ, ਜਾਂ ਤਾਂ ਇਸ ਨੂੰ ਜੀਊਂਦੀ ਕਰ ਦੇ, ਨਹੀਂ ਤਾਂ ਇਸ ਦੀ ਥਾਂ ਤੇ ਤੇਰੀ ਗਰਦਨ ਉਤਾਰ ਦਿਤੀ ਜਾਵੇਗੀ। ਮੈਂ ਦੇਖਣਾ ਚਾਹੁੰਦਾ ਹਾਂ ਤੇਰਾ ਰਾਮ ਕੀ ਕੰਮ ਕਰਦਾ ਹੈ। ਨਾਮਦੇਵ ਜੀ ਕਹਿਣ ਲੱਗੇ, "ਰਾਜਨ! ਸਾਰੇ ਸੰਸਾਰ ਨੂੰ ਪਤਾ ਹੈ ਕਿ ਰਾਮ ਕੀ ਕੰਮ ਕਰਦਾ ਹੁੰਦਾ ਹੈ?" ਬਾਦਸ਼ਾਹ ਪੁੱਛਣ ਲੱਗਾ, "ਸੱਚਮੁੱਚ ਕੁਝ ਕਰਦਾ ਹੈ?" ਨਾਮਦੇਵ ਜੀ ਨੇ ਕਿਹਾ, "ਹਾਂ ਕਰਦਾ ਹੈ।" ਪੁਛਿਆ, "ਕੀ ਕਰਦਾ ਹੈ?"

***ਧਾਰਨਾ - ਰਾਉ ਰੰਕ ਕਰ ਡਾਰੇ ਜੀ,***
***ਛਿਨ ਮਹਿ ਰਾਉ ਰੰਕ ਕੋ ਕਰਹੀ -2, 2.***
***ਛਿਨ ਮਹਿ ਗਊ ਰੰਕ ਕੋ ਕਰਹੀ -2, 2.***
***ਰਾਉ ਰੰਕ ਕਰ ਡਾਰੇ ਜੀ, ..... -2.***

ਨਾਮਦੇਵ ਜੀ ਨੇ ਕਿਹਾ, ਰਾਜਨ! ਮੇਰੇ ਰਾਮ ਜੀ ਦੇ ਕੰਮ ਪੁਛਦੇ ਹੋ? ਮੇਰਾ ਰਾਮ ਤਾਂ ਐਸਾ ਹੈ -

***ਰਾਜਾਸ੍ਰਮ ਮਿਤਿ ਨਹੀਂ ਜਾਨੀ ਤੇਰੀ॥***
***ਤੇਰੇ ਸੰਤਨ ਕੀ ਹਉ ਚੇਰੀ॥***
***ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ॥***
***ਬਸਤੋ ਹੋਇ ਹੋਇ ਸੁ ਊਜਰੁ ਊਜਰੁ ਹੋਇ ਸੁ ਬਸੈ॥***
***ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥***
***ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ॥***
***ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥***
***ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ॥***
***ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥***
***ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥***
***ਪੰਨਾ - 1252***

ਮੇਰਾ ਰਾਮ ਤਾਂ ਐਸਾ ਹੈ ਕਿ ਹੇਠਲਿਆਂ ਨੂੰ ਉਪਰ ਤੇ ਉਪਰਲਿਆਂ ਨੂੰ ਹੇਠਾਂ ਕਰ ਦਿੰਦਾ ਹੈ -

***ਹਰਿ ਕੀ ਗਤਿ ਨਹਿ ਕੋਊ ਜਾਨੈ॥***
***ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥***
***ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥***
***ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥***
***ਪੰਨਾ - 537***

ਭਰਿਆਂ ਨੂੰ ਖਾਲੀ ਕਰ ਦਿੰਦਾ ਹੈ, ਖਾਲੀਆਂ ਨੂੰ ਭਰ ਦਿੰਦਾ ਹੈ। ਜੋਗੀ ਜਪੀ ਤਪੀ ਖੋਜਦੇ ਖੋਜਦੇ ਥੱਕ ਗਏ ਪਰ ਕੋਈ ਭੀ ਪ੍ਰਭੂ ਦੀ ਕ੍ਰਿਆ ਨੂੰ ਸਮੁੱਚੇ ਤੌਰ ਤੇ ਕਥਨ ਨਹੀਂ ਕਰ ਸਕਦਾ। ਹਸਦਿਆਂ ਨੂੰ ਰੁਆ ਦਿੰਦਾ ਹੈ, ਰੋਂਦਿਆਂ ਨੂੰ ਹਾਸੇ ਬਖਸ਼ ਦਿੰਦਾ ਹੈ। ਘੁੱਘ ਵਸਦੀਆਂ ਬਸਤੀਆਂ ਨੂੰ ਉਜਾੜ ਦਿੰਦਾ ਹੈ, ਉਜਾੜਾਂ ਤੇ ਨਵੇਂ ਸ਼ਹਿਰ, ਮਕਾਨ, ਰਾਜਧਾਨੀਆਂ ਬਣ ਜਾਂਦੀਆਂ ਹਨ। ਗਹਿਰੇ ਪਾਣੀਆਂ ਦੇ ਭੰਡਾਰਾਂ ਨੂੰ ਥਲ ਬਣਾ ਦਿੰਦਾ ਹੈ ਅਤੇ ਥਲਾਂ ਵਿਚ ਪਾਨੀ ਹੀ ਪਾਨੀ ਕਰ ਦਿੰਦਾ ਹੈ। ਗਹਿਰਿਆਂ ਥਾਵਾਂ ਤੇ ਉਚੇ ਪਹਾੜ ਬਣਾ ਦਿੰਦਾ ਹੈ। ਹਾਰਿਆਂ ਹੋਇਆਂ ਦੀ ਮਹਿਮਾ ਕਰਾ ਕੇ ਅਕਾਸ਼ ਚੜ੍ਹਾ ਦਿੰਦਾ ਹੈ ਅਤੇ ਉਚੇ ਚੜ੍ਹਿਆਂ ਨੂੰ ਧਰਤੀ ਤੇ ਗਿਰਾ ਦਿੰਦਾ ਹੈ। ਭੇਖਾਰੀਆਂ ਗੁਲਾਮਾਂ ਨੂੰ ਤਖਤਾਂ ਦੇ ਮਾਲਕ, ਸਮਰਾਟ; ਸਮਰਾਟ, ਚਕਰਵਰਤੀ ਬਾਦਸ਼ਾਹਾਂ ਨੂੰ ਖਾਕ ਬਣਾ ਦਿੰਦਾ ਹੈ, ਗਿਰਾ ਦਿੰਦਾ ਹੈ। ਮਹਾਂਮੂਰਖਾਂ ਨੂੰ ਵਿਦਵਾਨ ਬਣਾ ਦਿੰਦਾ ਹੈ ਅਤੇ ਵਿਦਵਾਨਾਂ ਨੂੰ ਮੂਰਖਾਂ ਦੀ ਸ਼੍ਰੇਣੀ ਵਿਚ ਲਿਆ ਦਿੰਦਾ ਹੈ; ਨਾਰੀਆਂ ਨੂੰ ਪੁਰਖ ਅਤੇ ਪੁਰਖਾਂ ਨੂੰ ਨਾਰੀਆਂ ਬਣਾ ਦਿੰਦਾ ਹੈ; ਐਸਾ ਸਮਰੱਥ ਪ੍ਰਮੇਸ਼ਰ ਹੈ ਉਸ ਦੀ ਗਤੀ ਕੌਣ ਜਾਣ ਸਕਦਾ ਹੈ?

ਹੇ ਸੁਲਤਾਨ! ਤੂੰ ਉਸੇ ਪ੍ਰਭੂ ਦੇ ਕੰਮਾਂ ਬਾਰੇ ਜਾਨਣਾ ਚਾਹੁੰਦਾ ਹੈਂ ਤਾਂ ਹੋਰ ਸੁਣ ਲੈ ਜੋ ਮਹਾਂਪੁਰਖ ਦਸਦੇ ਰਹਿੰਦੇ ਹਨ ਕਿ ਹਰੀ ਨੇ ਸੰਸਾਰ ਦੀ ਸਾਜਨਾ ਕਰਕੇ ਸਭ ਦੇ ਤਨ, ਮਨ, ਬੁੱਧੀ, ਚਿੱਤਾਂ ਦੀ ਸਾਜਨਾ ਕੀਤੀ। ਮਿੱਟੀ, ਅੱਗ, ਹਵਾ, ਪਾਣੀ, ਅਕਾਸ਼ ਦੇ ਪੰਜਾਂ ਤੱਤਾਂ ਦੇ ਬੁੱਤ ਬਣਾ ਕੇ ਇਸ ਜੁੱਸੇ ਦੇ ਅੰਦਰ ਆਪਣੀ ਜੋਤਿ ਰਖ ਕੇ ਇਸ ਮਿੱਟੀ ਦੇ ਪੁਤਲੇ ਨੂੰ ਨੱਚਣ-ਕੁੱਦਣ, ਹੱਸਣ-ਰੋਣ ਵਾਲਾ ਬਣਾ ਦਿਤਾ। ਇਹ ਜੀਵ ਬਣ ਗਿਆ, ਇਸ ਜੀਵ ਦੇ ਰਹਿਣ ਲਈ ਧਰਤੀ, ਪੀਣ ਲਈ ਪਾਨੀ, ਸਾਹ ਲੈਣ ਲਈ ਹਵਾ, ਨਿੱਘ ਲਈ ਅਗਨ ਬਣਾ ਦਿਤੀ।

ਬੇਅੰਤ ਕੱਪੜੇ, ਭੋਗ, ਰਸ ਇਸ ਜੀਵ ਨੂੰ ਖਵਾਂਦਾ ਹੈ, ਮਾਤਾ ਪਿਤਾ, ਭਰਾ ਭੈਣਾਂ, ਪਤਨੀ ਬੱਚੇ ਬਣਾਏ ਅਤੇ ਸਾਰੇ ਜੀਵਾਂ ਨੂੰ ਰਿਜ਼ਕ ਪਹੁੰਚਾਉਂਦਾ ਹੈ, ਜਲ ਵਿਚ ਰਹਿਣ ਵਾਲੇ, ਥਲਾਂ ਵਿਚ ਰਹਿਣ ਵਾਲੇ ਸਾਰੇ ਜੀਵਾਂ ਨੂੰ ਰੋਜ਼ੀ ਦਿੰਦਾ ਹੈ, ਪੱਥਰ ਵਿਚ ਰਹਿੰਦੇ ਕੀੜੇ ਨੂੰ ਭੀ ਰੋਜ਼ੀ ਦਿੰਦਾ ਹੈ।

ਜਿਥੇ ਕੋਈ ਭੀ ਸਹਾਇਤਾ ਕਰਨ ਦੀ ਸਮਰੱਥਾ ਵਾਲਾ ਨਾ ਹੋਵੇ, ਉਥੇ ਉਹ ਸਹਾਇਤਾ ਕਰਦਾ ਹੈ, ਕ੍ਰੋੜਾਂ ਪਾਪਾਂ ਦੇ ਕਰਮ ਜਾਲ ਵਿਚ ਫਸੇ ਹੋਏ ਜੀਵ ਨੂੰ, ਅਪਰਾਧੀ ਦੇ ਅਪਰਾਧ ਇਕ ਨਿਮਖ ਵਿਚ ਦੂਰ ਕਰ ਦਿੰਦਾ ਹੈ। ਫਿਰ ਐਸਾ ਦਇਆਲੂ ਹੈ ਦਾਤਾਂ ਦਿੰਦਾ ਹੀ ਜਾਂਦਾ ਹੈ ਅਤੇ ਦੇ ਕੇ ਪਛਤਾਉਂਦਾ ਨਹੀਂ ਹੈ। ਦਾਤਾਂ ਭੀ ਇਕੋ ਵਾਰੀ ਬਖਸ਼ ਦਿੰਦਾ ਹੈ, ਬਾਰ-ਬਾਰ ਆਪਣੇ ਦਰ ਤੇ ਨਹੀਂ ਬੁਲਾਉਂਦਾ।

ਜੋ ਤੂੰ ਪੁਛਦਾ ਹੈਂ ਕਿ ਐਸਾ ਪ੍ਰਭੂ ਕਿਥੇ ਵਸਦਾ ਹੈ, ਸੁਣ, ਉਸ ਦਾ ਵਾਸਾ ਬੰਦਗੀ ਕਰਨ ਵਾਲਿਆਂ ਦੀ ਸੰਗਤ ਵਿਚ ਹੈ। ਜੋ ਇਸ ਦੁਆਰੇ ਪੁੱਜ ਜਾਂਦਾ ਹੈ ਉਸ ਨੂੰ ਦਰਸ਼ਨ ਹੋ ਜਾਂਦੇ ਹਨ ਵੈਸੈ ਉਹ ਅਵਿਅਕਤ ਰੂਪ ਵਿਚ ਘਟ ਘਟ ਵਿਚ ਵਾਸਾ ਰਖਦਾ ਹੈ ਪਰ ਸਾਧ ਸੰਗਤ ਵਿਚ ਪ੍ਰਗਟ ਹੈ -

***ਮਨੁ ਹਰਿ ਕੀਆ ਤਨੁ ਸਭੁ ਸਾਜਿਆ॥***
***ਪੰਚ ਤਤ ਰਚਿ ਜੋਤਿ ਨਿਵਾਜਿਆ॥***
***ਸਿਹਜਾ ਧਰਤਿ ਬਰਤਨ ਕਉ ਪਾਨੀ॥***
***ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ॥***
***ਮਨ ਸਤਿਗੁਰੁ ਸੇਵਿ ਹੋਇ ਪਰਮ ਗਤੇ॥***
***ਹਰਖ ਸੋਗ ਤੇ ਰਹਹਿ ਨਿਰਾਰਾ ਤਾਂ ਤੂ ਪਾਵਹਿ ਪ੍ਰਾਨਪਤੇ॥***
***ਕਾਪੜ ਭੋਗ ਰਸ ਅਨਿਕ ਭੁੰਚਾਏ॥***
***ਮਾਤ ਪਿਤਾ ਕੁਟੰਬ ਸਗਲ ਬਨਾਏ॥***

*ਰਿਜਕੁ ਸਮਾਹੇ ਜਲਿ ਥਲਿ ਮੀਤ॥*
*ਸੋ ਹਰਿ ਸੇਵਹੁ ਨੀਤਾ ਨੀਤ॥*
*ਤਹਾ ਸਖਾਈ ਜਹ ਕੋਇ ਨ ਹੋਵੈ॥*
*ਕੋਟਿ ਅਪ੍ਰਾਧ ਇਕ ਖਿਨ ਮਹਿ ਧੋਵੈ।।*
*ਦਾਤਿ ਕਰੈ ਨਹੀ ਪਛੋਤਾਵੈ॥*
*ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ॥*
*ਕਿਰਤ ਸੰਜੋਗੀ ਪਾਇਆ ਭਾਲਿ॥*
*ਸਾਧਸੰਗਤਿ ਮਹਿ ਬਸੇ ਗੁਪਾਲ॥*
*ਗੁਰ ਮਿਲਿ ਆਏ ਤੁਮਰੈ ਦੁਆਰ॥*
*ਜਨ ਨਾਨਕ ਦਰਸਨੁ ਦੇਹੁ ਮੁਰਾਰਿ॥*

***ਪੰਨਾ – 1337-38***

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁਰੰਗੀ ਸਭ ਤੇ ਰਹੈ ਨਿਆਰਾ॥*
*ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ॥*
*ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ॥*

***ਪੰਨਾ – 537***

ਭਗਤ ਨਾਮਦੇਵ ਜੀ ਕਹਿਣ ਲੱਗੇ, ਰਾਜਨ! ਜਿਹੜਾ ਰਾਮ ਹੈ ਨਾ ਮੇਰਾ, ਉਸਦੀ ਕੋਈ ਗਤਿ ਨਹੀਂ ਜਾਣਦਾ। ਵਸਦਿਆਂ ਨੂੰ ਇਕ ਮਿੰਟ ਦੇ ਅੰਦਰ ਉਜਾੜ ਦਿੰਦਾ ਹੈ ਤੇ ਉਜੜਿਆਂ ਨੂੰ ਵਸਾ ਦਿੰਦਾ ਹੈ। ਰੋਂਦਿਆਂ ਨੂੰ ਇੱਕ ਮਿੰਟ ਵਿਚ ਹਸਾ ਦਿੰਦਾ ਹੈ ਅਸਮਾਨਾਂ ਤੇ ਚੜ੍ਹੀ ਗੁੱਡੀ ਗਿਰਾ ਦਿੰਦਾ ਹੈ, ਥੱਲੇ ਪਏ ਨੂੰ ਉਪਰ ਚੜ੍ਹਾ ਦਿੰਦਾ ਹੈ। ਸੋ ਮੇਰਾ ਰਾਮ ਤਾਂ ਐਸੇ ਕੰਮ ਕਰਦਾ ਹੈ।

ਈਰਾਨ ਦਾ ਬਾਦਸ਼ਾਹ ਸਾਰੀ ਦੁਨੀਆਂ ਨਾਲੋਂ ਅਮੀਰ ਬਾਦਸ਼ਾਹ ਸੀ। ਪਰ ਇਕ ਬੰਦਾ ਜਿਹੜਾ ਦੇਸ਼ ਵਿਚ ਵੀ ਨਹੀਂ ਸੀ ਰਹਿੰਦਾ ਸਗੋਂ ਬਾਹਰ ਰਹਿੰਦਾ ਸੀ, ਉਸ ਨੇ ਐਸੀ situation ਪੈਦਾ ਕਰ ਦਿਤੀ ਕਿ ਬਾਦਸ਼ਾਹ ਨੂੰ ਆਪਣਾ ਦੇਸ਼ ਈਰਾਨ ਛੱਡ ਕੇ ਦੌੜਨਾ ਪੈ ਗਿਆ, ਕੋਈ ਵੀ ਦੇਸ਼ ਉਸ ਨੂੰ ਠਹਿਰਨ ਵਾਸਤੇ ਆਗਿਆ ਨਹੀਂ ਸੀ ਦਿੰਦਾ। ਜਦੋਂ ਉਹ ਬੀਮਾਰ ਹੋ ਗਿਆ ਤਾਂ ਅਮਰੀਕਾ ਨੇ ਬੜੀ ਮਿਹਰਬਾਨੀ ਕੀਤੀ ਉਸ ਉਪਰ ਤੇ ਆਪਣੇ ਮੁਲਕ ਵਿਚ, ਹਸਪਤਾਲ ਵਿਚ ਇਲਾਜ ਕਰਨ ਵਾਸਤੇ ਆਗਿਆ ਦੇ ਦਿਤੀ। ਜਦੋਂ ਉਹ ਮਰ ਗਿਆ ਤਾਂ ਉਸ ਦੇ ਸਰੀਰ ਨੂੰ ਦੱਬਣ ਵਾਸਤੇ ਕੋਈ ਜਗ੍ਹਾ ਨਾ ਦੇਵੇ। ਮਿਸਰ ਵਾਲਿਆਂ ਨੇ ਕੇਵਲ ਸਾਢੇ ਤਿੰਨ ਹੱਥ ਥਾਂ ਦਿੱਤੀ ਕਿ ਏਥੇ ਦੱਬ ਦਿਓ। ਕਿੱਡਾ ਵੱਡਾ ਬਾਦਸ਼ਾਹ ਸੀ ਉਹ ਈਰਾਨ ਦਾ, ਬਹੁਤ ਅਮੀਰ ਸੀ।

ਜਦੋਂ ਔਰੰਗਜੇਬ ਨੇ ਆਪਣੇ ਪਿਤਾ ਸ਼ਾਹਜਹਾਨ ਬਾਦਸ਼ਾਹ ਨੂੰ ਕੈਦ ਕਰ ਦਿਤਾ, ਉਸ ਨੂੰ ਬੁਰਜ ਵਿਚ ਕੈਦ ਕੀਤਾ ਜਿਥੋਂ ਸਾਰਾ ਦਿਨ ਤਾਜ ਮਹਿਲ ਨੂੰ ਦੇਖੀ ਜਾਂਦਾ ਸੀ। ਇਕ ਦਿਨ ਸ਼ਾਹਜਹਾਨ ਨੇ ਔਰੰਗਜ਼ੇਬ ਨੂੰ ਚਿੱਠੀ ਲਿਖੀ। ਗਰਮੀਆਂ ਦਾ ਮਹੀਨਾ ਸੀ ਤੇ ਲਿਖਿਆ, ਬੇਟਾ! ਗਰਮੀ ਬਹੁਤ ਹੈ, ਮੈਨੂੰ ਪਾਣੀ ਦਾ ਕੇਵਲ ਇਕ ਪਿਆਲਾ ਮਿਲਦਾ ਹੈ, ਜੋ ਕਿ ਕਾਫੀ ਨਹੀਂ ਹੈ। ਮੈਂ ਮੂੰਹ ਵੀ ਧੋਣਾ ਹੁੰਦਾ ਹੈ, ਕੁਰਲਾ ਵੀ ਕਰਨਾ ਹੁੰਦਾ ਹੈ। ਇਹ ਪਾਣੀ ਥੋੜ੍ਹਾ ਹੁੰਦਾ ਹੈ। ਮੈਂ ਆਪਣੀ ਪਿਆਸ ਵੀ ਨਹੀਂ ਬੁਝਾ ਸਕਦਾ।

*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥*
*ਦਰਿ ਮੰਗਨਿ ਭਿਖ ਨ ਪਾਇਦਾ॥* ***ਪੰਨਾ – 472***

ਪਾਣੀ ਵਾਸਤੇ ਭਿਖਿਆ ਮੰਗ ਰਿਹਾ ਹਾਂ ਕਿ ਮੇਰਾ ਪਾਣੀ ਦਾ ਰਾਸ਼ਨ ਵਧਾ ਦੇ। ਔਰੰਗਜ਼ੇਬ ਨੇ ਜਵਾਬ ਦਿਤਾ ਕਿ ਬਾਦਸ਼ਾਹ! ਮੈਂ ਨਹੀਂ ਮੰਨਦਾ ਕਿ ਤੇਰਾ ਪਾਣੀ ਥੋੜ੍ਹਾ ਹੈ। ਜਿਹੜੀ ਸਿਆਹੀ ਨਾਲ ਤੂੰ ਚਿੱਠੀ ਲਿਖੀ ਹੈ, ਇਹ ਜ਼ਾਹਰ ਕਰਦੀ ਹੈ ਕਿ ਤੇਰੀ ਸਿਆਹੀ ਬਹੁਤ ਪਤਲੀ ਹੈ, ਬਹੁਤ ਪਾਣੀ ਹੈ ਤੇਰੇ ਕੋਲ; ਐਨਾ ਫਾਲਤੂ ਪਾਣੀ ਹੈ ਕਿ ਤੂੰ ਦਵਾਤ ਵਿਚ ਪਾਣੀ ਪਾ ਕੇ ਲਿਖ ਸਕਦਾ ਹੈਂ। ਦੇਖੋ ਸਾਧਸੰਗਤ ਜੀ! ਕਿਥੇ ਗਈ ਗੱਲ, ਰੰਕ ਨਾਲੋਂ ਵੀ ਮਾੜਾ ਹੋ ਗਿਆ। ਸ਼ਾਹਜਹਾਨ ਤਾਜਮਹੱਲ ਬਣਵਾਉਣ ਵਾਲਾ, ਲਾਲ ਕਿਲਾ ਬਣਵਾਉਣ ਵਾਲਾ, ਇਕ ਬੂੰਦ ਪਾਣੀ ਵਾਸਤੇ ਤਰਸਦਾ ਹੈ।

ਏਧਰਲੇ ਪਾਸੇ ਗੁਰੂ ਨਾਨਕ ਪਾਤਸ਼ਾਹ ਨਾਲ ਭਾਈ ਮਰਦਾਨਾ, ਭਾਈ ਬਾਲਾ ਜੀ ਬੈਠੇ ਹਨ। ਇਕ ਬੱਚਾ ਆਇਆ, ਉਸਨੇ ਦੇਖਿਆ ਕੋਈ ਸਾਧੂ ਆਏ ਹਨ, ਪਰਾਲੀ ਲੈ ਆਇਆ ਤੇ ਲਿਆ ਕੇ ਵਿਛਾ ਦਿੱਤੀ, ਮਹਾਰਾਜ ਉਸ ਤੇ ਬੈਠ ਗਏ। ਕਾਫੀ ਦੇਰ ਬਾਅਦ ਉਸ ਬੱਚੇ ਨੇ ਸੋਚਿਆ, ਗੁਰੂ ਮਹਾਰਾਜ ਨੂੰ ਤਾਂ ਕੁਝ ਛਕਾਉਣਾ ਚਾਹੀਦਾ ਹੈ। ਉਸ ਨੇ ਵਾੜ ਵਿਚੋਂ ਡੱਕੇ ਆਦਿ ਇਕੱਠੇ ਕੀਤੇ ਤੇ ਛੋਲੇ ਪੱਟ ਕੇ ਹੋਲਾਂ ਬਣਾ ਦਿਤੀਆਂ, ਲਿਆ ਕੇ ਮਹਾਰਾਜ ਨੂੰ ਭੇਟਾ ਕਰ ਦਿਤੀਆਂ। ਗੁਰੂ ਨਾਨਕ ਪਾਤਸ਼ਾਹ, ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ ਨੇ ਬੜੇ ਪਿਆਰ ਨਾਲ ਹੋਲਾਂ ਛਕੀਆਂ। ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, ਮਰਦਾਨਿਆ! ਇਸ ਬੱਚੇ ਨੂੰ ਕੀ ਦੇਈਏ? ਮਰਦਾਨੇ ਨੇ ਕਿਹਾ, ਮਹਾਰਾਜ! ਤੁਸੀ ਤਾਂ ਮਾਲਕ ਹੋ। ਗੁਰੂ ਨਾਨਕ ਜੀ ਕਹਿਣ ਲੱਗੇ ਚੰਗਾ, ਇਸ ਨੂੰ ਇਸ ਦੇਸ਼ ਦਾ ਬਾਦਸ਼ਾਹ ਹੀ ਬਣਾ ਦਿੰਦੇ ਹਾਂ। ਉਸ ਬੱਚੇ ਨੂੰ ਕਹਿਣ ਲੱਗੇ, ਸੁਲਤਾਨ! ਆ ਜਾ ਬਹਿ ਜਾ। ਬੱਚਾ ਕਹਿਣ ਲੱਗਾ, ਮਹਾਰਾਜ! ਮੈਂ ਤਾਂ ਬਹੁਤ ਗਰੀਬ ਜਿਹਾ ਹਾਂ। ਕਹਿਣ ਲੱਗੇ ਨਹੀਂ, ਅੱਜ ਤੋਂ ਤੂੰ ਸੁਲਤਾਨ ਹੋਇਆ। ਇਸ ਬੱਚੇ ਨੂੰ ਉਥੇ ਦੇਰ ਹੋ ਗਈ, ਓਧਰ ਉਸ ਦੇਸ਼ ਦਾ ਬਾਦਸ਼ਾਹ ਮਰ ਗਿਆ, ਉਸ ਦਾ ਉਤਰਾ-ਅਧਿਕਾਰੀ ਕੋਈ ਨਹੀਂ ਸੀ। ਫੈਸਲਾ ਹੋਇਆ ਕਿ ਜਿਹੜਾ ਸਭ ਤੋਂ ਪਹਿਲਾਂ ਬਾਹਰੋਂ ਦਰਵਾਜ਼ੇ ਸਾਮ੍ਹਣੇ ਆਇਆ ਹੋਵੇਗਾ, ਉਸ ਨੂੰ ਤਖਤ ਤੇ ਬਿਠਾ ਦਿਆਂਗੇ। ਇਹ ਬੱਚਾ ਅੱਧੀ ਰਾਤ ਤੱਕ ਬੈਠਾ ਰਿਹਾ, ਗੁਰੂ ਮਹਾਰਾਜ ਦੀ ਸੰਗਤ ਕਰਦਾ ਰਿਹਾ, ਘਰ ਜਾਣਾ ਵੀ ਭੁਲਿਆ ਰਿਹਾ, ਫੇਰ ਮਹਾਰਾਜ ਨੇ ਕਿਹਾ, ਬੇਟਾ! ਤੂੰ ਹੁਣ ਘਰ ਜਾਹ, ਹੁਣ ਤਾਂ ਸਵੇਰਾ ਹੋ ਚਲਿਆ ਹੈ। ਜਾਹ ਤੇਰੇ ਮਾਂ ਬਾਪ ਉਡੀਕਦੇ ਹਨ। ਸੋ ਮਹਾਰਾਜ ਨੇ ਉਸ ਨੂੰ ਤੋਰ ਦਿਤਾ।

ਜਦੋਂ ਵੱਡੇ ਗੇਟ ਵਲੋਂ ਲੰਘਣ ਲੱਗਾ ਤਾਂ ਵਜ਼ੀਰਾਂ ਨੇ ਉਸਨੂੰ ਰਾਜਾ ਬਣਾ ਲਿਆ, ਉਸ ਸਮੇਂ ਖੁਸ਼ੀ ਵਿਚ ਨਗਾਰੇ ਵੱਜਣ ਲੱਗ ਪਏ, ਪਾਲਕੀ ਲੈ ਆਏ, ਉਸ ਚਰਵਾਹੇ ਬੱਚੇ ਨੂੰ ਜਾ ਕੇ ਤਖਤ ਤੇ ਬਿਠਾ ਦਿਤਾ।

*ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥*

***ਪੰਨਾ – 537***

ਬੜੇ ਬੜੇ ਵਸਦਿਆਂ ਨੂੰ ਉਜਾੜ ਦਿੰਦਾ ਹੈ –

***ਬਸਤੋ ਹੋਇ ਹੋਇ ਸੋੁ ਊਜਰੁ ਊਜਰੁ ਹੋਇ ਸੁ ਬਸੈ॥***
***ਪੰਨਾ – 1252***

ਕਿਸੇ ਨੂੰ ਪਤਾ ਸੀ ਕਿ ਇਕ ਸਕਿੰਟ ਵਿਚ ਲੋਕ ਉਜੜ ਜਾਣਗੇ, ਇਹ ਕੀ ਹਾਲ ਹੋਇਆ, ਹਸਦਿਆਂ ਨੂੰ ਰੁਆਉਣ ਵਾਲਾ ਤੇ ਰੋਂਦਿਆਂ ਨੂੰ ਹਸਾਉਣ ਵਾਲਾ। ਨਾਮਦੇਵ ਜੀ ਨੇ ਕਿਹਾ, ਸੁਲਤਾਨ! ਇਹ ਪਰਮੇਸ਼ਰ ਹੈ, ਮੇਰਾ ਰਾਮ ਜਿਹੜਾ ਹੈ ਉਹ ਇਹੋ ਜਿਹੇ ਕੰਮ ਕਰਦਾ ਹੈ। ਸੁਲਤਾਨ ਨੇ ਕਿਹਾ ਮੈਂ ਤੇਰੇ ਰਾਮ ਦੇ ਕੰਮ ਦੇਖਣਾ ਚਾਹੁੰਦਾ ਹਾਂ, ਤੂੰ ਇਹ ਗਊ ਜੀਊਂਦੀ ਕਰ। ਨਾਮਦੇਵ ਜੀ ਨੇ ਕਿਹਾ, ਇਹ ਜੀਊਂਦੀ ਨਹੀਂ ਹੁੰਦੀ, ਮੈਂ ਤਾਂ ਕਿਸੇ ਨੂੰ ਜੀਊਂਦਾ ਕਰ ਹੀ ਨਹੀਂ ਸਕਦਾ। ਮਾਰਨਾ ਜਿਉਂਦੇ ਕਰਨਾ ਪ੍ਰਭੂ ਦੇ ਹੱਥ ਹੈ, ਇਹ ਬਿਸਮਲ ਕੀਤੀ ਗਊ ਕਿਵੇਂ ਜਿਉਂਦੀ ਹੋ ਸਕਦੀ ਹੈ?

***ਬਾਦਿਸਾਹ ਐਸੀ ਕਿਉ ਹੋਇ॥***
***ਬਿਸਮਿਲਿ ਕੀਆ ਨ ਜੀਵੈ ਕੋਇ॥***
***ਪੰਨਾ – 1165***

ਕਦੀ ਕੋਈ ਮਰਿਆ ਹੋਇਆ ਵੀ ਜੀਊਂਦਾ ਹੋ ਸਕਦਾ ਹੈ? ਆਦਮੀ ਦੇ ਹੱਥ ਕੁਝ ਨਹੀਂ, ਸਭ ਕੁਝ ਰਾਮ ਦੇ ਹੱਥ ਹੈ।

***ਮੇਰਾ ਕੀਆ ਕਛੂ ਨ ਹੋਇ॥***
***ਕਰਿ ਹੈ ਰਾਮੁ ਹੋਇ ਹੈ ਸੋਇ॥ ਪੰਨਾ – 1165***

***ਬਿਨੁ ਭਗਵੰਤ ਨਾਹੀ ਅਨ ਕੋਇ॥***
***ਮਾਰੈ ਰਾਖੈ ਏਕੋ ਸੋਇ॥ ਪੰਨਾ – 192***

ਓਹੀ ਮਾਰਦਾ ਹੈ ਓਹੀ ਰਖਦਾ ਹੈ। ਮੇਰੇ ਕੀਤਿਆਂ ਕੁਛ ਨਹੀਂ ਹੁੰਦਾ।

***ਧਾਰਨਾ – ਕਛੂ ਨਾ ਹੋਇ, ਮੇਰਾ ਕੀਆ ਰਾਜਨ –2, 2.***
***ਮੇਰਾ ਕੀਆ ਰਾਜਨ, ਮੇਰਾ ਕੀਆ ਰਾਜਨ–2, 2***
***ਕਛੂ ਨਾ ਹੋਇ,...........–2***

***ਮੇਰਾ ਕੀਆ ਕਛੂ ਨ ਹੋਇ॥***
***ਕਰਿ ਹੈ ਰਾਮੁ ਹੋਇ ਹੈ ਸੋਇ॥ ਪੰਨਾ – 1165***

ਨਿਧੜਕ ਹਨ, ਸਾਧ ਸੰਗਤ ਜੀ ਜਿਹੜੇ ਮਹਾਂਪੁਰਸ਼ਾਂ ਨੇ ਪ੍ਰਭੂ ਪ੍ਰਾਪਤੀ (realization) ਕਰ ਲਈ, ਜਿਹਨਾਂ ਨੇ ਆਪਣਾ ਆਪਾ ਆਤਮ ਸਰੂਪ ਪਛਾਣ ਲਿਆ ਉਨ੍ਹਾਂ ਨੂੰ ਪਤਾ ਹੈ ਕਿ ਮੈਂ ਨਾ ਤਾਂ ਮਾਰਿਆ ਹੋਇਆ ਮਰ ਸਕਦਾ ਹਾਂ, ਨਾ ਡਰਾਇਆ ਹੋਇਆ ਡਰ ਸਕਦਾ ਹਾਂ।

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥***
***ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥***

***ਪੰਨਾ – 1427***

ਗਿਆਨੀ ਦੀ ਪਹਿਲੀ ਨਿਸ਼ਾਨੀ ਹੈ ਕਿ ਨਾ ਕਿਸੇ ਦੀ ਭੈ ਮੰਨਦਾ ਹੈ ਤੇ ਨਾ ਕਿਸੇ ਨੂੰ ਭੈ ਦਿੰਦਾ ਹੈ। ਡਰਿਆ ਨਹੀਂ ਕਰਦਾ, ਡਰ ਹਮੇਸ਼ਾ ਪਾਪ ਤੋਂ ਹੋਇਆ ਕਰਦਾ ਹੈ।

***ਡਡਾ ਡਰ ਉਪਜੇ ਡਰੁ ਜਾਈ॥ ਪੰਨਾ – 341***

ਜੇ ਵਾਹਿਗੁਰੂ ਦਾ ਡਰ ਉਪਜ ਜਾਵੇ, ਸੰਸਾਰ ਦਾ ਡਰ ਖਤਮ ਹੋ ਜਾਇਆ ਕਰਦਾ ਹੈ ਕਿਉਂਕਿ ਜਿਸ ਨੂੰ ਵਾਹਿਗੁਰੂ ਦਾ ਡਰ ਹੈ, ਵਾਹਿਗੁਰੂ ਜੀ ਦਾ ਅਦਬ ਹੈ, ਵਾਹਿਗੁਰੂ ਉਸ ਨਾਲ ਹੋ ਜਾਂਦਾ ਹੈ। ਭਉ ਨਾਲ ਮਨ ਨਿਰਮਲ ਹੋ ਜਾਂਦਾ ਹੈ।

***ਡਡਾ ਡਰ ਉਪਜੇ ਡਰ ਜਾਈ॥***
***ਤਾ ਡਰ ਮਹਿ ਡਰੁ ਰਹਿਆ ਸਮਾਈ॥ ਪੰਨਾ – 341***

ਇਸ ਡਰ ਵਿਚ ਵਾਹਿਗੁਰੂ ਦਾ ਡਰ ਸਮਾਇਆ ਹੋਇਆ ਹੈ। ਫਿਰ ਸੰਸਾਰ ਦਾ ਡਰ ਖਤਮ ਹੋ ਜਾਂਦਾ ਹੈ। ਵਾਹਿਗੁਰੂ ਜੀ ਦਾ ਅਦਬ ਵਧ ਜਾਂਦਾ ਹੈ, ਉਹ ਸਦਾ ਅੰਗ ਸੰਗ ਪ੍ਰਤੀਤ ਦਿੰਦਾ ਹੈ।

***ਜਉ ਡਰ ਡਰੈ ਤਾ ਫਿਰਿ ਡਰੁ ਲਾਗੈ॥ ਪੰਨਾ - 341***

ਤਾਂ ਫਿਰ ਡਰ ਲਗਦਾ ਹੈ ਜੇ ਵਾਹਿਗੁਰੂ ਦਾ ਡਰ ਨਾ ਹੋਵੇ।

***ਨਿਡਰ ਹੂਆ ਡਰੁ ਉਰ ਹੋਇ ਭਾਗੈ॥ ਪੰਨਾ - 341***

ਸੋ ਇਸ ਤਰ੍ਹਾਂ -

***ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੜੀਏ***
***ਸੋ ਡਰੈ ਜਿਨਿ ਪਾਪ ਕਮਤੇ ਰਾਮ॥ ਪੰਨਾ - 540***

ਵਾਹਿਗੁਰੂ ਦੇਖਦਾ ਹੈ, ਨਾਲ ਰਹਿੰਦਾ ਹੈ, ਤਾਂ ਹੀ ਮਰਦਾਨਾ ਕਹਿੰਦਾ ਹੈ, ਹੇ ਨਾਨਕ! ਅਸੀਂ ਕਿਥੇ ਫਸ ਗਏ? ਮਰਦਾਨਿਆ ਡਰ ਨਾ, ਅਕਾਲਪੁਰਖ ਨਾਲ ਹੈ ਸਾਡੇ -

***ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ***
***ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥***
***ਪੰਨਾ - 540***

ਜਿਸਦਾ ਹਿਰਦਾ ਸ਼ੁਧ ਹੈ ਉਸ ਨੂੰ ਕੋਈ ਡਰ ਨਹੀਂ ਹੈ। ਪਾਪ ਕਰਨ ਵਾਲਾ ਹੀ ਸਦਾ ਡਰਦਾ ਹੈ।

***ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥***
***ਪੰਨਾ - 84***

ਧਰਮੀ ਬੰਦੇ ਨੂੰ ਕੋਈ ਡਰ ਨਹੀਂ ਹੈ। ਉਸ ਨੂੰ ਪਤਾ ਹੈ ਕਿ ਮੈਂ ਤਾਂ ਕੁਝ ਕੀਤਾ ਹੀ ਨਹੀਂ, ਕੋਈ ਮੇਰੇ ਮਾਲਕ ਦਾ ਹੀ ਐਸਾ ਹੁਕਮ ਹੈ -

***ਧਾਰਨਾ - ਧਰਮੀ ਖੁਸ਼ ਹੁੰਦੇ ਨੇ,***
***ਡਰਦੇ ਨੇ ਪਾਪੀ ਬੰਦੇ -2, 2.***
***ਡਰਦੇ ਨੇ ਪਾਪੀ ਬੰਦੇ, -2, 2.***
***ਧਰਮੀ ਖੁਸ਼ ਹੁੰਦੇ ਨੇ ............... -2.***

ਡਰੇ ਉਹ ਜੋ ਪਾਪ ਕਮਾਵੇ; ਜਿਸਨੇ ਰਿਸ਼ਵਤ ਲਈ ਹੋਵੇਗੀ ਉਹ ਸਾਰੀ ਜ਼ਿੰਦਗੀ ਡਰਦਾ ਹੀ ਰਹੇਗਾ, ਮਤੇ ਕੋਈ ਉਹਦੇ ਵਿਰੁਧ ਰਾਗਜ਼ ਨਾ ਨਿਕਲ ਆਵੇ, ਸਮਗਲਿੰਗ ਕੀਤੀ ਹੋਏਗੀ ਤਾਂ ਡਰੇਗਾ, ਹੋਰ ਕੋਈ ਇਨਕਮਟੈਕਸ ਦੀ ਚੋਰੀ ਕੀਤੀ ਹੋਵੇਗੀ ਤਾਂ ਵੀ ਡਰੀ ਜਾਵੇਗਾ। ਸਾਧਸੰਗਤ ਜੀ, ਅੱਗੇ ਦਾ ਡਰ ਬਹੁਤਾ ਉਸ ਲਈ ਹੈ ਜਿਸਨੇ ਪਾਪ ਕੀਤੇ ਹਨ। ਜਿਸਨੇ ਬੰਦਗੀ ਕੀਤੀ ਹੈ, ਉਹ ਤਾਂ ਖੁਸ਼ੀ ਖੁਸ਼ੀ ਆਪਣੇ ਘਰ ਨੂੰ ਜਾਂਦੇ ਹਨ। ਫੇਰ ਉਥੇ ਜਾ ਕੇ ਕੀ ਹੁੰਦਾ ਹੈ?

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ - 283***

ਉਹ ਖੁਸ਼ੀ ਖੁਸ਼ੀ ਜਾਂਦਾ ਹੈ -

***ਕਬੀਰ ਜਾ ਤੂ ਜਨਮਿਆ ਜਗਤ ਮਹਿ ਜਗ ਹਸੈ ਤੂੰ ਰੋਇ॥***
***ਐਸੀ ਕਰਨੀ ਕਰ ਚਲਹੁ ਪਿਆਰੇ ਤੂੰ ਹਸੈ ਜਗ ਰੋਇ॥***

ਉਹ ਐਸੀ ਕਰਨੀ ਕਰਕੇ ਗਿਆ ਹੁੰਦਾ ਹੈ ਕਿ ਉਸਦੀ ਧੰਨ ਧੰਨ ਹੁੰਦੀ ਹੈ - ਦਰਗਾਹ ਦੇ ਵਿਚ।

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥ ਪੰਨਾ - 252***

ਉਸਦਾ ਤਾਂ ਕਹਿਆ ਦਰਗਾਹ ਵਿਚ ਚਲਦਾ ਹੈ, ਬੰਦਗੀ ਕਰਨ ਵਾਲੇ ਦੀ ਗੱਲ ਦਰਗਾਹ ਵਿਚ ਮੰਨੀ ਜਾਂਦੀ ਹੈ।

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186***

ਜਿਸਦੀ ਗੱਲ ਨੂੰ ਵਾਹਿਗੁਰੂ ਵੀ ਮੰਨਦਾ ਹੋਵੇ, ਧਰਮਰਾਜ ਵੀ ਉਠ ਕੇ ਕਹੇ -

***ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥***
***ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥***
***ਪੰਨਾ - 1425***

ਫੇਰ ਡਰ ਕਿਸ ਦਾ ਰਹਿ ਗਿਆ? ਦੁਨੀਆਂ ਦਾ ਡਰ ਨਹੀਂ ਮੰਨਿਆ ਕਰਦੇ। ਕਬੀਰ ਸਾਹਿਬ ਨੂੰ ਜਦੋਂ ਬੰਨ੍ਹ ਕੇ ਹਾਥੀ ਅੱਗੇ ਉਸ ਸਮੇਂ ਦੇ ਬਾਦਸ਼ਾਹ ਨੇ ਸੁਟਵਾ ਦਿਤਾ ਤਾਂ ਆਪ ਨੇ ਕਿਹਾ ਕਿ ਬਾਦਸ਼ਾਹ ਮੇਰਾ ਮਨ ਤਾਂ ਡਰਦਾ ਨਹੀਂ, ਤਨ ਨੂੰ ਕਿਉਂ ਡਰਾ ਰਹੇ ਹੋ -

***ਮਨੁ ਨਾ ਡਿਗੈ ਤਨੁ ਕਾਹੇ ਕਉ ਡਰਾਇ॥***
***ਪੰਨਾ - 1162***

ਕਹਿਣ ਲੱਗੇ ਕਿ ਮੇਰਾ ਮਨ ਤਾਂ ਡਰਦਾ ਨਹੀਂ, ਕਿਉਂ ਮੇਰੇ ਤਨ ਨੂੰ ਹਾਥੀ ਦੇ ਸਾਮ੍ਹਣੇ ਸੁੱਟ ਸੁੱਟ ਕੇ ਡਰਾਉਣਾ ਚਾਹੁੰਦਾ ਹੈਂ? ਮੈਂ ਨਹੀਂ ਡਰਦਾ। ਸੋ ਇਸ ਤਰ੍ਹਾਂ ਨਾਮਦੇਵ ਜੀ ਨੂੰ ਡਰਾਇਆ ਜਾ ਰਿਹਾ ਹੈ। ਬਾਦਸ਼ਾਹ ਕਹਿੰਦਾ ਹੈ ਕਿ ਨਾਮਦੇਵ ਮੌਤ ਦੇ ਡਰ ਨਾਲ ਗਾਂ ਜੀਊਂਦੀ ਕਰ ਦੇਵੇਗਾ। ਬਾਦਸ਼ਾਹ ਕਹਿਣ ਲੱਗਾ ਕਿ ਦੇਖ ਨਾਮਦੇਵ, ਤਿੰਨ ਗੱਲਾਂ ਕਰ ਲੈ, ਤੈਨੂੰ ਤਿੰਨ options ਦਿੰਦਾ ਹਾਂ। ਪਹਿਲੀ ਗੱਲ ਤਾਂ ਹੈ ਕਿ ਗਊ ਜੀਊਂਦੀ ਕਰ ਦੇ, ਝਗੜਾ ਹੀ ਖਤਮ ਹੋ ਜਾਵੇਗਾ। ਦੂਜੀ ਹੈ ਤੂੰ ਇਸਲਾਮ ਧਰਮ ਵਿਚ ਆ ਜਾ। ਜੇ ਇਹ ਦੋਵੇਂ ਗੱਲਾਂ ਨਹੀਂ ਮੰਨਣੀਆਂ ਤਾਂ ਤੀਜੀ ਗੱਲ ਹੈ ਕਿ ਮਰਨ ਵਾਸਤੇ ਤਿਆਰ ਹੋ ਜਾ; ਤਿੰਨਾਂ ਵਿਚੋਂ ਜਿਹੜੀ ਗੱਲ ਮੰਨਣੀ ਹੈ ਮੰਨ ਲੈ, ਬਾਦਸ਼ਾਹ ਬੜੇ ਹੰਕਾਰ ਨਾਲ ਇਹ ਗੱਲਾਂ ਕਹਿੰਦਾ ਹੈ -

***ਬਾਦਿਸਾਹੁ ਚੜ੍ਹਿਓ ਅਹੰਕਾਰਿ॥ ਪੰਨਾ - 1165***

ਐਨਾ ਹੰਕਾਰ ਚੜ੍ਹਿਆ ਹੋਇਆ ਹੈ, ਦੇਖਦਾ ਹੀ ਨਹੀਂ ਕਿ ਨਾਮਦੇਵ ਜੀ ਦਾ ਤਾਂ ਕੋਈ ਕਸੂਰ ਨਹੀਂ। ਨਾਮਦੇਵ ਜੀ ਕਹਿ ਰਹੇ ਹਨ ਕਿ ਬਾਦਸ਼ਾਹ! ਮੇਰਾ ਕੀਤਾ ਹੋਇਆ ਕੁਝ ਨਹੀਂ ਹੋਇਆ, ਪ੍ਰਮੇਸ਼ਰ ਨੇ ਉਸ ਮਰੇ ਹੋਏ ਲੜਕੇ ਦੇ ਪ੍ਰਾਣ ਵਾਪਸ ਕੀਤੇ ਸਨ। ਪਰ ਬਾਦਸ਼ਾਹ ਨੂੰ ਮਹਾਂ ਦੁਸ਼ਟ ਹੰਕਾਰ ਨੇ ਕਾਬੂ ਕੀਤਾ ਹੈ ਉਸ ਦੇ ਨੇਤਰ, ਬੋਲ, ਕੰਨ, ਸੋਚ ਸ਼ਕਤੀ ਇਸ ਹੰਕਾਰ ਨੇ ਕਾਬੂ ਕੀਤੇ ਹੋਏ ਹਨ।

ਮਜ਼ਹਬੀ ਤਅਸਬ (ਈਰਖਾ) ਐਨਾ ਵਧਿਆ ਹੋਇਆ ਸੀ ਕਿ ਇਸਲਾਮ ਤੋਂ ਬਿਨਾਂ ਹੋਰ ਮਤਾਂ ਦੇ ਮਹਾਂਪੁਰਸ਼ਾਂ ਦੇ ਪ੍ਰਤਾਪ ਨੂੰ ਸਹਿਨ ਨਹੀਂ ਕੀਤਾ ਜਾਂਦਾ ਸੀ। ਕਬੀਰ ਸਾਹਿਬ ਜੀ ਦੇ ਖਿਲਾਫ ਹੋ ਕੇ ਬਾਦਸ਼ਾਹ ਨੇ ਹੁਕਮ ਦਿਤਾ ਸੀ ਕਿ ਕਬੀਰ ਜੀ ਨੂੰ ਹਾਥੀ ਦੇ ਪੈਰਾਂ ਹੇਠ ਦੇ ਕੇ ਕੁਚਲ ਦੇਵੋ। ਉਨ੍ਹਾਂ ਦਾ ਕੋਈ

ਕਸੂਰ ਨਹੀਂ ਸੀ, ਉਸ ਸਮੇਂ ਦੇ ਧਰਮ ਦੇ ਠੇਕੇਦਾਰਾਂ ਨੇ ਬਾਦਸ਼ਾਹ ਨੂੰ ਉਨ੍ਹਾਂ ਦੇ ਖਿਲਾਫ ਭੜਕਾਇਆ ਸੀ, ਉਨ੍ਹਾਂ ਦੇ ਸਰੀਰ ਦੀ ਪੋਟਲੀ ਬੰਨ੍ਹ ਕੇ ਮਸਤ ਹਾਥੀ ਸਾਮ੍ਹਣੇ ਰੱਖ ਦਿਤੀ ਸੀ ਪਰ ਹਾਥੀ ਨੇ ਉਨ੍ਹਾਂ ਦਾ ਕੋਈ ਨੁਕਸਾਨ ਨਾ ਕੀਤਾ ਇਸ ਦੇ ਬਿਪਰੀਤ ਪੋਟਲੀ ਚੁੱਕ ਕੇ ਸੀਸ ਤੇ ਰੱਖੀ ਅਤੇ ਫੇਰ ਹੇਠਾਂ ਰੱਖ ਕੇ ਤਿੰਨ ਵਾਰੀ ਨਮਸ਼ਕਾਰ ਕੀਤੀ।

***ਕਿਆ ਅਪਰਾਧੁ ਸੰਤ ਹੈ ਕੀਨਾ॥***
***ਬਾਂਧਿ ਪੋਟ ਕੁੰਚਰ ਕਉ ਦੀਨਾ॥ ਪੰਨਾ - 871***

ਹੁਣ ਨਾਮਦੇਵ ਜੀ ਦਾ ਕੋਈ ਅਪਰਾਧ ਤਾਂ ਨਹੀਂ ਸੀ ਉਹ ਦਰਿਆ ਕਿਨਾਰੇ ਬੰਦਗੀ ਕਰਦੇ ਹਨ, ਨਾਮ ਜਪਦੇ ਹਨ। ਜੇ ਬਚਨ ਕਰਨ ਤੇ ਕੋਈ ਜੀਉਂਦਾ ਹੋ ਗਿਆ ਤਾਂ ਕੀ ਸੰਤਾਂ ਦਾ ਅਪਰਾਧ ਹੋ ਗਿਆ? ਕੋਈ ਕਾਨੂੰਨ ਵਿਚ ਐਸੀ ਗੱਲ ਹੈ ਕਿ ਜੀਉਂਦਾ ਨਹੀਂ ਕਰ ਸਕਦਾ ਕੋਈ? ਬਾਦਸ਼ਾਹ ਹੰਕਾਰੀ ਹੋ ਕੇ ਗੱਲ ਕਰਦਾ ਹੈ, ਕਹਿੰਦਾ ਦੇਖ ਮੈਂ ਤੈਨੂੰ ਹੁਣੇ ਹੀ ਦੇਖਦਾ ਹਾਂ, ਕੌਣ ਤੈਨੂੰ ਬਚਾਉਣ ਵਾਲਾ ਹੈ। ਬਾਦਸ਼ਾਹ ਨੇ ਮਸਤ ਹਾਥੀ ਛਡਵਾ ਦਿਤਾ।

***ਗਜ ਹਸਤੀ ਦੀਨੋ ਚਮਕਾਰਿ॥ ਪੰਨਾ - 1165***

ਮਸਤ ਹਾਥੀ ਖੜ੍ਹਾ ਹੈ, ਸ਼ਰਾਬ ਪਿਲਾ ਦਿਤੀ। ਬਾਦਸ਼ਾਹ ਰੌਲਾ ਪਾ ਰਿਹਾ ਹੈ ਕਿ ਨਾਮਦੇਵ! ਹੁਣ ਹਾਥੀ ਦੇ ਸੰਗਲ ਖੁਲ੍ਹ ਜਾਣੇ ਹਨ, ਉਸ ਤੋਂ ਪਹਿਲਾਂ ਗਊ ਜੀਉਂਦੀ ਕਰ ਦੇ। ਬਹੁਤ ਹੰਕਾਰੀ ਹੋ ਕੇ ਗੱਲ ਕਰ ਰਿਹਾ ਹੈ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਚੜ੍ਹਿਆ ਹੰਕਾਰ ਓ ,***
***ਬਾਦਸ਼ਾਹ ਤਾਈਂ ਵੇਖੋ -2, 2.***
***ਬਾਦਸ਼ਾਹ ਤਾਂਈ ਵੇਖੋ, -2, 2.***
***ਚੜ੍ਹਿਆ ਹੰਕਾਰ ਜੀ ............... -2.***

***ਬਾਦਿਸਾਹੁ ਚੜ੍ਹਿਓ ਅਹੰਕਾਰਿ॥***
***ਗਜ ਹਸਤੀ ਦੀਨੋ ਚਮਕਾਰਿ॥ ਪੰਨਾ - 1165***

ਸਾਧ ਸੰਗਤ ਜੀ ਦੋਨੋਂ ਚੀਜ਼ਾਂ ਹੁੰਦੀਆਂ ਹਨ। ਇਕ ਹੰਕਾਰ, ਆਦਮੀ ਦੇ ਅੰਦਰ ਹੈ। ਦੂਜੀ ਹੁੰਦੀ ਹੈ ਨਿਮਰਤਾ-

***'ਹੰਕਾਰਿਆ ਸੋ ਮਾਰਿਆ।'***

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ।।***
***ਪੰਨਾ - 1089***

ਸਾਰੇ ਵੇਦ ਉਚੀ ਆਵਾਜ਼ ਵਿਚ ਕਹਿੰਦੇ ਹਨ ਕਿ ਜੇ ਰਬ ਨੂੰ ਕੋਈ ਚੀਜ਼ ਨਹੀਂ ਭਾਉਂਦੀ ਤਾਂ ਉਹ ਹੈ 'ਹੰਕਾਰ', ਹੰਕਾਰੀ ਨੂੰ ਰੱਬ ਬਖਸ਼ਿਆ ਨਹੀਂ ਕਰਦਾ। ਹਰਨਾਖਸ਼ ਹੰਕਾਰੀ ਨੂੰ ਮਾਰਨ ਵਾਸਤੇ ਰੱਬ ਨੂੰ ਅੱਧਾ ਸ਼ੇਰ ਦਾ ਤੇ ਅੱਧਾ ਨਰ ਦਾ ਸਰੂਪ ਧਾਰਨ ਕਰਨਾ ਪਿਆ, ਲੇਕਿਨ ਹੰਕਾਰ ਨਹੀਂ ਭਾਇਆ। ਰੱਬ ਨੂੰ ਸਭ ਤੋਂ ਬੁਰੀ ਗੱਲ ਜੋ ਲਗਦੀ ਹੈ ਉਹ ਹੈ ਹੰਕਾਰ। ਹੰਕਾਰੀ ਬੰਦੇ ਦੀ ਗਿਰਾਵਟ ਹੋ ਜਾਇਆ ਕਰਦੀ ਹੈ। ਪੰਜ ਕਿਸਮ ਦੇ ਹੰਕਾਰ ਹੁੰਦੇ ਹਨ।

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗੁ........॥***
***ਪੰਨਾ - 1288***

ਮਹਾਰਾਜ ਨੇ ਇਨ੍ਹਾਂ ਨੂੰ ਪੰਜ ਠੱਗ ਕਿਹਾ ਹੈ -

***ਏਨੀ ਠਗੀਂ ਜਗੁ ਠਗਿਆ ਕਿਨੈ ਨਾ ਰਖੀ ਲਜ॥***
***ਪੰਨਾ - 1288***

ਰਾਜ ਦਾ ਹੰਕਾਰ ਹੋ ਜਾਣਾ, ਬੇਤਹਾਸ਼ਾ ਤਾਕਤ ਇਕ ਬੰਦੇ ਦੇ ਹੱਥ ਵਿਚ ਆ ਜਾਣੀ, ਚਾਹੇ ਜ਼ੋਰ ਨਾਲ ਲੈ ਲਵੇ, ਚਾਹੇ ਵੋਟਾਂ ਨਾਲ ਲੈ ਲਵੇ, ਉਹਦੇ ਪੈਰ ਫੇਰ ਧਰਤੀ ਤੇ ਨਹੀਂ ਲਗਦੇ ਕਿਉਂਕਿ ਹੱਥ ਵਿਚ ਤਾਕਤ ਆ ਗਈ। ਕਿਸੇ ਦੇ ਹੱਥ ਆ ਜਾਵੇ, ਗਰੀਬ ਬੰਦੇ ਦੇ ਹੱਥ ਵਿਚ ਕੋਈ ਮਾੜੀ ਮੋਟੀ ਤਾਕਤ ਆ ਜਾਵੇ, ਆਹ ਸੀਮਿੰਟ ਦੀਆਂ ਪਰਚੀਆਂ ਦੇਣ ਦਾ ਹੀ ਅਧਿਕਾਰ ਮਿਲ ਜਾਵੇ, ਲਾਈਨ ਲਵਾਈ ਜਾਂਦਾ ਹੈ। ਚੰਗੇ ਚੰਗੇ ਬੰਦੇ ਲਾਈਨ ਵਿਚ ਖੜ੍ਹੇ ਰਹਿੰਦੇ ਹਨ। ਉਹ ਐਨਾ ਰੁੱਖਾ ਬੋਲੇਗਾ, ਕਦੀ ਧਿਆਨ ਨਾਲ ਦੇਖ ਲੈਣਾ ਕਿਉਂਕਿ ਮਾੜਾ ਜਿਹਾ ਮੱਦ ਚੜ੍ਹਿਆ ਹੈ, ਇਸ ਨੂੰ ਰਾਜ ਮੱਦ ਕਹਿੰਦੇ ਹਨ। ਰਾਜ ਮਦ ਵਿਚ ਰਾਜੇ ਤੋਂ ਫੇਰ ਉਲਟੇ ਕੰਮ ਹੋਇਆ ਕਰਦੇ ਹਨ। ਫਰਜ਼ ਤਾਂ ਰਾਜੇ ਨੂੰ ਭੁਲ ਹੀ ਜਾਂਦਾ ਹੈ ਕਿ ਉਸਦਾ ਧਰਮ ਇਨਸਾਫ ਕਰਨਾ ਹੈ। ਅੱਜਕਲ੍ਹ ਸੁਗੰਧ ਲਈ ਜਾਂਦੀ ਹੈ। ਜਿਸ ਬੰਦੇ ਦਾ ਪ੍ਰਮੇਸ਼ਰ ਤੇ ਯਕੀਨ ਹੀ ਨਹੀਂ, ਉਸ ਤੋਂ ਜੀਅ ਕਰਦਾ ਹੈ ਪ੍ਰਣ ਲਈ ਜਾਵੋ, ਉਹ ਅੱਖਰ ਬੋਲਣ ਤੋਂ ਬਿਨਾਂ ਹੋਰ ਕੁਝ ਨਹੀਂ ਹੋਇਆ ਕਰਦਾ, ਸਭ ਕੁਝ ਭੁੱਲ ਕੇ ਰਾਜਸੀ ਸ਼ਕਤੀ ਅਧੀਨ ਹੋਇਆ ਅਭਿਮਾਨ ਨਾਲ ਹੀ ਗੱਲ ਕਰਦਾ ਹੈ, ਮਿੰਟ ਵਿਚ ਕਹਿ ਦਿੰਦਾ ਹੈ ਕਿ ਇਸ ਨੂੰ ਖਤਮ ਕਰ ਦਿਓ। ਐਸੇ ਰਾਜੇ ਸੰਸਾਰ ਤੇ ਕਿੰਨੇ ਹੋਏ ਹਨ, 'ਨਾਦਰਸ਼ਾਹ' ਵਿਚ ਕਿੰਨਾ ਹੰਕਾਰ ਸੀ। ਨਾਦਰਸ਼ਾਹ ਦਾ ਇਕ ਹੌਲਦਾਰ ਸਿਪਾਹੀ ਕਿਸੇ ਇੱਜ਼ਤ ਵਾਲੇ ਘਰ ਚਲਾ ਗਿਆ, ਉਥੇ ਜਾ ਕੇ ਉਸਨੇ ਘਰ ਵਾਲਿਆਂ ਦੀ ਲੜਕੀ ਦੀ ਇਜ਼ਤ ਲੁੱਟਣ ਦਾ ਜਤਨ ਕੀਤਾ, ਉਹ ਅਣਖ ਵਾਲੇ ਬੰਦੇ ਸੀ, ਉਹਨਾਂ ਨੂੰ ਗੁੱਸਾ ਆਇਆ ਉਹਨਾਂ ਨੇ ਇਸ ਨੂੰ ਮਾਰ ਦਿਤਾ। ਮਾਰਨਾ ਕੀ ਸੀ ਸਾਰੀ ਦਿੱਲੀ ਤੇ ਕਹਿਰ ਹੋ ਗਿਆ, ਨਾਦਰਸ਼ਾਹ ਨੇ ਤਲਵਾਰ ਮਿਆਨ ਵਿਚੋਂ ਬਾਹਰ ਕੱਢ ਲਈ, ਕਹਿਣ ਲੱਗਾ ਜਿਤਨੀ ਦੇਰ ਮੈਂ ਤਲਵਾਰ ਮਿਆਨ ਵਿਚ ਨਹੀਂ ਪਾਉਂਦਾ, ਸਭ ਨੂੰ ਲੁੱਟ ਲਓ, ਮਾਰ ਲਓ। ਦਿਨ ਰਾਤ ਕਤਲੇਆਮ ਸ਼ੁਰੂ ਹੋ ਗਈ, ਦਿੱਲੀ ਦੇ ਭਾਗ ਮਾੜੇ ਹਨ। ਐਨੀ ਕਤਲੇਆਮ ਹੋਈ ਕਿ ਨੌ ਲੱਖ ਬੰਦਾ ਮਰ ਗਿਆ। ਅਹਿਮਦਸ਼ਾਹ ਕੋਲ ਜਾ ਕੇ ਬੇਨਤੀ ਕੀਤੀ, ਸ਼ਹਿਰ ਦੇ ਸਾਰੇ ਬੰਦੇ ਮੂੰਹ ਵਿਚ ਘਾਹ ਲੈ ਕੇ ਗਏ, ਕਹਿਣ ਲੱਗੇ, ਸਾਡਾ ਕੀ ਕਸੂਰ ਹੈ? ਤੇਰਾ ਸਿਪਾਹੀ ਤਾਂ ਇਕ ਬੰਦੇ ਨੇ ਮਾਰਿਆ ਹੈ, ਤੇ ਤੂੰ ਨੌਂ ਲੱਖ ਬੰਦਾ ਮਰਵਾ ਦਿੱਤਾ, ਦਿਲੀ ਉਜਾੜ ਕੇ ਰਖ ਦਿਤੀ। ਕਿੰਨਾ ਹੰਕਾਰ ਸੀ ਸਾਧ ਸੰਗਤ ਜੀ।

ਸੋ ਹੰਕਾਰੀ ਨਰਕਾਂ ਨੂੰ ਜਾਂਦਾ ਹੈ ਕਿਉਂਕਿ -

***ਰਾਜੇ ਚੁਲੀ ਨਿਆਵ ਕੀ .................॥***
***ਪੰਨਾ - 1240***

ਰਾਜੇ ਨੂੰ ਜਪੁਜੀ ਸਾਹਿਬ ਪੜ੍ਹਨ ਦੀ ਐਨੀ ਲੋੜ ਨਹੀਂ, ਗਾਇਤ੍ਰੀ ਪੜ੍ਹਨ ਦੀ ਲੋੜ ਨਹੀਂ, ਨਮਾਜ਼ ਪੜ੍ਹਨ ਦੀ ਐਨੀ ਲੋੜ ਨਹੀਂ ਕਿਉਂਕਿ ਉਸਦਾ ਧਰਮ ਹੈ ਨਿਆਂ ਕਰਨਾ। ਜੇ ਰਾਜਾ ਨਿਆਂ ਨਹੀਂ ਕਰਦਾ ਤਾਂ ਪਾਪੀ ਹੋ ਜਾਇਆ ਕਰਦਾ ਹੈ। ਜਿਹੜਾ ਡਰ ਤੇ ਹਮਾਇਤ (without favour & fear)

ਤੋਂ ਬਿਨਾਂ ਇਨਸਾਫ ਕਰਦਾ ਹੈ, ਉਸਦਾ ਨਾਮ ਸਤਿਕਾਰ ਸਹਿਤ ਦੁਨੀਆਂ ਤੇ ਰਹਿੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਦਾ ਹਾਲ ਚਾਲ ਦੇਖਣ ਨਿਕਲਿਆ, ਕੁਝ ਅਫਸਰ ਰਸਾਲੇ ਦੇ ਅਤੇ ਸਿਪਾਹੀ ਨਾਲ ਹਨ। ਜਦੋਂ ਸੜਕ ਤੋਂ ਲੰਘ ਰਿਹਾ ਸੀ ਉਥੇ ਛੋਟੇ ਛੋਟੇ ਬੱਚੇ ਬੇਰ ਝਾੜ ਰਹੇ ਸਨ – ਚੇਤ ਦੇ ਮਹੀਨੇ ਵਿਚ। ਇਕ ਬੱਚੇ ਨੇ ਜ਼ੋਰ ਨਾਲ ਪੱਥਰ ਮਾਰਿਆ ਬੇਰੀ ਨੂੰ, ਉਹ ਟਾਹਣੀਆਂ ਵਿਚੋਂ ਲੰਘਦਾ ਹੋਇਆ ਮਹਾਰਾਜਾ ਰਣਜੀਤ ਸਿੰਘ ਦੀ ਪਿੱਠ ਤੇ ਆ ਲੱਗਾ। ਜੇ ਰਾਜੇ ਨੂੰ ਇੱਟ ਲੱਗ ਜਾਵੇ, ਕੀ ਉਥੇ ਸੁਖ ਰਹਿ ਸਕਦਾ ਹੈ? ਮਹਾਰਾਜੇ ਨਾਲ ਜਿਹੜੇ ਬਾਡੀਗਾਰਡ ਸਨ ਇਕ ਦਮ ਕਹਿਰ ਵਿਚ ਆ ਗਏ ਤੇ ਤਲਵਾਰਾਂ ਕੱਢ ਲਈਆਂ। ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, ਗੁੱਸੇ ਨਾਲ ਕੀ ਗੱਲ ਕਰੋਂਗੇ? ਤੁਹਾਡਾ ਹਥ ਤਲਵਾਰਾਂ ਤੇ ਕਿਉਂ ਗਿਆ? ਕਹਿਣ ਲੱਗੇ, ਮਹਾਰਾਜ! ਤੁਹਾਡੇ ਇੱਟ ਮਾਰੀ ਕਿਸੇ ਨੇ। ਮਹਾਰਾਜੇ ਨੇ ਕਿਹਾ, ਲਿਆਓ ਮੇਰੇ ਕੋਲ ਜਿਸਨੇ ਇੱਟ ਮਾਰੀ ਹੈ, ਤੁਸੀਂ ਉਸ ਨੂੰ ਕੁਝ ਨਹੀਂ ਕਹਿਣਾ, ਐਵੇਂ ਉਸਨੂੰ ਫੜੀ ਲਿਆਉਂਦੇ ਲਿਆਉਂਦੇ ਰਾਹ ਵਿਚ ਹੀ ਆਪਣਾ ਜੋਸ਼ ਦਿਖਾ ਦਿਓਂ। ਮਹਾਰਾਜੇ ਵਿਚ ਕਿੰਨਾ ਠਰੰਮਾ ਸੀ। ਸਿਪਾਹੀਆਂ ਨੇ ਸਾਰੇ ਬੱਚੇ ਫੜ ਲਿਆਂਦੇ, ਬੱਚਿਆਂ ਦੇ ਪੀਲੇ ਮੂੰਹ ਹੋ ਗਏ, ਡਰ ਗਏ ਕਿ ਸਾਡੀ ਇੱਟ ਮਹਾਰਾਜੇ ਦੇ ਲੱਗੀ ਹੈ, ਕਿਧਰੇ ਸਾਨੂੰ ਸਾਰਿਆਂ ਨੂੰ ਨਾ ਮਰਵਾ ਦੇਵੇ।

ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਪੁਛਿਆ, ਬੱਚਿਓ! ਤੁਸੀਂ ਮੇਰੇ ਇੱਟ ਮਾਰੀ ਹੈ? ਬੱਚੇ ਕਹਿਣ ਲੱਗੇ, ਸਰਕਾਰ ਅਸੀਂ ਤੁਹਾਡੇ ਇੱਟ ਨਹੀਂ ਮਾਰੀ, ਅਸੀਂ ਤਾਂ ਬੇਰੀ ਦੇ ਮਾਰੀ ਸੀ। ਕਹਿੰਦੇ, ਲੱਗੀ ਤਾਂ ਸਾਡੇ ਆ ਕੇ। ਕਹਿੰਦੇ, ਮਹਾਰਾਜ ਅਸੀਂ ਤਾਂ ਬੇਰੀ ਦੇ ਮਾਰੀ ਸੀ, ਸਾਡੀ ਬਦਕਿਸਮਤੀ ਹੈ ਕਿ ਇੱਟ ਤੁਹਾਨੂੰ ਲੱਗ ਗਈ। ਮਹਾਰਾਜੇ ਨੇ ਕਿਹਾ ਤੁਸੀਂ ਬੇਰੀ ਦੇ ਕਿਉਂ ਇੱਟਾਂ ਮਾਰਦੇ ਹੋ, ਉਸਨੇ ਤੁਹਾਡਾ ਕੀ ਵਿਗਾੜਿਆ ਹੈ? ਕਹਿਣ ਲੱਗੇ, "ਮਹਾਰਾਜ! ਇੱਟ ਮਾਰ ਕੇ ਅਸੀਂ ਬੇਰੀ ਤੋਂ ਬੇਰ ਝਾੜਦੇ ਹਾਂ।"

ਰਾਜੇ ਨੇ ਕਿਹਾ, "ਅੱਛਾ! ਬੇਰੀ ਤੇ ਇੱਟ ਮਾਰਿਆਂ ਤੁਹਾਨੂੰ ਬੇਰ ਮਿਲਦੇ ਹਨ?"

"ਹਾਂ ਜੀ।"

ਬੱਚਿਆਂ ਨੇ ਅਨੁਭਵ ਕੀਤਾ ਕਿ ਮਹਾਰਾਜ ਜੀ ਤਾਂ ਨਰਮਾਈ ਵਿਚ ਆ ਗਏ, ਬੱਚੇ ਸੋਚਣ ਲੱਗੇ, ਮਹਾਰਾਜ ਤਾਂ ਸਾਡੇ ਨਾਲ ਹੱਸ ਹੱਸ ਕੇ ਗੱਲ ਕਰ ਰਹੇ ਹਨ। ਮਹਾਰਾਜ ਨੇ ਸਾਥੀਆਂ ਨੂੰ ਪੁਛਿਆ ਕਿ ਹੁਣ ਇੱਟ ਰਾਜੇ ਦੇ ਲੱਗੀ ਹੈ, ਰਾਜੇ ਨੂੰ ਕੀ ਦੇਣਾ ਚਾਹੀਦਾ ਹੈ? ਸਾਰੇ ਚੁਪ ਕਰ ਗਏ, ਕੋਈ ਕਹੇ ਇਹਨਾਂ ਨੂੰ ਮੁੱਠੀ ਭਰ ਕੇ ਦਿਓ ਰੁਪਇਆ ਦੀ, ਕੋਈ ਕੁਝ ਕਹੇ, ਕੋਈ ਕੁਝ ਕਹੇ। ਮਹਾਰਾਜੇ ਨੇ ਕਿਹਾ, ਦੇਖੋ ਇਕ ਜੜ੍ਹ ਦਰਖਤ ਹੈ, ਜਦੋਂ ਉਸ ਨੂੰ ਇੱਟ ਲਗਦੀ ਹੈ ਤਾਂ ਜਿਹੜਾ ਸਭ ਤੋਂ ਮਿੱਠਾ ਬੇਰ ਹੁੰਦਾ ਹੈ ਉਹ ਗਿਰਦਾ ਹੈ। ਕਦੀ ਕੱਚਾ ਵੀ ਗਿਰਿਆ ਹੈ? ਸਭ ਤੋਂ ਪੱਕਾ ਪਹਿਲਾਂ ਗਿਰੇਗਾ।

ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, ਸਾਡੇ ਲੱਗੀ ਹੈ ਇੱਟ, ਲਿਖੋ ਜੋ ਮੈਂ ਲਿਖਾਉਂਦਾ ਹਾਂ ਕਿ ਜਲਾਲਪੁਰ ਜੱਟਾਂ ਕੋਲ ਪਿੰਡ ਬੁਢਨ ਦੀ ਸਾਰੀ ਜ਼ਮੀਨ ਇਹਨਾਂ ਨੂੰ ਦੇ ਦਿਓ। ਸਾਰੇ ਬੱਚਿਆ ਨੂੰ ਜਗੀਰ ਦੇ ਦਿਤੀ। ਕਿੰਨੀ ਨਿਮਰਤਾ ਸੀ ਰਾਜੇ ਵਿਚ, ਅੱਜ ਤਕ ਇਹ ਕਹਾਣੀ ਯਾਦ ਹੈ।

ਕਿੰਨੀ ਨਿਮਰਤਾ ਸੀ ਮਹਾਰਾਜੇ ਵਿਚ। ਕਾਲ ਪਿਆ ਹੋਇਆ ਸੀ, ਦਾਣਾ ਭਾਲਿਆਂ ਨਹੀਂ ਸੀ ਮਿਲਦਾ। ਸਰਕਾਰੀ ਸਟੋਰ ਫੌਜਾਂ ਵਾਸਤੇ ਭਰਿਆ ਪਿਆ ਹੈ, ਵਕਤ ਬੇਵਕਤ ਵਾਸਤੇ ਗੁਦਾਮ ਕਣਕ ਦਾ ਭਰਿਆ ਪਿਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਢੰਡੋਰਾ ਫਿਰਾ ਦਿਤਾ ਕਿ ਹਿੰਦੂ ਮੁਸਲਮਾਨ ਸਿਖ ਸਭ ਸੁਣ ਲਓ ਕਿ ਕੋਈ ਵੀ ਮੇਰੇ ਰਾਜ ਵਿਚ ਭੁੱਖਾ ਨਾ ਮਰੇ, ਇਮਾਨਦਾਰੀ ਨਾਲ ਇਹ ਕਰ ਲਓ ਕਿ ਜਿੰਨਾ ਦਾਣਾ ਚੁਕ ਕੇ ਲਿਜਾ ਸਕਦੇ ਹੋ ਲੈ ਜਾਓ, ਵੇਚਿਓ ਨਾ, ਜਮਾਂ ਨਾ ਕਰਿਓ, ਜਦੋਂ ਮੁਕ ਗਿਆ ਫੇਰ ਆ ਜਾਇਓ, ਇਸ ਗੱਲ ਦੀ ਗਰੰਟੀ ਮੈਂ ਦਿੰਦਾ ਹਾਂ ਕਿ ਤੁਹਾਨੂੰ ਭੁਖਾ ਨਹੀਂ ਮਰਨ ਦਿੰਦਾ। ਉਸ ਵੇਲੇ ਲੋਕ ਬੜੀ ਇਮਾਨਦਾਰੀ ਨਾਲ ਅਨਾਜ ਦੀ ਪੰਡ ਭਰ ਕੇ ਲੈ ਜਾਂਦੇ ਹਨ। ਇਕ ਬਿਰਧ ਸੀ ਜੋ ਬੜੀ ਦੂਰ ਰਹਿੰਦਾ ਹੈ। ਉਸ ਬਿਰਧ ਨਾਲ ਕੇਵਲ ਇਕ ਛੋਟਾ ਬੱਚਾ ਸੀ ਜਿਸਦੀ ਉਮਰ ਨੌਂ ਸਾਲ ਦੀ ਸੀ ਜੋ ਕਿ ਉਸ ਬਿਰਧ ਦਾ ਪੋਤਾ ਸੀ, ਪੁੱਤਰ ਉਸਦਾ ਚੜ੍ਹਾਈ ਕਰ ਚੁਕਾ ਸੀ। ਪਰਿਵਾਰ ਕਾਫੀ ਵੱਡਾ ਹੈ, ਉਹ ਬਿਰਧ ਹੌਲੀ-ਹੌਲੀ ਤੁਰ ਕੇ ਆਇਆ, ਉਸ ਸਮੇਂ ਤਕ ਜਦੋਂ ਉਹ ਪੁੱਜਿਆ, ਸਟੋਰ ਬੰਦ ਹੋ ਗਿਆ। ਸਾਰਾ ਸਟੋਰ ਸਰਦਾਰ ਲਹਿਣਾ ਸਿੰਘ ਦੇ ਸਪੁਰਦ ਸੀ। ਜਦੋਂ ਲਹਿਣਾ ਸਿੰਘ ਬਾਹਰ ਆਇਆ ਤਾਂ ਉਸ ਨੂੰ ਪੁਛਿਆ, ਭਾਈ ਕੀ ਗੱਲ ਹੈ? ਉਸ ਬਜ਼ੁਰਗ ਨੇ ਕਿਹਾ, ਜੀ ਮੈਂ ਬੜੀ ਦੂਰੋਂ ਦਾਣੇ ਲੈਣ ਆਇਆ ਹਾਂ, ਮੈਂ ਹੌਲੀ ਹੌਲੀ ਤੁਰ ਸਕਦਾ ਹਾਂ? ਮੇਰੇ ਆਉਂਦੇ ਨੂੰ ਸਟੋਰ ਬੰਦ ਹੋ ਗਿਆ। ਉਸਨੇ ਸੇਵਾਦਾਰ ਨੂੰ ਬੁਲਾਇਆ ਤੇ ਸਟੋਰ ਖੁਲਵਾਇਆ। ਉਧਰੋ ਮਹਾਰਾਜ ਆਪ ਫਿਰਦੇ ਫਿਰਦੇ ਦੇਖਦੇ ਹਨ ਕਿ ਸਚਮੁਚ ਦਾਣਾ ਦਿੰਦੇ ਵੀ ਹਨ? ਕਿਧਰੇ ਲੋਕਾਂ ਨੂੰ ਐਵੇਂ ਤੇ ਝਿੜਕਾਂ ਨਹੀਂ ਮਾਰ ਰਹੇ? ਮਹਾਰਾਜਾ ਰਣਜੀਤ ਸਿੰਘ ਨੇ ਭੇਸ ਬਦਲਿਆ ਹੋਇਆ ਸੀ ਤੇ ਦੇਖ ਰਿਹਾ ਸੀ। ਐਨੇ ਨੂੰ ਬਿਰਧ ਨੇ ਦਾਣੇ ਤਾਂ ਪਾ ਲਏ ਪਰ ਹੁਣ ਪੰਡ ਚੁਕੀ ਨਹੀਂ ਜਾਂਦੀ। ਬਿਰਧ ਕਹਿਣ ਲੱਗਾ, ਸਰਦਾਰਾ ਜਿਥੇ ਤੂੰ ਐਨੀ ਮਿਹਰਬਾਨੀ ਕੀਤੀ ਹੈ, ਮੇਰੀ ਪੰਡ ਵੀ ਚੁਕਵਾ ਕੇ ਬਾਹਰ ਰੱਖ ਦੇ। ਪੰਡ ਹੈ ਤਾਂ ਐਨੀ ਹੀ ਕਿ ਇਕ ਬੰਦਾ ਚੁਕ ਲਵੇ ਪਰ ਮੈਂ ਬਿਰਧ ਹਾਂ, ਜੋ ਮੇਰੇ ਨਾਲ ਪੋਤਾ ਹੈ ਉਹ ਕੇਵਲ ਨੌਂ ਸਾਲ ਦਾ ਹੈ। ਸਟੋਰ ਕੀਪਰ ਨੇ ਪੰਡ ਬਾਹਰ ਰਖ ਦਿਤੀ ਤੇ ਸਟੋਰ ਬੰਦ ਕਰਕੇ ਚਲਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇੜੇ ਹੀ ਖੜ੍ਹਾ ਦੇਖੀ ਜਾਂਦਾ ਹੈ। ਦੇਖਦੇ ਦੇਖਦੇ ਕੋਲ ਆ ਗਿਆ ਤੇ ਪੁਛਿਆ, ਬਾਬਾ ਕੀ ਗੱਲ ਤੂੰ ਪੰਡ ਨਹੀਂ ਚੁਕਦਾ, ਕੀ ਤੂੰ ਵੇਚਣੀ ਹੈ? ਨਹੀਂ ਸਰਦਾਰ ਜੀ ਮੈਂ ਵੇਚਣੀ ਨਹੀਂ, ਮੇਰੇ ਕੋਲੋਂ ਚੁਕੀ ਨਹੀਂ ਜਾਂਦੀ। ਤੂੰ ਚੁਕਵਾ ਕੇ ਮੇਰੇ ਸਿਰ ਤੇ ਰਖਵਾ ਦੇ ਮੈਂ ਹੌਲੀ ਹੌਲੀ ਲੈ ਜਾਵਾਂਗਾ, ਕੋਈ ਰਸਤੇ ਵਿਚ ਭਲਾ ਪੁਰਸ਼ ਮਿਲ ਜਾਵੇਗਾ ਤਾਂ ਇਹ ਪੰਡ ਸਿਰੋਂ ਲਹਾ ਕੇ ਚੁਕਵਾ ਦੇਵੇਗਾ, ਮੈਨੂੰ ਕੁਝ ਆਰਾਮ ਮਿਲ ਜਾਵੇਗਾ। ਹੌਲੀ ਹੌਲੀ ਮੈਂ ਘਰ ਤੀਕਰ ਪੁੱਜ ਜਾਵਾਂਗਾ। ਸਰਦਾਰ ਜੀ ਮੇਰਾ ਸਰੀਰ ਬ੍ਰਿਧ ਹੈ, ਸਾਰੀ ਤਾਕਤ ਘੱਟ ਹੋ ਚੁੱਕੀ ਹੈ। ਅੱਖਾਂ ਪੂਰੀ ਤਰ੍ਹਾਂ ਕਿਸੇ ਨੂੰ

ਪਹਿਚਾਣਦੀਆਂ ਨਹੀਂ ਹਨ। ਕੰਨਾਂ ਤੋਂ ਭੀ ਘੱਟ ਸੁਣਦਾ ਹੈ, ਕੋਈ ਉਚੀ ਬੋਲੇ ਤਾਂ ਸਮਝ ਵਿਚ ਉਸ ਦੀ ਗੱਲ ਆ ਜਾਂਦੀ ਹੈ, ਏਵੇਂ ਸਰੀਰ ਦੇ ਹੋਰ ਅੰਗ ਹਨ। ਸਰਦਾਰ ਜੀ ਅੱਲਾਹ ਦੀਆਂ ਪਾਈਆਂ ਤਾਂ ਝਲਣੀਆਂ ਹੀ ਪੈਂਦੀਆਂ ਹਨ। ਜਵਾਨ ਪੁੱਤਰ ਪਰਿਵਾਰ ਛੱਡ ਕੇ ਅੱਲਾਹ ਨੂੰ ਪਿਆਰਾ ਹੋ ਗਿਆ। ਇਹ ਨੀਂਗਣ ਇਆਣਾ ਹੈ, ਸਾਰੇ ਪਰਿਵਾਰ ਦਾ ਬੋਝ ਚੁਕਣਾ ਪੈ ਗਿਆ। ਅਸਾਡਾ ਮਹਾਰਾਜਾ ਕਿੰਨਾ ਦਿਆਲੂ ਹੈ, ਦਾਣਿਆਂ ਦੇ ਭੰਡਾਰ ਪਰਜਾ ਲਈ ਖੋਲ੍ਹ ਦਿਤੇ ਹਨ। ਹੁਣ ਜੋ ਸੁਕਾਲ (ਕਾਲ) ਰੱਬ ਨੇ ਪਾਇਆ ਉਹ ਨਿਕਲ ਜਾਵੇਗਾ। ਬੱਚੇ ਜਿਉਣ ਸਰਕਾਰ ਦੇ, ਕਿੰਨਾ ਤਰਸ ਹੈ ਮਹਾਰਾਜ ਦੇ ਦਿਲ ਵਿਚ। ਉਹ ਇਕ ਅੱਖ ਨਾਲ ਸਭ ਨੂੰ ਵੇਖ ਰਿਹਾ ਹੈ। ਦੇਖ ਸਰਦਾਰਾ, ਮੇਰੇ ਧਰਮ ਵਾਲੇ ਰਾਜਿਆਂ ਨੇ ਅਤਿ ਹੀ ਚੁੱਕੀ ਹੋਈ ਸੀ। ਹਿੰਦੂਆਂ ਨੂੰ ਤਾਂ ਉਹ ਕਾਫਰ ਸਮਝ ਕੇ ਬਹੁਤ ਸਾਰੇ ਕਸ਼ਟ ਦਿੰਦੇ ਸਨ। ਭਲਾ ਹੋਵੇ ਗੁਰੂਆਂ ਦਾ ਜਿਨ੍ਹਾਂ ਦੇ ਸਿੱਖ ਫਰਿਸ਼ਤੇ ਹਨ।

ਗੱਲ ਸੁਣਦਿਆਂ ਹੀ ਮਹਾਰਾਜੇ ਨੂੰ ਬੜਾ ਤਰਸ ਆਇਆ, ਉਸ ਨੇ ਉਸ ਬਿਰਧ ਦੀ ਪੰਡ ਆਪਣੇ ਸਿਰ ਤੇ ਹੀ ਰੱਖ ਲਈ ਤੇ ਟੁਰ ਪਏ। ਮਹਾਰਾਜਾ ਤੇਜ਼ ਟੁਰ ਰਿਹਾ ਸੀ, ਬਿਰਦ ਕੋਲੋਂ ਹੌਲੀ ਹੌਲੀ ਤੁਰਿਆ ਜਾਂਦਾ ਹੈ। ਕਹਿਣ ਲੱਗਿਆ, ਸਰਦਾਰਾ ਤੂੰ ਤਾਂ ਮੇਰਾ ਘਰ ਨਹੀਂ ਜਾਣਦਾ ਪਰ ਮੈਂ ਤੇਜ਼ ਤੁਰਨ ਦੀ ਕੋਸ਼ਿਸ਼ ਕਰਦਾ ਹਾਂ। ਘਰ ਕਾਫੀ ਦੂਰ ਸੀ। ਜਦੋਂ ਘਰ ਦੇ ਨੇੜੇ ਆ ਗਿਆ, ਬਿਰਧ ਕਹਿਣ ਲੱਗਾ ਸਰਦਾਰ ਜੀ, ਮੈਂ ਤੁਹਾਡੇ ਵਰਗਾ ਕੋਈ ਬੰਦਾ ਨਹੀਂ ਦੇਖਿਆ। ਤੂੰ ਮੈਨੂੰ ਆਪਣੇ ਰਾਜੇ ਦੇ ਦਰਸ਼ਨ ਕਰਾ ਸਕਦਾ ਹੈਂ? ਇਕ ਤਾਂ ਮੇਰੀ ਨਿਗ੍ਹਾ ਕਮਜ਼ੋਰ ਹੈ, ਇਕ ਸਾਰੀ ਰਿਆਇਆ ਉਸ ਨੂੰ ਦੇਖਣ ਚਲੀ ਜਾਂਦੀ ਹੈ। ਧੱਕਿਆਂ ਤੋਂ ਡਰਦਾ ਮੈਂ ਅਗੇ ਹੋ ਕੇ ਮਹਾਰਾਜਾ ਦੇ ਦਰਸ਼ਨ ਨਹੀਂ ਕਰ ਸਕਦਾ। ਸਰਦਾਰਾ! ਤੂੰ ਕਦੀ ਮੈਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਸ਼ਨ ਕਰਵਾ ਦੇ। ਮੈਂ ਕਿਸ ਤਰ੍ਹਾਂ ਧੰਨਵਾਦ ਕਰਾਂ, ਇਕ ਤਾਂ ਮੇਰੀ ਜਾਤ ਮੁਸਲਮਾਨ ਹੈ, ਦੂਜਾ ਮੈਂ ਸੱਚ ਦੱਸਾਂ ਕਿ ਲਾਲਚ ਕਰਕੇ ਜ਼ਿਆਦਾ ਕਣਕ ਦਾ ਭਾਰ (ਪੰਡ) ਬੰਨ੍ਹ ਲਿਆ। ਤੈਨੂੰ ਦੇਖ ਕਿੰਨੀ ਖੇਚਲ ਹੋਈ ਹੈ। ਇੰਨੇ ਨੂੰ ਇਕ ਮੁਸਲਮਾਨ ਗਾਰਦ (guard) ਆ ਗਈ ਜੋ ਕਿ ਗਸ਼ਤ ਕਰ ਰਹੇ ਸਨ ਕਿਉਂਕਿ ਫੌਜੀ ਸਨ, ਉਹ ਰਸਾਲੇ ਦਾ ਇਕ ਦਸਤਾ ਸੀ, ਉਹਨਾਂ ਨੇ ਦੂਰੋਂ ਹੀ ਪਛਾਣ ਲਿਆ ਕਿ ਮਹਾਰਾਜ ਆਪਣੇ ਸਿਰੋਂ ਲਾਹ ਕੇ ਕਣਕ ਦੀ ਪੰਡ ਇਸ ਗਰੀਬ ਮੁਸਲਮਾਨ ਦੇ ਘਰ ਰਖਦੇ ਹੋਏ ਆਪਣਾ ਆਪ ਛੁਪਾ ਰਹੇ ਹਨ। ਉਹ ਇਕ ਦਮ ਘੋੜਿਆਂ ਤੋਂ ਉਤਰ ਕੇ ਸੈਲਿਊਟ ਕਰਨ ਲਗ ਪਏ। ਬਿਰਧ ਕਹਿਣ ਲੱਗਾ, ਸਰਦਾਰਾ ਤੂੰ ਤੇ ਕੋਈ ਵੱਡਾ ਅਫਸਰ ਲਗਦਾ ਹੈਂ, ਤੂੰ ਤਾਂ ਮੈਨੂੰ ਦਸਦਾ ਨਹੀਂ। ਐਨੇ ਨੂੰ ਉਹ ਇਕ ਸਿਪਾਹੀ ਨੂੰ ਪੁਛ ਬੈਠਿਆ, ਸਾਊ ਮੈਨੂੰ ਦਸ ਦਿਓ ਇਹ ਕਿਹੜੇ ਅਫਸਰ ਹਨ? ਜਦੋਂ ਦਸਿਆ ਕਿ ਇਹ ਤਾਂ ਮਹਾਰਾਜ ਆਪ ਨੇ, ਤੇਰੀ ਪੰਡ ਚੁਕ ਕੇ ਲਿਆਏ ਨੇ, ਧਾਹਾਂ ਮਾਰ ਕੇ ਬਿਰਧ ਮਹਾਰਾਜੇ ਦੇ ਚਰਨਾਂ ਵਿਚ ਗਿਰ ਗਿਆ, ਰੋਈ ਜਾਂਦਾ ਹੈ। ਉਹਦੇ ਵਿਚੋਂ ਇਕ ਹਵਾਲਦਾਰ ਸੀ ਜੋ ਕਿ ਬਾਅਦ ਵਿਚ ਆਪਣੀ ਵਫਾਦਾਰੀ ਸਦਕੇ ਜਰਨੈਲ ਬਣ ਗਿਆ, ਉਹ ਬਰੇਲੀ ਦੇ ਰਹਿਣ ਵਾਲਾ ਸੀ।

ਜਦੋਂ ਮੈਂ ਆਪਣੇ ਫਾਰਮ ਪਿੰਡ ਫੈਜ਼ਗੰਜ, ਤਹਿਸੀਲ ਬਿਲਾਸਪੁਰ, ਜ਼ਿਲਾ ਰਾਮਪੁਰ ਵਿਚ ਫਾਰਮ ਕਰਦਾ ਸਾਂ ਉਸ ਸਮੇਂ ਮੈਂ ਬਰੇਲੀ ਨੂੰ ਜਾ ਰਿਹਾ ਸਾਂ, ਮੇਰੀ ਕਾਰ ਵਿਚ ਇਕ ਪੁਲਿਸ ਦੇ A.S.I ਬੈਠੇ ਸਨ। ਉਸ ਠਾਣੇਦਾਰ ਨੇ ਜਾਂਦਿਆਂ ਹੋਇਆਂ ਸਾਨੂੰ ਦੱਸਿਆ ਕਿ ਮੇਰੇ ਘਰ ਮੇਰੇ ਬਜ਼ੁਰਗ ਦੀ ਲਿਖੀ ਹੋਈ ਡਾਇਰੀ ਹੈ, ਮੇਰੇ ਪੜਦਾਦੇ ਦੀ ਲਿਖੀ ਹੋਈ ਹੈ ਉਹ ਫੌਜ ਵਿਚ ਜਰਨੈਲ ਸੀ। ਉਸ ਨੇ ਲਿਖਿਆ ਹੋਇਆ ਸੀ ਕਿ ਮੈਂ ਤਾਂ ਮਹਾਰਾਜਾ ਰਣਜੀਤ ਸਿੰਘ ਕੋਲ ਵਿਕ ਗਿਆ ਸੀ ਕਿਉਂਕਿ ਮੈਂ ਇਕ ਐਸੀ ਘਟਨਾ ਦੇਖੀ, ਜੋ ਮੈਂ ਸਾਰੀ ਜ਼ਿੰਦਗੀ ਨਹੀਂ ਭੁਲ ਸਕਿਆ ਤੇ ਫੈਸਲਾ ਕਰ ਲਿਆ ਕਿ ਮੈਂ ਇਸ ਰਾਜੇ ਵਾਸਤੇ ਆਪਣੀ ਜਾਨ ਦੇ ਦੇਣੀ ਹੈ। ਉਹ ਘਟਨਾ ਇਹ ਸੀ ਕਿ ਮਹਾਰਾਜੇ ਨੇ ਇਕ ਗਰੀਬ ਦੀ ਕਣਕ ਦੀ ਭਰੀ ਹੋਈ ਪੰਡ ਆਪਣੇ ਸਿਰ ਤੇ ਚੁੱਕ ਕੇ ਇਕ ਬਿਰਧ ਮੁਸਲਮਾਨ ਦੇ ਘਰ ਪਹੁੰਚਾਈ। ਉਸ ਬਿਰਧ ਨੂੰ ਉਸਦੇ ਚਰਨਾਂ ਤੇ ਧਾਹਾਂ ਮਾਰਦੇ ਦੇਖਿਆ, ਮੇਰੇ ਮੂੰਹੋਂ ਨਿਕਲ ਗਿਆ ਕਿ ਸਰਕਾਰ ਤੁਸੀਂ ਇਕ ਗਰੀਬ ਬੰਦੇ ਵਾਸਤੇ ਐਡਾ ਕੰਮ ਕੀਤਾ ਹੈ, ਮੈਂ ਸੋਚ ਲਿਆ ਇਹ ਮਹਾਰਾਜ ਇਕ ਫਰਿਸ਼ਤਾ ਹੈ ਜਿਸਦੇ ਦਿਲ ਵਿਚ ਗਰੀਬਾਂ ਵਾਸਤੇ ਹੱਦੋਂ ਵੱਧ ਹਮਦਰਦੀ ਹੈ, ਇਸ ਦੀ ਨਿਗ੍ਹਾ ਵਿਚ ਕੋਈ ਮੁਸਲਮਾਨ ਜਾਂ ਹੋਰ ਕੋਈ ਗੈਰ ਨਹੀਂ ਹੈ। ਮਾਪਿਆਂ ਵਾਂਗੂੰ ਆਪਣੀ ਰਈਅਤ ਨਾਲ ਵਰਤਾਉ ਕਰ ਰਿਹਾ ਹੈ। ਮੈਂ ਪ੍ਰਣ ਕੀਤਾ ਕਿ ਮੈਂ ਸਾਰੀ ਜ਼ਿੰਦਗੀ ਮਹਾਰਾਜਾ ਦੀ ਸੇਵਾ ਕਰਾਂਗਾ। ਕਹਿਣ ਲੱਗਾ, ਜਦੋਂ ਸਭਰਾਵਾਂ ਦੀ ਲੜਾਈ ਲੱਗੀ ਤਾਂ ਮੇਰੇ ਕੋਲ ਅੰਗਰੇਜ਼ਾਂ ਦਾ ਇਕ ਜਸੂਸ ਆਇਆ, ਕਹਿਣ ਲੱਗਾ ਤੇਰਾ ਭਰਾ ਓਧਰ ਜਰਨੈਲ ਹੈ, ਤੂੰ ਇਧਰ ਜਰਨੈਲ ਹੈਂ, ਤੂੰ ਇਨ੍ਹਾਂ ਦਾ ਸਾਥ ਛਡ ਦੇ। ਤੇਰੇ ਭਰਾ ਨੇ ਹੀ ਮੈਨੂੰ ਭੇਜਿਆ ਹੈ ਕਿ ਤੂੰ ਆ ਜਾ, ਤੈਨੂੰ ਅੰਗਰੇਜ਼ਾਂ ਦੀ ਫੌਜ ਵਿਚ ਬੜਾ ਵੱਡਾ ਅਹੁਦਾ ਦਿੱਤਾ ਜਾਵੇਗਾ। ਕਹਿਣ ਲੱਗਾ ਮੈਂ ਫਿਰ ਆਪਣੀ ਆਤਮਾ ਦੀ ਆਵਾਜ਼ ਸੁਣੀ। ਅੰਦਰੋਂ ਆਵਾਜ਼ ਆਈ ਕਿ ਤੂੰ ਪੈਸੇ ਦੇ ਲਾਲਚ ਵਿਚ ਐਸੇ ਮਹਾਰਾਜੇ ਦਾ ਸਾਥ ਛਡੇਂਗਾ ਜਿਹੜਾ ਮਹਾਰਾਜਾ ਸਾਰਿਆਂ ਨੂੰ ਇਕੋ ਨਜ਼ਰ ਨਾਲ ਦੇਖਦਾ ਰਿਹਾ ਹੈ। ਕਹਿਣ ਲੱਗਾ ਮੈਂ ਸੇਵਾ ਕਰਕੇ, ਜਦੋਂ ਰਿਟਾਇਰ ਹੋਇਆ ਤਾਂ ਘਰ ਆ ਗਿਆ, ਕਿਤੇ ਵੀ ਸਰਵਿਸ ਨਹੀਂ ਕੀਤੀ। ਜਦੋਂ ਇਸ A.S.I. ਨੇ ਇਸ ਡਾਇਰੀ ਦੀ ਲਿਖਤ ਬਾਰੇ ਮੈਨੂੰ ਦੱਸਿਆ, ਮੈਂ ਉਹਦੇ ਮੂੰਹ ਵੱਲ ਵੇਖੀ ਗਿਆ ਕਿ ਐਨਾ ਚੰਗਾ ਬੰਦਾ ਤੇਰਾ ਬਜ਼ੁਰਗ ਸੀ। ਸਬ ਇੰਨਸਪੈਕਟਰ ਦੱਸਣ ਲੱਗਾ ਕਿ ਇਸ ਡਾਇਰੀ ਵਿਚ ਮਹਾਰਾਜੇ ਬਾਰੇ ਬਹੁਤ ਗੱਲਾਂ ਲਿਖੀਆਂ ਹਨ।

ਮੈਂ ਉਸ ਨੂੰ ਕਿਹਾ, ਤੂੰ ਕਿਸੇ ਇਤਿਹਾਸਕਾਰ ਸ. ਗੰਡਾ ਸਿੰਘ ਵਰਗੇ ਨੂੰ ਦੇ ਦੇਣੀ ਸੀ ਜੋ ਇਸ ਘਟਨਾ ਨੂੰ ਆਪਣੀ ਪੁਸਤਕ ਵਿਚ ਲਿਖ ਲੈਣਗੇ। ਉਹ ਕਹਿਣ ਲੱਗਾ ਇਹ ਤਾਂ ਸਾਡੇ ਖਾਨਦਾਨ ਦਾ ਵਿਰਸਾ ਹੈ ਜੋ ਅਗੋਂ ਆਪਣੀਆਂ ਪੁਸ਼ਤਾਂ ਨੂੰ ਦੇ ਕੇ ਜਾਵਾਂਗਾ। ਸੋ ਦੋ ਹੀ ਚੀਜ਼ਾਂ ਹੁੰਦੀਆਂ ਹਨ – ਨਿਰਮਾਨਤਾ ਤੇ ਅਭਿਮਾਨ। ਸੋ ਮਹਾਰਾਜ ਦਾ ਫੁਰਮਾਨ ਹੈ – 'ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ।' ਸੋ ਭੁੱਲ ਕੇ

ਵੀ ਗਰਬ ਨਹੀਂ ਕਰਨਾ, ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਗਰਬ ਨਾ ਕੀਜੈ ਨਾਨਕਾ,*
*ਮਤ ਸਿਰ ਆਵੈ ਭਾਰ -2, 2.*
*ਪਿਆਰੇ ਮਤ ਸਿਰ ਆਵੇ ਭਾਰ -2, 2.*
*ਗਰਬ ਨਾ ਕੀਜੈ ਨਾਨਕਾ,............... -2.*

***ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥***
***ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥***
*ਪੰਨਾ - 956*

ਨਾਮਦੇਵ ਜੀ ਨੇ ਬਾਦਸ਼ਾਹ ਨੂੰ ਕਿਹਾ, ਕਿਉਂ ਅਹੰਕਾਰ ਕਰਦਾ ਹੈਂ; ਸਿਰ ਤੇ ਪਾਪਾਂ ਦਾ ਬੋਝ ਆ ਜਾਵੇਗਾ। ਵੱਡੇ ਵੱਡੇ ਜਿਹੜੇ ਹੋਏ ਹਨ ਜਿਨ੍ਹਾਂ ਨੇ ਅਹੰਕਾਰ ਕੀਤਾ, ਉਹ ਮਾਰੇ ਗਏ।

ਇਕ ਵਾਰੀ ਸੰਤ ਬੁੱਧੂਸ਼ਾਹ, ਜੋ ਕਿ ਸ਼ਾਹਪੁਰ ਦੇ ਰਹਿਣ ਵਾਲੇ ਸਨ, ਬਹੁਤ ਚੰਗੇ ਮਹਾਤਮਾ ਹੋਏ, ਉਹਨਾਂ ਦਾ ਕੰਮ ਸੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਬੰਦਗੀ ਕਰਨੀ ਫਿਰ ਚੁਰਸਤੇ ਵਿਚ ਬੈਠਦੇ ਸਨ ਜਿਥੇ ਉਹਨਾਂ ਨੇ ਤੰਦੂਰ ਬਣਾਇਆ ਹੋਇਆ ਸੀ ਉਥੇ ਬੈਠ ਕੇ ਆਪ ਪ੍ਰਸ਼ਾਦੇ ਪਕਾਉਣੇ, ਜਿੰਨੀ ਵੀ ਸੰਗਤ ਆਉਣੀ ਸਭ ਨੂੰ ਪ੍ਰਸ਼ਾਦੇ ਛਕਾਉਣੇ। ਇਕ ਦਿਨ ਇਕ ਮੁਗਲ ਸਿਪਾਹੀ ਆ ਗਿਆ, ਉਸ ਸਿਪਾਹੀ ਨੇ ਪ੍ਰਸ਼ਾਦਾ ਮੰਗਿਆ। ਸੰਤਾਂ ਨੇ ਕਿਹਾ ਸਾਡੇ ਧੰਨ ਭਾਗ। ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਵਿਚ ਪਰਮੇਸ਼ਰ ਤੋਂ ਬਿਨਾਂ ਕੋਈ ਨਹੀਂ ਦਿਸਦਾ, ਸੋ ਉਹ ਹਰ ਸਮੇਂ ਪ੍ਰਭੂ ਦੀ ਹੀ ਸੇਵਾ ਕਰਦੇ ਹਨ। ਜਦੋਂ ਉਸ ਸਿਪਾਹੀ ਲਈ ਪ੍ਰਸ਼ਾਦਾ ਤੰਦੂਰ ਵਿਚ ਲਗਾਇਆ ਤਾਂ ਪ੍ਰਸ਼ਾਦਾ ਥੋੜਾ ਜ਼ਿਆਦਾ ਪੱਕ ਗਿਆ, ਇਕ ਦੋ ਰੋਟੀਆਂ ਨੂੰ ਦਾਗ ਲੱਗ ਗਿਆ, ਜਦੋਂ ਸਿਪਾਹੀ ਨੂੰ ਥਾਲੀ ਵਿਚ ਪ੍ਰਸ਼ਾਦਾ ਪਾ ਕੇ ਦਿਤਾ ਤਾਂ ਉਸ ਨੂੰ ਬੜਾ ਕ੍ਰੋਧ ਆਇਆ ਕਿਉਂਕਿ ਪ੍ਰਸ਼ਾਦੇ ਥੋੜ੍ਹੇ ਜਲ ਗਏ ਸਨ। ਉਸਨੇ ਸੰਤ ਬੁੱਧੂ ਸ਼ਾਹ ਨੂੰ ਬਹੁਤ ਬੁਰਾ ਭਲਾ ਕਿਹਾ, ਇਥੋਂ ਤਕ ਕਿ ਉਸ ਨੇ ਸੰਤਾਂ ਦੇ ਮੂੰਹ ਤੇ ਥੱਪੜ ਮਾਰਿਆ। ਸੰਤ ਸਮ ਅਵਸਥਾ ਵਿਚ ਵਿਚਰਨ ਵਾਲੇ ਸਨ, ਆਪ ਨੇ ਕਿਹਾ ਕਿ ਮੁਗਲ ਜੀ ਮੈਨੂੰ ਅਕਲ ਘੱਟ ਹੀ ਹੈ, ਮੇਰੀ ਮਾਂ ਨੇ ਇਸੇ ਕਰਕੇ ਮੇਰਾ ਨਾਮ 'ਬੁੱਧੂ' ਰੱਖਿਆ ਹੈ। ਅੱਗੇ ਤੋਂ ਮੈਂ ਸਾਵਧਾਨੀ ਵਰਤਾਂਗਾ ਅਤੇ ਪ੍ਰਸ਼ਾਦੇ ਹੋਰ ਧਿਆਨ ਨਾਲ ਲਾਹਿਆ ਕਰਾਂਗਾ। ਤੁਸੀਂ ਹੋਰ ਪ੍ਰਸ਼ਾਦੇ ਛਕ ਲਵੋ, ਮੈਂ ਤਾਜੇ ਲਾਹ ਦਿੰਦਾ ਹਾਂ। ਪਰ ਉਹ ਫੇਰ ਭੀ ਨਾ ਮੰਨਿਆ ਅਤੇ ਉਥੋਂ ਚਲਾ ਗਿਆ। ਥੋੜ੍ਹੀ ਅਗੇ ਜਾ ਕੇ ਘੋੜੇ ਤੋਂ ਡਿਗ ਪਿਆ ਤੇ ਲੱਤ ਟੁਟ ਗਈ। ਫਿਰ ਸੰਤ ਬੁੱਧੂ ਸ਼ਾਹ ਕੋਲ ਵਾਪਸ ਲਿਆਂਦਾ ਗਿਆ, ਉਹਨਾਂ ਨੇ ਹੀ ਉਸ ਸਿਪਾਹੀ ਦੀ ਸੇਵਾ ਕੀਤੀ, ਕਿਉਂਕਿ ਸੰਤ ਤਾਂ ਨਿਰਵੈਰ ਹੁੰਦੇ ਹਨ। ਉਹਨਾਂ ਨੂੰ ਆਪਣੇ ਤੇ ਬਿਗਾਨੇ ਵਿਚ ਕੋਈ ਫਰਕ ਨਹੀਂ ਲਗਦਾ। ਫਿਰ ਉਹ ਬਹੁਤ ਪਛਤਾਇਆ ਤੇ ਭੁੱਲ ਦੀ ਮੁਆਫੀ ਮੰਗਦਾ ਸ਼ਰਧਾਲੂ ਬਣ ਗਿਆ।

ਸੋ ਹੰਕਾਰੀ ਬਾਦਸ਼ਾਹ ਨੇ ਮਸਤ ਹਾਥੀ ਨੂੰ ਨਾਮਦੇਵ ਜੀ ਵੱਲ ਭੇਜ ਦਿਤਾ ਕਿ ਹੁਣ ਨਾਮਦੇਵ ਜੀ ਨੂੰ ਖਤਮ ਕਰ ਦੇਵੇਗਾ। ਪਰ ਜਦੋਂ ਹਾਥੀ ਕੋਲ ਗਿਆ, ਉਸਨੇ ਤਾਂ ਸੀਸ ਨਿਵਾ ਦਿਤਾ। ਨਾਮਦੇਵ ਜੀ ਨੂੰ ਕੁਝ ਨਾ ਕੀਤਾ, ਹੋਰ ਜਿਹੜਾ ਸਾਹਮਣੇ ਆਵੇ ਉਸ ਨੂੰ ਚੁਕ ਚੁਕ ਕੇ ਮਾਰੇ। ਹਾਥੀ ਵਾਪਸ ਬੁਲਾ ਲਿਆ। ਨਾਮਦੇਵ ਜੀ ਦੀ ਮਾਤਾ ਪ੍ਰਭੂ ਪਾਸ ਪ੍ਰਾਰਥਨਾ ਕਰ ਰਹੀ ਸੀ, ਹੇ ਬੀਠਲ! ਮੇਰੇ ਪੁਤਰ ਦੀ ਹੁਣ ਲਾਜ ਰੱਖ ਜਿਵੇਂ ਹਰਨਾਖਸ਼ ਤੋਂ ਪ੍ਰਹਿਲਾਦ ਦੀ ਰੱਖਿਆ ਕੀਤੀ ਸੀ। ਮੇਰਾ ਪੁਤਰ ਬਹੁਤ ਸੰਕਟ ਵਿਚ ਹੈ। ਜਦੋਂ ਉਸ ਨੇ ਵੇਖਿਆ ਕਿ ਹਾਥੀ ਨੇ ਕੁਝ ਨਹੀਂ ਕਿਹਾ ਤਾਂ ਉਸ ਨੂੰ ਮਾਤਰੀ ਪਿਆਰ ਨੇ ਬਿਹਬਲ ਕਰ ਦਿਤਾ। ਇਸ ਹੰਕਾਰੀ ਤੇ ਜ਼ਿੱਦੀ ਬਾਦਸ਼ਾਹ ਨੇ ਮੇਰੇ ਪੁੱਤਰ ਦੇ ਪ੍ਰਾਣ ਲੈਣੇ ਹਨ ਤਾਂ ਉਹ ਦੂਰ ਦੂਰ ਤਕ ਦਿਸ ਰਹੀ ਭੀੜ ਵਿਚ ਵਿਰਲਾਪ ਕਰਦੀ ਨਾਮਦੇਵ ਪਾਸ ਆ ਕੇ ਕਹਿਣ ਲੱਗੀ, ਪੁੱਤਰ! ਕਿਉਂ ਪ੍ਰਾਣ ਦਿੰਦਾ ਹੈਂ? ਆਪਣੇ ਪਰਿਵਾਰ, ਆਪਣੀ ਮਾਂ ਵਾਸਤੇ ਜਿਊਂਦਾ ਰਹਿ। ਸੰਸਾਰ ਦੇ ਭਲੇ ਵਾਸਤੇ ਆਪਣੇ ਪ੍ਰਾਣ ਬਚਾ ਲੈ। ਬਾਦਸ਼ਾਹ ਦਾ ਫੁਰਮਾਨ ਹੈ ਕਿ ਤੂੰ ਮੁਸਲਮਾਨ ਬਣ ਜਾ, ਤੇਰੇ ਪ੍ਰਾਣ ਬਚ ਜਾਣਗੇ। ਬੇਟਾ! ਤੂੰ ਤਾਂ ਰਾਮ ਤੇ ਖੁਦਾ ਦੇ ਨਾਮ ਵਿਚ ਕੋਈ ਫਰਕ ਨਹੀਂ ਸਮਝਦਾ, ਰਾਮ ਭੀ ਉਸੇ ਪ੍ਰਮੇਸ਼ਰ ਦਾ ਨਾਮ ਹੈ, ਖੁਦਾ ਭੀ ਉਸੇ ਪ੍ਰਮੇਸ਼ਰ ਦਾ ਨਾਮ ਹੈ; ਰਾਮ ਰਾਮ ਕਹਿਣਾ ਛੱਡ ਕੇ ਖੁਦਾ ਖੁਦਾ, ਅੱਲਾਹ-ਅੱਲਾਹ ਕਹਿਣ ਲਗ ਜਾ।

*ਧਾਰਨਾ - ਰਾਮ ਛੱਡ ਕੇ ਖੁਦਾ ਦਾ ਨਾਮ ਜਪ ਲੈ,*
*ਨਾਮੇ ਦੀ ਮਾਈ ਰੁਦਨ ਕਰੇ - 2, 2*
*ਮੇਰੇ ਪਿਆਰੇ, ਰਾਮੇ ਦੀ ਮਾਈ ਰੁਦਨ ਕਰੇ -2*
*ਰਾਮ ਛੱਡ ਕੇ ਖੁਦਾ ਦਾ..........2*

***ਰੁਦਨੁ ਕਰੈ ਨਾਮੇ ਕੀ ਮਾਇ॥***
***ਛੋਡਿ ਰਾਮੁ ਕੀ ਨ ਭਜਹਿ ਖੁਦਾਇ॥*** *ਪੰਨਾ - 1165*

ਨਾਮਦੇਵ ਜੀ ਆਪਣੀ ਮਾਤਾ ਨੂੰ ਕਹਿਣ ਲੱਗੇ, ਤੂੰ ਡਰ ਕੇ ਮੈਨੂੰ ਕਿਹੋ ਜਿਹਾ ਉਪਦੇਸ਼ ਦਿੰਦੀ ਹੈਂ? ਮਾਰਨਾ ਜਿਊਂਦੇ ਰਖਣਾ ਪ੍ਰਭੂ ਦੇ ਹੱਥ ਵਿਚ ਹੈ ਮੈਂ ਉਸ ਦਾ ਭਰੋਸਾ ਛੱਡ ਕੇ ਇਸਲਾਮ ਕਬੂਲ ਕਰ ਲਵਾਂ। ਮਾਤਾ ਤੂੰ ਕਮਜ਼ੋਰ ਮਾਂ ਹੈਂ। ਸਰੀਰ ਨੇ ਤਾਂ ਸਦਾ ਰਹਿਣਾ ਨਹੀਂ, ਇਥੇ ਹੀ ਛੱਡ ਜਾਣਾ ਹੈ, ਧਰਮ ਨੇ ਨਾਲ ਜਾਣਾ ਹੈ। ਮਾਤਾ! ਮੇਰਾ ਅਸਲੀ ਸਰੂਪ ਆਤਮਾ ਹੈ ਜੋ ਨਾ ਤਲਵਾਰ ਨਾਲ ਕੱਟ ਹੁੰਦੀ ਹੈ, ਨਾ ਅੱਗ ਨਾਲ ਜਲਾਈ ਜਾ ਸਕਦੀ ਹੈ, ਨਾ ਹੀ ਪਾਣੀ ਵਿਚ ਡੁਬਦੀ ਹੈ। ਸਰੀਰ ਨਾਸ਼ਵਾਨ ਹੈ; ਮੈਂ ਸਰੀਰ ਨਹੀਂ ਹਾਂ, ਸਦਾ ਅਮਰ ਹਾਂ, ਸਤਿ ਚਿਤ ਅਨੰਦ ਮੇਰਾ ਰੂਪ ਹੈ। ਇਸ ਬਾਦਸ਼ਾਹ ਪਾਸ ਐਸੀ ਕੋਈ ਤਾਕਤ ਨਹੀਂ ਜੋ ਆਤਮਾ ਨੂੰ ਖੇਦ ਪਹੁੰਚਾ ਸਕੇ, ਜੇ ਤੂੰ ਮੈਨੂੰ ਅਜਿਹਾ ਕਮਜ਼ੋਰ ਉਪਦੇਸ਼ ਦੇਣਾ ਹੈ ਤਾਂ ਮਾਤਾ ਸੁਣ, ਮੈਂ ਤੇਰਾ ਪੁੱਤਰ ਨਹੀਂ ਅਤੇ ਨਾ ਹੀ ਤੂੰ ਮੇਰੀ ਮਾਂ ਹੈਂ। ਸਰੀਰ ਬਿਨਸਦਾ ਹੈ, ਪਿਆ ਬਿਨਸ ਜਾਵੇ ਪਰ ਮੈਂ ਆਖਰੀ ਸੁਆਸ ਤਕ ਆਪਣੇ ਪਿਆਰੇ ਪ੍ਰਭੂ ਦੇ ਗੁਣ ਗਾਉਣੇ ਹਨ। ਇਉਂ ਪੜ੍ਹ ਲਵੋ -

*ਧਾਰਨਾ - ਨਾ ਹਉਂ ਤੇਰਾ ਪੂੰਗੜਾ,*
*ਨਾ ਤੂੰ ਮੇਰੀ ਮਾਏ - 2, 2*
*ਨਾ ਤੂੰ ਮੇਰੀ ਮਾਇਆ, -2*
*ਨਾ ਹਉਂ ਤੇਰਾ ਪੂੰਗੜਾ,..........2*

***ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥***

*ਪਿੰਡੁ ਪੜੈ ਤਉ ਹਰਿ ਗੁਨ ਗਾਇ॥ ਪੰਨਾ - 1165*

ਬਾਦਸ਼ਾਹ ਸੋਚਦਾ ਹੈ ਕਿ ਇਸ ਹਿੰਦੂ ਨੇ ਮੇਰਾ ਮਾਣ ਭੰਗ ਕਰ ਦਿਤਾ ਹੈ। ਸਾਰੇ ਕਾਜ਼ੀ ਮੁੱਲਾਂ ਮੈਨੂੰ ਸਲਾਮਾਂ ਕਰਦੇ ਹਨ ਪਰ ਇਹਦੇ ਮਨ ਵਿਚ ਕੋਈ ਡਰ ਨਹੀਂ ਹੈ।

*ਕਾਜੀ ਮੁਲਾਂ ਕਰਹਿ ਸਲਾਮੁ॥*
*ਇਨਿ ਹਿੰਦੂ ਮੇਰਾ ਮਲਿਆ ਮਾਨੁ॥ ਪੰਨਾ - 1165*

ਸਿਆਣੇ ਸਿਆਣੇ ਬੰਦੇ ਇਕੱਠੇ ਹੋ ਕੇ ਕਹਿਣ ਲੱਗੇ ਕਿ ਬਾਦਸ਼ਾਹ ਨੂੰ ਗਲਤ ਫਹਿਮੀ ਹੋਈ ਹੋਈ ਹੈ, ਇਹ ਸਾਧੂਆਂ ਦੀ ਮਹਿਮਾ ਨੂੰ ਨਹੀਂ ਜਾਣਦਾ, ਉਨ੍ਹਾਂ ਦਾ ਕਿਹਾ ਤਾਂ ਪ੍ਰਭੂ ਭੀ ਮੰਨਦਾ ਹੈ।

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186*

ਬਾਦਸ਼ਾਹ ਨੂੰ ਐਵੇਂ ਜ਼ਿੱਦ ਪਈ ਹੋਈ ਹੈ। ਅਸੀਂ ਬਾਦਸ਼ਾਹ ਨੂੰ ਸਮਝਾਵਾਂਗੇ ਕਿ ਕਾਨੂੰਨ ਵਿਚ ਇਕ ਐਸੀ ਧਾਰਾ ਹੈ ਕਿ ਜਿਸ ਨੂੰ ਸਜਾਏ ਮੌਤ ਦਿੱਤੀ ਜਾ ਰਹੀ ਹੋਵੇ ਅਤੇ ਉਸਦੇ ਭਾਰ ਦੇ ਬਰਾਬਰ ਕੋਈ ਓਨਾਂ ਹੀ ਸੋਨਾ ਦਾਨ ਦੇਵੇ ਤਾਂ ਉਸ ਦੀ ਜਾਨ ਬਖਸ਼ੀ ਹੋ ਜਾਂਦੀ ਹੈ। ਉਹ ਸਿਆਣੇ ਬਾਦਸ਼ਾਹ ਕੋਲ ਜਾ ਕੇ ਬੇਨਤੀ ਕਰਦੇ ਹਨ -

*ਧਾਰਨਾ - ਰਾਜਾ, ਨਾਮੇ ਦੇ ਬਰਾਬਰ ਸੋਨਾ ਲੈ ਲੈ,*
*ਜਾਨ ਬਖਸ਼ੀ ਕਰਦੇ ਏਸਦੀ -2, 2.*
*ਮੇਰੇ ਪਿਆਰੇ, ਜਾਨ ਬਖਸ਼ੀ ਕਰਦੇ ਏਸਦੀ -2, 2.*
*ਰਾਜਾ ਨਾਮੇ ਦੇ ਬਰਾਬਰ ਸੋਨਾ ਲੈ ਲੈ.. -2.*

ਬਾਦਸ਼ਾਹ! ਬੇਨਤੀ ਸੁਣੋ -

*ਬਾਦਿਸਾਹ ਬੇਨਤੀ ਸੁਨੇਹੁ॥*
*ਨਾਮੇ ਸਰ ਭਰਿ ਸੋਨਾ ਲੇਹੁ॥ ਪੰਨਾ - 1165*

ਉਹ ਹੈਰਾਨ ਪਰੇਸ਼ਾਨ ਹੋ ਕੇ ਕਹਿ ਰਿਹਾ ਹੈ ਕਿ ਦੇਖੋ ਸਾਰਾ ਦੇਸ਼ ਮੈਨੂੰ ਸਲਾਮਾਂ ਕਰ ਰਿਹਾ ਹੈ ਪਰ ਇਸ ਨੂੰ ਮੇਰਾ ਕੋਈ ਡਰ ਹੀ ਨਹੀਂ, ਮੇਰਾ ਮਾਣ ਦਲ ਦਿਤਾ ਹੈ ਇਸ ਨੇ -

*ਕਾਜੀ ਮੁਲਾਂ ਕਰਹਿ ਸਲਾਮੁ॥*
*ਇਨਿ ਹਿੰਦੂ ਮੇਰਾ ਮਲਿਆ ਮਾਨੁ॥ ਪੰਨਾ - 1165*

ਦੇਖੋ ਇਕ ਬੰਦਾ ਮੇਰੇ ਕਾਬੂ ਨਹੀਂ ਆ ਰਿਹਾ, ਮੈਨੂੰ ਤਾਂ ਸਾਰੇ ਸਲਾਮਾਂ ਕਰਦੇ ਹਨ। ਇਹਨਾਂ ਸਿਆਣਿਆਂ ਬੰਦਿਆਂ ਨੇ ਬਾਦਸ਼ਾਹ ਨੂੰ ਫੇਰ ਕਿਹਾ, ਐ ਬਾਦਸ਼ਾਹ ਸਲਾਮਤ! ਬੇਨਤੀ ਸੁਣੋ, ਤੁਹਾਡੇ ਕਾਨੂੰਨ ਵਿਚ ਇਹ ਧਾਰਾ ਹੈ ਕਿ ਸਜ਼ਾਏ ਮੌਤ ਵਾਲੇ ਦੇ ਬਰਾਬਰ ਦਾ ਅਗਰ ਸੋਨਾ ਦਿਤਾ ਜਾਵੇ ਤਾਂ ਉਸਦਾ ਦੰਡ ਮਾਫ ਹੋ ਜਾਂਦਾ ਹੈ। ਬਾਦਸ਼ਾਹ ਕਹਿਣ ਲੱਗਾ ਕਿ ਮੈਂ ਹਜ਼ਾਰਾਂ ਮੀਲਾਂ ਦੇ ਦੇਸ਼ ਦਾ ਬਾਦਸ਼ਾਹ ਹਾਂ, ਮੇਰੇ ਖਜ਼ਾਨਿਆਂ ਵਿਚ ਸੋਨੇ ਦੇ ਅੰਬਾਰ ਲੱਗੇ ਪਏ ਹਨ। ਪਰ ਇਹ ਮਸਲਾ ਤਾਂ ਦੀਨ ਨਾਲ ਸਬੰਧ ਰਖਦਾ ਹੈ। ਇਸਨੇ ਮਰਿਆ ਬੰਦਾ ਜੀਊਂਦਾ ਕੀਤਾ ਹੈ, ਸਾਡੇ ਬੰਦੇ ਕਹਿੰਦੇ ਹਨ ਕਿ ਜੀਊਂਦਾ ਨਹੀਂ ਕੀਤਾ ਬਲਕਿ ਧੋਖਾ ਕੀਤਾ ਹੈ, ਇਹ ਤਾਂ ਮਸਲਾ ਦੀਨ ਦਾ ਹੈ। ਜੇਕਰ ਇਹਦੇ ਵਿਚ ਮੈਂ ਪੈਸੇ ਜਾਂ ਸੋਨਾ ਲਵਾਂ ਤਾਂ ਮੈਂ ਲਾਲਚੀ ਕਹਾਵਾਂਗਾ। ਫੇਰ ਮੈਨੂੰ ਦਰਗਾਹ ਵਿਚ ਜਾ ਕੇ ਸਜ਼ਾ ਮਿਲੇਗੀ।

*ਧਾਰਨਾ - ਦੋਜਕ ਨੂੰ ਜਾਊਂਗਾ,*
*ਸੋਨਾ ਜੇ ਲੈ ਲਿਆ ਮੈਂ ਤਾਂ -2, 2.*
*ਸੋਨਾ ਜੇ ਲੈ ਲਿਆ ਮੈਂ ਤਾਂ -2, 2.*
*ਦੋਜਕ ਨੂੰ ਜਾਊਂਗਾ, .................. -2.*

ਬਾਦਸ਼ਾਹ ਕਹਿਣ ਲੱਗਾ ਕਿ ਜੇਕਰ ਮਾਲ ਲੈ ਲਿਆ ਤਾਂ ਮੈਂ ਦੋਜ਼ਕ ਦੀ ਅੱਗ ਵਿਚ ਸੜਾਂਗਾ -

*ਮਾਲੁ ਲੇਉ ਤਉ ਦੋਜਕਿ ਪਰਉ॥*
*ਦੀਨੁ ਛੋਡਿ ਦੁਨੀਆ ਕਉ ਭਰਉ॥ ਪੰਨਾ - 1165*

ਦੀਨ ਦਾ ਮਾਮਲਾ ਹੈ, ਨਾਮਦੇਵ ਮੇਰੀ ਗਾਂ ਹੀ ਜੀਊਂਦੀ ਕਰੇ।

ਉਸ ਵੇਲੇ ਬਾਦਸ਼ਾਹ ਨੇ ਕਿਹਾ, ਸੁਣ ਨਾਮਦੇਵ! ਅਸੀਂ ਤੈਨੂੰ ਸਿਰਫ ਇਕ ਪਹਿਰ ਦੀ ਮੋਹਲਤ ਦਿੰਦੇ ਹਾਂ। ਜਦੋਂ ਪਹਿਰ ਪੂਰਾ ਹੋ ਜਾਵੇਗਾ ਉਸ ਵੇਲੇ ਉਧਰੋਂ ਘੰਟਾ ਵਜੇਗਾ ਤੇ ਤੇਰੀ ਗਰਦਨ ਕੱਟ ਕੇ ਧਰਤੀ ਤੇ ਗਿਰ ਜਾਵੇਗੀ। ਸੋ ਨਾਮਦੇਵ! ਜੇ ਤੂੰ ਬ੍ਰਾਹਮਣ ਦਾ ਬੱਚਾ ਜੀਊਂਦਾ ਕੀਤਾ ਹੈ ਤਾਂ ਇਸ ਗਾਂ ਨੂੰ ਵੀ ਜੀਊਂਦੀ ਕਰ, ਨਹੀਂ ਤਾਂ ਮਰਨ ਵਾਸਤੇ ਤਿਆਰ ਹੋ ਜਾ। ਉਸ ਵੇਲੇ ਸਾਰੇ ਲੋਕ ਹੈਰਾਨ ਹੋਈ ਜਾ ਰਹੇ ਹਨ। ਬਾਦਸ਼ਾਹ ਜ਼ਿੱਦ ਪਿਆ ਹੋਇਆ ਹੈ, ਸੰਤ ਬਹੁਤ ਉਚੇ ਹਨ ਸੋ ਸਾਰੇ ਸੋਚ ਰਹੇ ਹਨ ਕਿ ਪਰਮੇਸ਼ਰ ਨੇ ਆ ਹੀ ਜਾਣਾ ਹੈ। ਕਈ ਕਹਿੰਦੇ ਜਾ ਰਹੇ ਹਨ ਕਿ ਪਰਮੇਸ਼ਰ ਪਹਿਲਾਂ ਤਾਂ ਆਉਂਦੇ ਸੀ ਪਰ ਜਦੋਂ ਤੋਂ ਇਸਲਾਮ ਵਾਲੇ ਆਏ ਹਨ ਉਦੋਂ ਤੋਂ ਪਰਮੇਸ਼ਰ ਨੇ ਆਉਣਾ ਹੀ ਬੰਦ ਕਰ ਦਿਤਾ ਹੈ, ਸੋ ਹੁਣ ਪਰਮੇਸ਼ਰ ਕਿਸੇ ਦੀ ਮਦਦ ਨਹੀਂ ਕਰਦਾ, ਦੁਨੀਆਂ ਦੁਚਿਤੀ ਹੋਈ ਖੜ੍ਹੀ ਹੈ। ਉਧਰੋਂ ਨਾਮਦੇਵ ਜੀ ਦੇ ਹੱਥਾਂ ਤੇ ਪੈਰਾਂ ਵਿਚ ਜੋ ਬੇੜੀਆਂ ਸਨ, ਉਹ ਉਨ੍ਹਾਂ ਦੇ ਸਾਜ਼ ਵਜਾ ਕੇ ਇਸ ਤਰ੍ਹਾਂ ਪਰਮੇਸ਼ਰ ਦੀ ਯਾਦ ਵਿਚ ਲੀਨ ਹੋ ਗਏ -

*ਧਾਰਨਾ - ਗਾਵੇ ਗੁਨ ਗੋਪਾਲ,*
*ਨਾਮਾ ਗਾਵੈ, ਨਾਮਾ ਗਾਵੈ -2, 4.*

*ਪਾਵਹੁ ਬੇੜੀ ਹਾਥਹੁ ਤਾਲ॥*
*ਨਾਮਾ ਗਾਵੈ ਗੁਨ ਗੋਪਾਲ॥ ਪੰਨਾ - 1166*

ਨਾਮਦੇਵ ਜੀ ਬੇਪਰਵਾਹ ਹੋ ਕੇ ਵਾਹਿਗੁਰੂ ਜੀ ਦੇ ਗੁਣ ਗਾ ਰਹੇ ਹਨ। ਨਾ ਕੋਈ ਫੁਰਨਾ ਹੈ, ਨਾ ਕੋਈ ਚਿੰਤਾ ਹੈ, ਬਸ ਇਹੀ ਖਿਆਲ ਹੈ ਕਿ ਜੋ ਮੇਰੇ ਪ੍ਰਭੂ ਨੂੰ ਭਾਉਂਦਾ ਹੈ, ਓਹੀ ਠੀਕ ਹੈ, ਰਜ਼ਾਅ ਵਿਚ ਰਾਜ਼ੀ ਹਨ। ਕੋਈ ਸ਼ਕਤੀ ਦਿਖਾਉਣ ਵਾਸਤੇ ਕੋਈ ਫੁਰਨਾ ਨਹੀਂ ਬਣਦਾ। ਬਸ ਏਹੋ ਗੁਣ ਗਾ ਰਹੇ ਹਨ।

*ਪਾਵਹੁ ਬੇੜੀ ਹਾਥਹੁ ਤਾਲ॥*
*ਨਾਮਾ ਗਾਵੈ ਗੁਨ ਗੋਪਾਲ॥*
*ਗੰਗ ਜਮੁਨ ਜਉ ਉਲਟੀ ਬਹੈ॥*
*ਤਉ ਨਾਮਾ ਹਰਿ ਕਰਤਾ ਰਹੈ॥ ਪੰਨਾ - 1166*

ਜੇਕਰ ਗੰਗਾ ਜਮਨਾ ਉਲਟੀ ਵਹਿ ਕੇ ਕੈਲਾਸ਼ ਪਰਬਤ ਵੱਲ ਚਲ ਪਵੇ, ਮੈਂ ਤਾਂ ਵੀ ਪਰਮੇਸ਼ਰ ਦੇ ਗੁਣ ਗਾਉਣ ਤੋਂ ਨਹੀਂ ਹਟਣਾ। ਇਸ ਤਰ੍ਹਾਂ ਕਰਦੇ ਥੋੜੀ ਦੇਰ ਬਾਅਦ ਸਾਢੇ ਚੌਵੀ ਮਿੰਟ ਬੀਤ ਜਾਂਦੇ ਹਨ। ਘੜਿਆਲ ਤੇ ਘੰਟੀ ਵੱਜ ਗਈ, ਸਾਰੇ ਗਿਣ ਰਹੇ ਹਨ, ਸੱਤ ਘੜੀਆਂ ਬੀਤ ਗਈਆਂ, ਅੱਧੀ ਘੜੀ ਬਾਕੀ ਰਹਿ ਗਈ, ਉਸ ਵੇਲੇ ਸਾਰਿਆਂ ਦਿਲਾਂ ਵਿਚ

ਘਬਰਾਹਟ ਹੋ ਗਈ ਕਿ ਹੁਣ ਕੀ ਹੋਵੇਗਾ। ਅਜੇ ਤਕ ਵੀ ਕੋਈ ਗੱਲ ਨਹੀਂ ਹੋਈ। ਪ੍ਰਮੇਸ਼ਰ ਤਾਂ ਨਾਮਦੇਵ ਦੀ ਰੱਖਿਆ ਕਰਨ ਆਇਆ ਹੀ ਨਹੀਂ।

***ਧਾਰਨਾ – ਤਿੰਨਾਂ ਲੋਕਾਂ ਦਾ ਪਤੀ ਨਾ ਅਜੇ ਬਹੁੜਿਆ,***
***ਸੱਤ ਘੜੀਆਂ ਬੀਤ ਚੁਕੀਆਂ –2, 2.***
***ਮੇਰੇ ਪਿਆਰੇ, ਸੱਤ ਘੜੀਆਂ ਬੀਤ ਚੁਕੀਆਂ –2, 2.***
***ਤਿੰਨਾ ਲੋਕਾਂ ਦਾ ਪਤੀ ਨਾ ਅਜੇ ਬਹੁੜਿਆ... –2.***

***ਸਾਤ ਘੜੀ ਜਬ ਬੀਤੀ ਸੁਣੀ॥***
***ਅਜਹੁ ਨ ਆਇਓ ਤ੍ਰਿਭਵਣ ਧਣੀ॥ ਪੰਨਾ – 1166***

ਸਾਰਿਆਂ ਦੇ ਦਿਲਾਂ ਵਿਚ ਹੌਲ ਪੈ ਗਿਆ ਕਿ ਹੁਣ ਤਾਂ ਕੇਵਲ ਅੱਧੀ ਘੜੀ ਬਾਕੀ ਰਹਿੰਦੀ ਹੈ। ਜੇਕਰ ਰੱਬ ਸੱਤ ਘੜੀਆਂ ਵਿਚ ਨਹੀਂ ਆਇਆ ਤੇ ਹੁਣ ਕਿਥੇ ਆ ਜਾਊ? ਸਾਰਿਆਂ ਦੇ ਦਿਲਾਂ ਵਿਚ ਅਰਦਾਸ ਚਲਦੀ ਹੈ, ਹੇ ਪ੍ਰਭੂ! ਤੂੰ ਆਪਣੇ ਭਗਤ ਦੀ ਲਾਜ ਰਖ ਲੈ। ਜੇਕਰ ਐਸ ਵੇਲੇ ਆਪਣੇ ਭਗਤ ਦੀ ਲਾਜ ਨਾ ਰਖੀ ਤਾਂ ਦੁਨੀਆ ਦਾ ਵਿਸ਼ਵਾਸ ਉਠ ਜਾਵੇਗਾ। ਹੁਣ ਤੂੰ ਆ ਕੇ ਆਪਣੇ ਭਗਤ ਦੀ ਰਾਖੀ ਕਰ, ਬਾਰ ਬਾਰ ਸਾਰੇ ਬੇਨਤੀ ਕਰ ਰਹੇ ਹਨ। ਜਦੋਂ ਪੰਦਰਾਂ ਮਿੰਟ ਹੋਰ ਲੰਘ ਗਏ ਤਾਂ ਸਾਰਿਆਂ ਨੇ ਕੀ ਦੇਖਿਆ ਕਿ ਨਾਮਦੇਵ ਜੀ ਉਠ ਕੇ ਖੜ੍ਹੇ ਹੋ ਗਏ ਤੇ ਦੋਨੋਂ ਹੱਥ ਜੋੜ ਲਏ, ਨਮਸ਼ਕਾਰ ਕਰ ਰਹੇ ਹਨ। ਲੋਕ ਅੰਦਾਜ਼ੇ ਲਾ ਰਹੇ ਹਨ ਕਿ ਕੀ ਹੋਇਆ ਹੋਣਾ ਹੈ ਜੋ ਨਾਮਦੇਵ ਜੀ ਉਠ ਕੇ ਖੜ੍ਹੇ ਹੋ ਗਏ, ਤੇ ਮੱਥਾ ਟੇਕ ਰਹੇ ਹਨ। ਕਈਆਂ ਨੇ ਸੋਚਿਆ ਕਿ ਹੁਣ ਅੰਤ ਸਮਾਂ ਆ ਗਿਆ ਹੋਵੇਗਾ। ਹੁਣ ਕੇਵਲ ਸੱਤ ਅੱਠ ਮਿੰਟ ਹੋਰ ਰਹਿ ਗਏ।

ਇਸ ਤੋਂ ਬਾਅਦ ਹੁਣ ਜਲਾਦ ਨਾਮਦੇਵ ਜੀ ਦਾ ਸਿਰ ਕੱਟਣ ਦੀ ਤਿਆਰੀ ਕਰਨ ਲੱਗ ਪਿਆ। ਜਿਸ ਵੇਲੇ ਨਾਮਦੇਵ ਜੀ ਨੇ ਮੱਥਾ ਟੇਕਿਆ ਸੀ, ਉਸ ਵੇਲੇ ਪਰਮੇਸ਼ਰ ਸਰਗੁਨ ਸਰੂਪ ਵਿਚ ਆ ਗਏ। ਮੈਂ ਪਹਿਲਾਂ ਵੀ ਦਸਿਆ ਹੈ ਕਿ ਵਾਹਿਗੁਰੂ ਦਾ ਕੋਈ ਰੂਪ ਨਹੀਂ ਹੈ, ਇਹ ਕੇਵਲ ਤੁਹਾਡੀ ਭਾਵਨਾ ਹੈ, ਜਿਸ ਰੂਪ ਵਿਚ ਪਰਮੇਸ਼ਰ ਨੂੰ ਦੇਖਣਾ ਚਾਹੋ, ਉਸ ਸਰੂਪ ਵਿਚ ਦਰਸ਼ਨ ਹੋਣਗੇ। ਜੇ ਗੁਰੂ ਨਾਨਕ ਨੂੰ ਦੇਖਣਾ ਚਾਹੋ ਜਾਂ ਦਸਵੇਂ ਪਾਤਸ਼ਾਹ ਨੂੰ ਦੇਖਣਾ ਚਾਹੋ, ਉਹੋ ਜਿਹੇ ਹੀ ਦਰਸ਼ਨ ਹੋਣਗੇ। ਕਿਸੇ ਮਹਾਤਮਾ ਦੇ ਰੂਪ ਵਿਚ ਦੇਖਣਾ ਚਾਹੋ ਤਾਂ ਉਸ ਤਰ੍ਹਾਂ ਹੀ ਦਰਸ਼ਨ ਹੋਣਗੇ, ਜੇ ਕਿਸੇ ਦੇਵਤਾ ਦੇ ਰੂਪ ਵਿਚ ਚਾਹੋ ਤਾਂ ਵੀ ਉਸੇ ਤਰ੍ਹਾਂ ਹੀ ਦਰਸ਼ਨ ਹੋਣਗੇ। ਆਮ ਤੌਰ ਤੇ ਸੋਚਦੇ ਹਨ ਕਿ ਚਾਰ ਬਾਹਾਂ ਵਾਲਾ ਹੋਵੇਗਾ, ਹੱਥ ਵਿਚ ਸੰਖ ਹੈ, ਗਦਾ ਹੈ, ਫੁਲ ਹੈ, ਵਾਹਿਗੁਰੂ ਐਸੇ ਕਿਸਮ ਦਾ ਹੋਵੇਗਾ। ਸਾਰੇ ਰੂਪ ਵਾਹਿਗੁਰੂ ਜੀ ਦੇ ਹੀ ਹਨ ਜਿਸ ਰੂਪ ਤੇ ਭਾਵਨਾ ਲੈ ਆਓ, ਉਹ ਉਸੇ ਰੂਪ ਵਿਚ ਸਾਕਾਰ ਹੋ ਕੇ ਦਰਸ਼ਨ ਦਿੰਦਾ ਹੈ। ਜਿਸ ਵੇਲੇ ਇਹ ਟਾਈਮ ਲੰਘਿਆ ਉਸ ਵੇਲੇ –

***ਪਾਖੰਤਣ ਬਾਜ ਬਜਾਇਲਾ॥***
***ਗਰੁੜ ਚੜ੍ਹੇ ਗੋਬਿੰਦ ਆਇਲਾ॥***
***ਅਪਨੇ ਭਗਤ ਪਰਿ ਕੀ ਪ੍ਰਤਿਪਾਲ॥***
***ਗਰੁੜ ਚੜ੍ਹੇ ਆਏ ਗੋਪਾਲ॥ ਪੰਨਾ – 1166***

ਗਰੁੜ ਤੇ ਚੜ੍ਹੇ ਹੋਏ ਪਰਮੇਸ਼ਰ ਇਕ ਦਮ ਆ ਗਏ, ਬਾਕੀਆਂ ਨੂੰ ਤਾਂ ਨਜ਼ਰ ਨਹੀਂ ਆ ਰਹੇ। ਕਿੰਨੇ ਉਚੇ ਭਾਗ ਹਨ ਜਿਸ ਨੂੰ ਵਾਹਿਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਸਭ ਨੇ ਅੰਦਾਜ਼ਾ ਲਾ ਲਿਆ ਕਿ ਜ਼ਰੂਰ ਕੁਝ ਹੋਇਆ ਹੈ ਕਿਉਂਕਿ ਨਾਮਦੇਵ ਜੀ ਕਿਸੇ ਅੱਗੇ ਬਾਰ ਬਾਰ ਮੱਥੇ ਟੇਕੀ ਜਾਂਦੇ ਹਨ।

ਉਸ ਵੇਲੇ ਪ੍ਰਭੂ ਨੇ ਨਾਮਦੇਵ ਜੀ ਨੂੰ ਕਿਹਾ ਕਿ ਇਸ ਬਾਦਸ਼ਾਹ ਨੇ ਤੈਨੂੰ ਬਹੁਤ ਦੁਖੀ ਕੀਤਾ ਹੈ। ਮੈਨੂੰ ਦੱਸ, ਜੇ ਤੂੰ ਕਹੇਂ ਤਾਂ ਮੈਂ ਧਰਤੀ ਉਲਟਾ ਦਿੰਦਾ ਹਾਂ, ਜੇ ਤੂੰ ਕਹੇਂ ਮੈਂ ਸਾਰੀ ਧਰਤੀ ਚੁਕ ਕੇ ਇਸ ਦੇ ਸਿਰ ਤੇ ਰੱਖ ਦਿੰਦਾ ਹਾਂ, ਜੇ ਤੇਰੀ ਮੌਜ ਹੈ ਤਾਂ ਮੈਂ ਮਰੀ ਹੋਈ ਗਊ ਜੀਊਂਦੀ ਕਰ ਦਿੰਦਾ ਹਾਂ, ਨਾਲੇ ਦੇਖ ਲੈਣਗੇ, ਪਰਤਿਆਵਾਂ ਦੇਖ ਲੈਣਗੇ।

***ਧਾਰਨਾ – ਧਰਤੀ ਉਲਟਾ ਦਿਆਂ ,***
***ਆਖੇਂ ਜੇ ਨਾਮਿਆ ਮੈਨੂੰ – 2, 2.***
***ਆਖੇਂ ਜੇ ਨਾਮਿਆ ਮੈਨੂੰ – 2, 2.***
***ਧਰਤੀ ਉਲਟਾ ਦਿਆਂ ................ –2.***

***ਕਹਹਿ ਤ ਧਰਣਿ ਇਕੋਡੀ ਕਰਉ॥***
***ਕਹਿਹ ਤ ਲੇ ਕਰਿ ਊਪਰਿ ਧਰਉ॥***
***ਕਹਹਿ ਤ ਮੁਈ ਗਊ ਦੇਉ ਜੀਆਇ॥***
***ਸਭੁ ਕੋਈ ਦੇਖੈ ਪਤੀਆਇ॥ ਪੰਨਾ – 1166***

ਨਾਮਦੇਵ ਜੀ ਕਹਿਣ ਲਗੇ ਕਿ ਹੇ ਪ੍ਰਭੂ! ਮਾਇਆ ਦੇ ਅਸਰ ਕਰਕੇ ਇਹ ਸਭ ਲੋਕ ਭੁਲੇ ਹੋਏ ਹਨ। ਜੇ ਧਰਤੀ ਉਲਟਾ ਦਿਤੀ ਤਾਂ ਸਾਰੇ ਦੁਖੀ ਹੋਣਗੇ। ਜੇ ਭੁਚਾਲ ਆ ਗਿਆ ਤਾਂ ਮਕਾਨ ਗਿਰ ਜਾਣਗੇ। ਉਚੇ ਥਾਵਾਂ ਤੇ ਸਮੁੰਦਰ ਚੜ੍ਹ ਜਾਵੇਗਾ। ਸਮੁੰਦਰਾਂ ਵਿਚ ਸੁੱਕਾ ਥਾਂ ਆ ਜਾਏਗਾ। ਸਾਰੀ ਅਬਾਦੀ ਮਾਰੀ ਜਾਵੇਗੀ। ਇਹ ਬਾਦਸ਼ਾਹ ਵੀ ਭੁਲਿਆ ਹੋਇਆ ਹੈ। ਤੁਸੀਂ ਗਊ ਜੀਊਂਦੀ ਕਰ ਦਿਓ, ਸਾਰਾ ਝਗੜਾ ਹੀ ਗਊ ਦਾ ਹੈ, ਜੀਊਂਦੀ ਕਰ ਦਿਓ। ਪਰਮੇਸ਼ਰ ਨੇ ਕਿਹਾ, ਜਾਹ ਇਹਨਾਂ ਨੂੰ ਕਹਿ, ਬਛੜਾ ਛੱਡ ਦੇਣ। ਬਛੜਾ ਛੱਡ ਦਿਤਾ, ਨਾਮਦੇਵ ਜੀ ਨੇ ਛਿਟਾ ਮਾਰਿਆ ਤੇ ਗਊ ਖੜ੍ਹੀ ਹੋ ਗਈ, ਕਿਧਰੇ ਖੂਨ ਗਿਆ, ਅੰਤੜੀਆਂ ਜੋ ਬਾਹਰ ਨਿਕਲੀਆਂ ਹੋਈਆਂ ਸਨ ਉਹ ਅੰਦਰ ਆ ਗਈਆਂ, ਬਛੜਾ ਛੱਡ ਕੇ ਗਊ ਚੋ ਕੇ ਮਟਕੀ ਦੁੱਧ ਦੀ ਭਰ ਦਿਤੀ।

***ਨਾਮਾ ਪ੍ਰਣਵੈ ਸੇਲ ਮਸੇਲ॥***
***ਗਊ ਦੁਹਾਈ ਬਛਰਾ ਮੇਲਿ॥***
***ਦੂਧਹਿ ਦੁਹਿ ਜਬ ਮਟੁਕੀ ਭਰੀ॥***
***ਲੇ ਬਾਦਿਸਾਹ ਕੇ ਆਗੇ ਧਰੀ॥ ਪੰਨਾ – 1166***

ਲਿਆ ਕੇ ਬਾਦਸ਼ਾਹ ਦੇ ਅੱਗੇ ਰੱਖ ਦਿਤੀ, ਬਾਦਸ਼ਾਹ ਬੜਾ ਸ਼ਰਮਿੰਦਾ ਹੋਇਆ, ਕਾਜੀ ਮੁਲਾਂ ਸਭ ਬੜੇ ਸ਼ਰਮਿੰਦੇ ਹੋਏ ਜਿਹੜੇ ਕਹਿੰਦੇ ਸੀ ਕਿ ਧੋਖਾ ਕੀਤਾ, ਹੁਣ ਉਹਨਾਂ ਨੂੰ ਕੋਈ ਜਵਾਬ ਨਹੀਂ ਆਉਂਦਾ।

ਸੋ ਬਾਦਸ਼ਾਹ ਉਠ ਕੇ ਆਪਣੇ ਮਹਿਲਾਂ ਵਿਚ ਚਲਾ ਗਿਆ ਪਰ ਅਜੇ ਵੀ ਮਾਫੀ ਨਹੀਂ ਮੰਗੀ, ਐਨਾ ਹੰਕਾਰਿਆ ਹੋਇਆ ਬੰਦਾ ਸੀ। ਪਰਤੱਖ ਦੇਖ ਲਿਆ ਕਿ ਪਰਮੇਸ਼ਰ ਆ ਗਿਆ, ਅੱਲਾ ਤਾਲਾ ਆ ਗਿਆ, ਗਊ ਜੀਊਂਦੀ ਕਰ ਦਿਤੀ, ਦੱਧ ਚੋ ਲਿਆ, ਮਟਕੀ ਲਿਆ ਕੇ ਮੇਰੇ ਅੱਗੇ ਵੀ ਰੱਖ ਦਿਤੀ,

ਮੈਂ ਦੇਖ ਵੀ ਰਿਹਾ ਹਾਂ ਕਿ ਗਊ ਖੜ੍ਹੀ ਜੁਗਾਲੀ ਵੀ ਕਰ ਰਹੀ ਹੈ, ਹੁਣ ਤਾਂ ਮੈਂ ਮਾਫੀ ਮੰਗ ਲਵਾਂ। ਮਾਫੀ ਨਹੀਂ ਮੰਗੀ, ਐਡਾ ਹੰਕਾਰ। ਜਿਹੜੇ ਭਗਤਾਂ ਨੂੰ ਤੰਗ ਕਰਦੇ ਹਨ ਉਹਨਾਂ ਨੂੰ ਕਦੀ ਵੀ ਸੁਖ ਨਹੀਂ ਮਿਲਦਾ।

*ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,*
*ਮੁਗਧ ਨਰ ਸੰਤਾਂ ਨਾਲ ਖਹੰਦੇ -2, 2.*
*ਸੰਤਾਂ ਨਾਲ ਖਹੰਦੇ ਮੁਗਧ ਨਰ -2, 2.*
*ਸੁਖ ਕਦੇ ਨਾ ਪਾਉਂਦੇ ਜੀ ,..... -2.*

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥*
*ਪੰਨਾ - 306*

ਬਾਦਸ਼ਾਹ ਜਾ ਕੇ ਅਜੇ ਆਪਣੇ ਮਹਿਲ ਵਿਚ ਬੈਠਾ ਹੀ ਸੀ ਕਿ ਚੀਕਾਂ ਮਾਰਨ ਲੱਗ ਪਿਆ, ਪੇਟ ਵਿਚ ਸਖਤ ਦਰਦ ਉਠਿਆ, ਨਾ ਕੋਈ ਦਵਾਈ ਲਗ ਰਹੀ ਹੈ, ਨਾ ਕੋਈ ਹਕੀਮ ਕੁਝ ਕਰ ਰਹੇ ਹਨ। ਤਰਲੇ ਕਰ ਰਿਹਾ ਹੈ ਕਿ ਮੈਨੂੰ ਬਚਾਓ, ਮੈਨੂੰ ਬਚਾਓ, ਮੈਂ ਮਰ ਗਿਆ, ਮੇਰਾ ਅੰਤ ਸਮਾਂ ਆ ਗਿਆ ਲਗਦਾ ਹੈ। ਇਕ ਸਿਆਣੇ ਨੇ ਕਿਹਾ ਕਿ ਬਾਦਸ਼ਾਹ ਦੇਖੋ! ਨਾਮਦੇਵ ਜੀ ਹੈ ਤਾਂ ਭਗਤ, ਭਾਵੇਂ ਹਿੰਦੂ ਹੈ; ਜੇ ਕਿਸੇ ਭਗਤ ਨੂੰ ਤੰਗ ਕਰੋ ਤਾਂ ਪਰਮੇਸ਼ਰ ਨਾਰਾਜ਼ ਹੋ ਜਾਂਦਾ ਹੈ, ਉਹ ਦੁਖੀ ਹੋ ਜਾਂਦਾ ਹੈ, ਫਿਰ ਦੁਖਿਆ ਹੋਇਆ ਸਜ਼ਾ ਦੇ ਦਿੰਦਾ ਹੈ। ਤੁਸੀਂ ਜਾ ਕੇ ਭਗਤ ਨਾਮਦੇਵ ਜੀ ਦੇ ਚਰਨ ਫੜ ਲਓ, ਹੋਰ ਕੋਈ ਇਲਾਜ ਨਹੀਂ ਹੈ। ਉਸ ਵੇਲੇ ਕਾਜੀ ਮੁਲਾਂ ਇਕੱਠੇ ਕੀਤੇ ਤੇ ਬਾਦਸ਼ਾਹ ਨੇ ਕਿਹਾ ਕਿ ਦੇਖੋ, ਤੁਸੀਂ ਮੇਰੀ ਇਕ ਸੰਤ ਨਾਲ ਲੜਾਈ ਕਰਾਈ ਹੈ ਤੁਸੀਂ ਕਸੂਰਵਾਰ ਹੋ, ਹੁਣ ਇੰਜ ਕਰੋ ਕਿ ਮੇਰੇ ਵਲੋਂ ਗਲ ਵਿਚ ਪੱਲਾ ਪਾਓ ਤੇ ਮੂੰਹ ਵਿਚ ਫੜੋ ਘਾਹ, ਤੇ ਨਾਮਦੇਵ ਜੀ ਕੋਲ ਜਾਓ ਤੇ ਉਸ ਨੂੰ ਜਾ ਕੇ ਕਹੋ ਕਿ ਮੈਨੂੰ ਬਖਸ਼ ਦੇਵੇ, ਮੈਨੂੰ ਕਾਲੀ ਗਊ ਜਾਣ ਕੇ ਬਚਾ ਲਵੇ -

*ਕਾਜੀ ਮੁਲਾਂ ਬਿਨਤੀ ਫੁਰਮਾਇ॥*
*ਬਖਸੀ ਹਿੰਦੂ ਮੈ ਤੇਰੀ ਗਾਇ॥ ਪੰਨਾ - 1166*

ਸੋ ਕਾਜ਼ੀ ਮੁੱਲਾਂ ਜਾ ਕੇ ਬੇਨਤੀਆਂ ਕਰਦੇ ਹਨ ਤੂੰ ਬਖਸ਼ ਦੇ ਬਾਦਸ਼ਾਹ, ਤੇਰੀ ਕਾਲੀ ਗਊ ਹਾਂ। ਉਸ ਵੇਲੇ ਨਾਮਦੇਵ ਜੀ ਨੇ ਕਿਹਾ -

*ਨਾਮਾ ਕਹੈ ਸੁਨਹੁ ਬਾਦਿਸਾਹ॥*
*ਇਹੁ ਕਿਛੁ ਪਤੀਆ ਮੁਝੈ ਦਿਖਾਇ॥ ਪੰਨਾ - 1166*

ਪਰਮੇਸ਼ਰ ਨੇ ਬਖਸ਼ ਤਾਂ ਦੇਣਾ ਹੈ ਤੈਨੂੰ ਪਰ ਤੂੰ ਆਪਣੇ ਆਪ ਨੂੰ ਬਦਲ, ਉਹ ਇਹ ਹੈ ਕਿ ਤੂੰ ਸੱਚ ਦਾ ਰਾਜ ਕਰ, ਸਾਰਿਆਂ ਨੂੰ ਇਕੋ ਜਿਹਾ ਸਮਝ, ਹਿੰਦੂਆਂ ਤੇ ਮੁਸਲਮਾਨਾਂ ਵਿਚ ਵਿਤਕਰਾ ਨਾ ਪੈਦਾ ਕਰ।

*ਇਸ ਪਤੀਆ ਕਾ ਇਹੈ ਪਰਵਾਨੁ॥*
*ਸਾਚਿ ਸੀਲਿ ਚਾਲਹੁ ਸੁਲਿਤਾਨ॥ ਪੰਨਾ - 1166*

*ਧਾਰਨਾ - ਜੈ ਜੈ ਕਾਰ ਭਗਤ ਦੀ ਹੋਵੇ,*
*ਨਿੰਦਕਾਂ ਦੀ ਹਾਰ ਹੋ ਗਈ - 2, 2*
*ਮੇਰੇ ਪਿਆਰੇ, ਨਿੰਦਕਾਂ ਦੀ ਹਾਰ ਹੋ ਗਈ -2*
*ਜੈ ਜੈ ਕਾਰ ਭਗਤ ਦੀ ਹੋਵੇ,...........2*

ਸਾਰੇ ਸੋਚ ਰਹੇ ਸਨ ਕਿ ਜੇ ਗਊ ਹੁਣ ਜਿਉਂਦੀ ਨਾ ਹੋਈ ਤਾਂ ਵਿਸ਼ਵਾਸ਼ ਉਠ ਜਾਵੇਗਾ ਕਿ ਕਲਜੁਗ ਵਿਚ ਪ੍ਰਮੇਸ਼ਰ ਨਹੀਂ ਆਉਂਦਾ। ਐਸੇ ਖਿਆਲ ਆ ਰਹੇ ਸਨ ਸਭਨਾਂ ਦਰਸ਼ਕਾਂ ਦੇ ਮਨ ਵਿਚ।

ਨਾਮਦੇਵ ਜੀ ਤਾਂ ਪ੍ਰਭੂ ਦਾ ਹੀ ਰੂਪ ਹਨ, ਕੋਈ ਭੇਦ ਨਹੀਂ।

*ਧਾਰਨਾ - ਭੇਦ ਕੋਈ ਜਾਣੋ ਨਾ,*
*ਨਾਰਾਇਣ ਤੇ ਨਾਮਦੇਵ ਵਿਚ - 2, 2*
*ਨਾਰਾਇਣ ਤੇ ਨਾਮਦੇਵ ਵਿਚ - 2, 2*
*ਭੇਦ ਕੋਈ ਜਾਣੋ ਨਾ,.........।*

*ਨਾਮੇ ਕੀ ਕੀਰਤਿ ਰਹੀ ਸੰਸਾਰਿ॥*
*ਭਗਤ ਜਨਾਂ ਲੇ ਉਧਰਿਆ ਪਾਰਿ॥*
*ਸਗਲ ਕਲੇਸ ਨਿੰਦਕ ਭਇਆ ਖੇਦੁ॥*
*ਨਾਮੇ ਨਾਰਾਇਨ ਨਾਹੀ ਭੇਦੁ॥ ਪੰਨਾ - 1166*

ਸੋ ਇਸ ਤਰ੍ਹਾਂ ਵਾਹਿਗੁਰੂ ਆਪਣੇ ਭਗਤ ਦੀ ਰਾਖੀ ਕਰਦਾ ਹੈ।

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥*
*ਪੰਨਾ - 612*

ਸੋ ਮੈਂ ਬੇਨਤੀ ਕਰਦਾ ਸੀ ਕਿ ਧਨ ਕਮਾਓ, ਬਾਲ ਬੱਚੇ ਪਾਲੋ ਪਰ ਇਕ ਗੱਲ ਯਾਦ ਰੱਖੋ ਕਿ ਜਿਹੜਾ ਕਦਮ ਤੁਸੀਂ ਪੁਟਦੇ ਹੋ, ਉਹ ਵਾਹਿਗੁਰੂ ਵਿਚ ਹੈ; ਸੌਂਦੇ ਵੀ ਹੋ, ਉਠਦੇ ਬੈਠਦੇ ਵੀ ਹੋ, ਵਾਹਿਗੁਰੂ ਹਰ ਥਾਂ ਤੇ ਹਾਜ਼ਰ ਨਾਜ਼ਰ ਹੈ। ਜਦੋਂ ਕੋਈ ਚੀਜ਼ ਦੇਖਦੇ ਹੋ ਉਸਦੇ ਪਿਛਲੇ ਪਾਸੇ ਵਾਹਿਗੁਰੂ ਨੂੰ ਦੇਖੋ, ਜਦੋਂ ਨਾਮ ਜਪਦੇ ਹੋ ਤਾਂ ਪ੍ਰਕਿਰਤੀ ਦੇ ਪਿਛਲੇ ਪਾਸੇ ਵਾਹਿਗੁਰੂ ਜੀ ਨੂੰ ਅਨੁਭਵ ਕਰੋ। ਵਾਹਿਗੁਰੂ ਤਾਂ ਪਰੀਪੂਰਨ ਹੈ, ਜਦੋਂ ਮਨ ਪਿਆਰ ਵਿਚ ਆ ਜਾਂਦਾ ਹੈ ਤਾਂ ਵਾਹਿਗੁਰੂ ਜੀ ਤਾਂ ਨਿਰਾ ਪਿਆਰ ਹੀ ਪਿਆਰ ਹੈ। ਵਾਹਿਗੁਰੂ ਤਾਂ ਸਭ ਨੂੰ ਪਿਆਰ ਕਰਦੇ ਹਨ। ਪਰ ਵਾਹਿਗੁਰੂ ਨੂੰ ਕੋਈ ਪਿਆਰ ਨਹੀਂ ਕਰਦਾ। ਕਹਿੰਦੇ ਹਨ -

*ਗੋਬਿੰਦ ਭਾਉ ਭਗਤਿ ਦਾ ਭੁਖਾ॥*
*(ਭਾਈ ਗੁਰਦਾਸ ਜੀ, ਵਾਰ 10/7)*
*ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥*
*ਪੰਨਾ - 1105*

ਬਲ ਰਾਜੇ ਦੇ ਦੁਆਰ ਖੜ੍ਹਾ ਹੈ - ਪਿਆਰ ਦਾ ਬੰਨਿਆ ਹੋਇਆ -

*ਧਾਰਨਾ - ਖੜ੍ਹਾ ਹੈ ਦੁਆਰੇ ਹਰਿ ਜੀ,*
*ਬੰਨ੍ਹਿਆਂ ਪ੍ਰੇਮ ਦਾ -2, 2.*
*ਬੰਨ੍ਹਿਆਂ ਪ੍ਰੇਮ ਦਾ ਹਰਿ ਜੀ -2, 2.*
*ਖੜ੍ਹਾ ਹੈ ਦੁਆਰੇ ,.............. -2.*

*ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥*
*ਪੰਨਾ - 1105*

ਸੋ ਐਸਾ ਜੋ ਪਰਮੇਸ਼ਰ ਹੈ ਜਦੋਂ ਇਹਦੇ ਨਾਲ ਮਨ ਪਿਆਰ ਵਿਚ ਰੱਤ ਜਾਂਦਾ ਹੈ -

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥*
*ਪੰਨਾ - 487*

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਨਾਮਦੇਵ ਜੀ ਦਾ ਚਿੱਤ ਪਿਆਰੇ ਵਿਚ ਰਤਾ ਪ੍ਰਭੂ ਵਿਚ ਲੀਨ ਹੋ ਗਿਆ

ਤਾਂ ਦੇਖੋ ਭਾਰਤ ਵਰਸ਼ ਦਾ ਚੱਕਰਵਰਤੀ ਬਾਦਸ਼ਾਹ ਭੀ ਚਰਨ ਪਰਸ ਰਿਹਾ ਹੈ। ਨਾਮ ਦੀ ਮਹਿਮਾ ਅਪਾਰ ਹੋ ਗਈ। ਇਹ ਸਾਰੀ ਕਥਾ ਧੰਨੇ ਨੇ ਮਹਾਂਪੁਰਸ਼ਾਂ ਤੋਂ ਸਤਸੰਗ ਵਿਚ ਸੁਣੀ ਤੇ ਉਸਦੇ ਮਨ ਵਿਚ ਨਿਸ਼ਚਾ ਹੋ ਗਿਆ ਕਿ ਵਾਹਿਗੁਰੂ ਦਾ ਨਾਮ ਬਹੁਤ ਅਮੋਲ ਹੈ। ਨਾਮਦੇਵ ਨੂੰ ਜੇ ਪ੍ਰਮੇਸ਼ਰ ਮਿਲ ਸਕਦਾ ਹੈ, ਕਬੀਰ ਜੀ ਨੂੰ ਮਿਲ ਸਕਦਾ ਹੈ, ਰਵੀਦਾਸ ਜੀ ਨੂੰ ਮਿਲ ਸਕਦਾ ਹੈ, ਸੈਣ ਜੀ ਨੂੰ ਮਿਲ ਸਕਦਾ ਹੈ ਫਿਰ ਮੇਰੇ ਵਿਚ ਕਿਹੜੀ ਖੋਟ ਹੈ? ਮੈਂ ਵੀ ਗਰੀਬ ਆਦਮੀ ਹਾਂ। ਮਹਾਰਾਜ ਫੁਰਮਾਉਂਦੇ ਹਨ –

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***
***ਪੰਨਾ – 488***

ਭਗਤੀ ਕਰਨ ਲੱਗ ਪਿਆ। ਨਤੀਜਾ ਕੀ ਹੋਇਆ –

***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥***
***ਪੰਨਾ – 488***

ਤੇ ਵਾਹਿਗੁਰੂ ਪ੍ਰਤੱਖ ਹੋ ਕੇ ਸਾਮ੍ਹਣੇ ਬੈਠ ਕੇ, ਨਾਮਦੇਵ ਨੂੰ ਕਹਿੰਦਾ ਹੈ ਕਿ ਮੈਨੂੰ ਹੋਰ ਪ੍ਰਸ਼ਾਦਾ ਦੇਹ, ਉਹ ਕਹਿੰਦਾ ਪ੍ਰਭੂ ਮੈਂ ਵੀ ਤਾਂ ਤੇਰੇ ਨਾਲ ਦਾ ਭੁਖਾ ਹਾਂ, ਮੇਰੇ ਜੋਗੇ ਵੀ ਪ੍ਰਸ਼ਾਦੇ ਰਹਿਣ ਦੇ। ਅੱਗੇ ਤੋਂ ਜ਼ਿਆਦਾ ਪ੍ਰਸ਼ਾਦੇ ਪਕਾ ਲਿਆ ਕਰਾਂਗੇ। ਉਹ ਤਾਂ ਬਾਲ ਬੱਚਿਆਂ ਵਾਂਗੂੰ ਪਿਆਰ ਕਰਦਾ ਹੈ, ਉਸ ਪਰਮੇਸ਼ਰ ਨੂੰ ਨਾ ਭੁਲੋ ਕਦੇ ਵੀ। ਵਾਹਿਗੁਰੂ ਨੂੰ ਹਰ ਵਕਤ ਯਾਦ ਰਖਣਾ ਹੀ ਨਾਮ ਹੈ। ਹਰ ਵਕਤ ਪਰੀਪੂਰਨ ਦੇਖਣਾ ਹੀ ਨਾਮ ਸ਼ਕਤੀ ਹੈ। ਇਹ ਜਦੋਂ ਹਿਰਦੇ ਵਿਚ ਆ ਗਿਆ ਤਾਂ ਫਿਰ ਦਰਗਾਹ ਦੇ ਵਿਚ ਤੋਸਾ ਬਣਦਾ ਹੈ –

***ਜਹ ਮਾਤ ਪਿਤਾ ਸੁਤ ਮੀਤ ਨਾ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***
***ਜਹ ਮਹਾ ਭਇਆਨ ਦੂਤ ਜਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥***
***ਜਹ ਮੁਸਕਲ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥ ਪੰਨਾ – 264***

ਸੋ ਨਿਸ਼ਚਾ ਲਿਆਓ, ਜਿੰਨਾ ਨਾਮ ਜਪ ਹੁੰਦਾ ਹੈ ਜਪੋ। ਜਦੋਂ ਅਸੀਂ ਵਾਹਿਗੁਰੂ ਵਾਹਿਗੁਰੂ ਜਪਾਂਗੇ ਤਾਂ ਇਹ ਕੋਈ ਬਹੁਤ ਟੈਕਨੀਕ ਨਹੀਂ ਹੁੰਦੀ, ਆਪੇ ਹੀ ਆ ਜਾਂਦਾ ਹੈ। ਨਾਮ ਰਸਨਾ ਤੋਂ ਸ਼ੁਰੂ ਕਰ ਲਓ – ਵਾਹਿਗੁਰੂ ਵਾਹਿਗੁਰੂ, ਜਦੋਂ ਤੁਸੀਂ ਉਹਦੇ ਵੱਲ ਜਾਓਗੇ ਤਾਂ –

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥***
***(ਕਬਿੱਤ, ਭਾਈ ਗੁਰਦਾਸ ਜੀ)***

ਵਾਹਿਗੁਰੂ ਨੇ ਕ੍ਰੋੜਾਂ ਕਦਮ ਤੁਹਾਡੇ ਵੱਲ ਵਧਣਾ ਹੈ। ਸੋ ਆਪਣਾ ਕੰਮ ਐਨਾ ਹੀ ਹੈ ਕਿ ਮਾਨਸ ਜਨਮ ਲਿਆ ਹੈ, ਇਸ ਨੂੰ ਸੰਭਾਲ ਲਈਏ, ਉਸ ਨੂੰ ਧਿਆਨ ਵਿਚ ਰਖੀਏ। ਉਥੇ ਕਿਸੇ ਦੀ ਸ਼ਿਫਾਰਸ਼ ਨਹੀਂ ਚਲਦੀ, ਕਿਸੇ ਦੇ ਹੱਥ ਵਿਚ ਨਹੀਂ ਹੈ। ਪੂਰਾ ਗੁਰੂ ਨਾਲ ਦੀ ਨਾਲ ਗਾਈਡ ਕਰੀ ਜਾਂਦਾ ਹੈ, ਨਾਲ ਦੀ ਨਾਲ ਦੱਸੀ ਜਾਂਦਾ ਹੈ ਕਿ ਤੂੰ ਛੋਟਾ ਰਸਤਾ ਲੈ ਲੈ, ਐਵੇਂ ਲੰਮੇ ਰਾਹ ਵਿਚ ਨਾ ਪੈ। ਸੰਤ ਵੀ ਦਸੀ ਜਾਂਦੇ ਹਨ। ਸੋ ਵਾਹਿਗੁਰੂ ਵਾਹਿਗੁਰੂ ਕਰਕੇ ਆਪਣਾ ਜੀਵਨ ਸਫਲ ਕਰੋ।

**LLLLLLL**

(ਪੰਨਾ 37 ਦੀ ਬਾਕੀ)

ਰਜਨੀ ਨੇ ਗੁਰੂ ਮਹਾਰਾਜ ਜੀ ਦੇ ਪਾਸ ਜਾ ਕੇ ਸਾਰੀ ਵਾਰਤਾ ਦੱਸ ਕੇ ਇਸ ਦੀ ਸ਼ਿਕਾਇਤ ਕੀਤੀ ਕਿ ਮਹਾਰਾਜ ਇਸ ਨੇ ਮੇਰਾ ਪਤੀ ਮਾਰ ਦਿਤਾ ਹੈ ਤੇ ਹੁਣ ਇਹ ਝੂਠ ਕਹਿ ਰਿਹਾ ਹੈ ਕਿ ਇਹ ਮੇਰਾ ਪਤੀ ਹੈ। ਗੁਰੂ ਮਹਾਰਾਜ ਜੋ ਘਟ ਘਟ ਦੇ ਜਾਨਣਹਾਰ ਸੀ ਸਨ, ਉਨ੍ਹਾਂ ਸਾਰਾ ਕੁਝ ਵਾਚਿਆ ਤੇ ਮੁਸਕਰਾ ਕੇ ਕਿਹਾ, ਬੇਟੀ! ਠੀਕ ਹੈ ਇਹੋ ਤੇਰਾ ਪਤੀ ਹੈ। ਇਸ ਅੰਮ੍ਰਿਤ ਜਲ ਦੀ ਖੋਜ ਅਸੀਂ ਕਾਫੀ ਸਮੇਂ ਤੋਂ ਕਰ ਰਹੇ ਸੀ ਤੇ ਹੁਣ ਤੇਰੇ ਪਤੀ ਰਾਹੀਂ ਇਹ ਪ੍ਰਗਟ ਹੋਇਆ ਹੈ। ਇਸ ਮਹਾਨ ਤੀਰਥ ਦੇ ਨਾਲ ਤੇਰਾ ਨਾਮ ਵੀ ਅਮਰ ਹੋ ਜਾਵੇਗਾ, ਸੰਸਾਰ ਵਿਚ ਤੇਰਾ ਨਾਮ ਬੜੇ ਆਦਰ ਤੇ ਸਤਿਕਾਰ ਨਾਲ ਲਿਆ ਜਾਇਆ ਕਰੇਗਾ।

ਇਸ ਅਸਥਾਨ ਦੀ ਮਹਿਮਾ ਕੋਈ ਗੁੱਝੀ ਛਿਪੀ ਨਹੀਂ। ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਦੇਸ਼ ਵਿਦੇਸ਼ ਤੋਂ ਇਥੇ ਇਸ਼ਨਾਨ ਕਰਕੇ ਮਾਨਸਿਕ ਤੇ ਸਰੀਰਕ ਰੋਗ ਦੂਰ ਕਰਦੇ ਹਨ। ਜਿਸ ਬੇਰੀ ਹੇਠਾਂ ਬੀਬੀ ਰਜਨੀ ਨੇ ਆਪਣੇ ਪਤੀ ਨੂੰ ਬਿਠਾਇਆ ਸੀ, ਉਹ ਬੇਰੀ ਵੀ ਉਸੇ ਤਰ੍ਹਾਂ ਕਾਇਮ ਹੈ ਜਿਸ ਨੂੰ ਦੁਖਭੰਜਨੀ ਬੇਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਪਤੀਵਰਤਾ ਤੇ ਸੁਹਾਗਣ ਦੇ ਇਨ੍ਹਾਂ ਮਹਾਨ ਗੁਣਾਂ ਨੂੰ ਗੁਰਬਾਣੀ ਵਿਚ ਕਈ ਥਾਵਾਂ ਤੇ ਗੁਰੂ ਮਹਾਰਾਜ ਜੀ ਨੇ ਦਰਸਾਇਆ ਹੈ ਜਿਵੇਂ –

***ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥***
***ਪੰਨਾ – 722***
***ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ॥***
***ਪੰਨਾ – 433***

ਜਿਸ ਤਰ੍ਹਾਂ ਸੰਸਾਰਕ ਤੌਰ ਤੇ ਪਤੀਵਰਤਾ ਤੇ ਸੁਹਾਗਣ ਦਾ ਜੀਵਨ ਮਹਾਨ ਤੇ ਦਾਰਸ਼ਨਿਕ ਹੈ ਉਸੇ ਤਰ੍ਹਾਂ ਰੂਹਾਨੀ ਤੌਰ ਤੇ ਵੀ ਜੀਵ ਇਸਤ੍ਰੀ ਨੂੰ ਹਦਾਇਤ ਕੀਤੀ ਗਈ ਹੈ ਕਿ ਤੂੰ ਵੀ ਉਨ੍ਹਾਂ ਸੁਹਾਗਣਾਂ ਨੂੰ, ਸੰਤਾਂ, ਮਹਾਂਪੁਰਸ਼ਾਂ ਅਤੇ ਤੱਤ ਬੇਤੇ ਬ੍ਰਹਮਗਿਆਨੀਆਂ ਨੂੰ ਪੁੱਛ ਕੇ ਉਹ ਸ਼ੁਭ ਗੁਣ ਧਾਰਨ ਕਰ ਲੈ ਜਿਸ ਨਾਲ ਪ੍ਰਭੂ ਪਤੀ ਪ੍ਰਮੇਸ਼ਰ ਦਾ ਮਿਲਾਪ ਹੁੰਦਾ ਹੈ। ਕੇਵਲ ਗੱਲਾਂ ਬਾਤਾਂ ਕਰਨ ਨਾਲ, ਆਪਣੇ ਆਪ ਨੂੰ ਸੁਹਾਗਣ ਕਹਿਣ ਨਾਲ ਸੁਹਾਗਣ ਦੇ ਗੁਣ ਨਹੀਂ ਆ ਸਕਦੇ। ਉਸ ਨੂੰ ਰਿਝਾਉਣਾ ਪਵੇਗਾ ਅਤੇ ਆਪਣੇ ਆਪ ਨੂੰ ਗਵਾਉਣਾ ਪਵੇਗਾ ਕਿਉਂਕਿ –

***ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥***
***ਪੰਨਾ – 722***

ਜੋ ਆਪਣੇ ਪਤੀ ਪ੍ਰਮੇਸ਼ਰ ਨੂੰ ਵਿਸਾਰਦੀਆਂ ਹਨ, ਉਨ੍ਹਾਂ ਬਾਰੇ ਫੁਰਮਾਨ ਹੈ –

***ਖਸਮੁ ਵਿਸਾਰਹਿ ਤੇ ਕਮਜਾਤਿ॥ ਪੰਨਾ – 10***

**LLLLLLL**

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

### ਤੇਰ੍ਹਵਾਂ ਅਧਿਆਇ

ਦੇਹ ਅਤੇ ਦੇਹ ਨੂੰ ਜਾਨਣ ਵਾਲਾ

1. ਅਰਜਨ ਕਹਿੰਦਾ ਹੈ - ਹੇ ਕੇਸ਼ਵ! ਮੈਂ ਪ੍ਰਕ੍ਰਿਤੀ ਅਤੇ ਪੁਰਸ਼, ਸਰੀਰ ਤੇ ਸਰੀਰ ਨੂੰ ਜਾਨਣ ਵਾਲਾ ਜਾਨਣਾ ਚਾਹੁੰਦਾ ਹਾਂ। (ਛੇਤ੍ਰ ਅਤੇ ਛੇਤ੍ਰਗਯ) ਨੂੰ ਜਾਨਣਾ ਚਾਹੁੰਦਾ ਹਾਂ।

2. ਕ੍ਰਿਸ਼ਨ ਜੀ ਬਚਨ ਕਰਦੇ ਹਨ -

ਹੇ ਕੌਂਤਯ! ਇਹ ਸਰੀਰ ਛੇਤ੍ਰ ਕਹਾਉਂਦਾ ਹੈ ਅਤੇ ਜੋ ਇਸ ਵਿਚ ਜਾਨਣ ਵਾਲਾ ਹੈ, ਉਸ ਨੂੰ ਛੇਤ੍ਰਗਯ ਕਹਿੰਦੇ ਹਨ।

ਭਗਤੀ ਯੋਗ ਦਾ ਗਿਆਨ ਦੇਣ ਤੋਂ ਬਾਅਦ, ਪ੍ਰਭੂ ਪ੍ਰੇਮ ਦਾ ਗਿਆਨ ਦੇਣ ਤੋਂ ਬਾਅਦ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਸਰੀਰ ਇਕ ਇਹੋ ਜਿਹਾ ਖੇਤ ਹੈ ਜਿਸ ਵਿਚ ਅੰਮ੍ਰਿਤ ਹੈ। ਜਦੋਂ ਜਗਿਆਸੂ ਨੂੰ ਇਸ ਦੀ ਮਹੱਤਤਾ ਦਾ ਪਤਾ ਲਗ ਜਾਂਦਾ ਹੈ ਤੇ ਜਗਿਆਸੂ ਨੂੰ ਸਰੀਰ ਛੇਤ੍ਰ ਤੇ ਉਸ ਦੇ ਜਾਨਣ ਵਾਲੇ ਵਿਚ ਭੇਦ ਪਤਾ ਲਗ ਜਾਂਦਾ ਹੈ ਤਾਂ ਉਸ ਨੂੰ ਆਤਮ ਗਿਆਨ ਹੋ ਜਾਂਦਾ ਹੈ। ਸਰੀਰ ਦਾ ਡੂੰਘਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ ਤੇ ਸਰੀਰ ਦੀ ਦੇਖ ਰੇਖ ਕਰਨੀ ਵੀ ਬੜੀ ਜ਼ਰੂਰੀ ਹੈ। ਜਿਹੜਾ ਇਸ ਸਰੀਰ ਦੀ ਮਹੱਤਤਾ ਜਾਣਦਾ ਹੈ ਤੇ ਇਹ ਜਾਣਦਾ ਹੈ ਕਿ ਇਸ ਦੇ ਅੰਦਰ ਆਤਮਾ ਦਾ ਵਾਸਾ ਹੈ ਉਹ ਗਿਆਨੀ ਹੈ। ਇਹੋ ਜਿਹਾ ਜਗਿਆਸੂ ਸਰੀਰ ਨੂੰ ਇਕ ਯੰਤਰ ਮੰਨ ਕੇ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਵਰਤਦਾ ਹੈ। ਇਸ ਅਧਿਆਇ ਵਿਚ ਛੇਤ੍ਰ ਸ਼ਬਦ ਸਰੀਰ ਲਈ ਵਰਤਿਆ ਗਿਆ ਹੈ। ਛੇਤ੍ਰਗਯ ਜੀਵ ਆਤਮਾ ਨੂੰ ਕਿਹਾ ਗਿਆ ਹੈ। ਇਹ ਹਰ ਮਨੁੱਖ ਦੀ ਪਹਿਲੀ ਡਿਊਟੀ ਹੈ ਕਿ ਉਹ ਛੇਤ੍ਰਗਯ ਭਾਵ ਸਰੀਰ ਨੂੰ ਚੰਗੀ ਤਰ੍ਹਾਂ ਜਾਣੇ। ਜਦੋਂ ਆਤਮ ਗਿਆਨ ਹੋ ਜਾਂਦਾ ਹੈ ਤਾਂ ਇਹ ਵੀ ਗਿਆਨ ਹੋ ਜਾਂਦਾ ਹੈ ਕਿ ਸਾਰਾ ਬ੍ਰਹਿਮੰਡ ਸਰੀਰ ਵਿਚ ਹੀ ਹੈ।

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥***

***ਪੰਨਾ - 695***

ਕੇਵਲ ਪ੍ਰਮਾਤਮਾ ਹੀ ਬ੍ਰਹਿਮੰਡ ਦੇ ਸਾਰੇ ਸਰੀਰਾਂ ਦਾ ਮਾਲਕ ਹੈ ਕਿਉਂਕਿ ਉਹ ਹੀ ਸਰਬ ਵਿਆਪਕ ਹੈ, ਸਾਰੇ ਸਰੀਰਾਂ ਵਿਚ ਉਹ ਆਪ ਹੀ ਵਿਚਰ ਰਿਹਾ ਹੈ ਕੇਵਲ ਉਸ ਨੂੰ ਸਾਰਿਆਂ ਦਾ ਡੂੰਘਾ ਗਿਆਨ ਹੈ। ਸੰਸਾਰ ਦੇ ਅਣਗਿਣਤ ਸਰੀਰ ਉਸ ਪ੍ਰਮਾਤਮਾ ਦੇ ਹਨ ਜਿਵੇਂ ਉਹ ਇਕ ਕਿਸਾਨ ਹੋਵੇ ਤੇ ਸਾਰੇ ਸਰੀਰ ਖੇਤ ਹੋਣ। ਸੰਸਾਰ ਵਿਚ ਕੋਈ ਇਹੋ ਜਿਹੀ ਚੀਜ਼ ਨਹੀਂ ਜਿਸਨੂੰ ਪ੍ਰਮਾਤਮਾ ਨਹੀਂ ਜਾਣਦਾ। ਮਨੁੱਖ ਦੇ ਸਰੀਰ ਦੇ ਅੰਦਰ ਆਤਮਾ ਦਾ ਵਾਸਾ ਹੈ ਜੋ ਅਜਰ ਹੈ, ਅਮਰ ਹੈ, ਅਸੀਮ ਹੈ। ਜਗਿਆਸੂ ਨੂੰ ਆਤਮ ਗਿਆਨ ਹੁੰਦਾ ਹੈ ਉਹ ਪੁਰਸ਼ ਤੋਂ ਪਰਸ਼ੋਤਮ ਬਣ ਜਾਂਦਾ ਹੈ ਕਿਉਂਕਿ ਉਹ ਪ੍ਰਮਾਤਮਾ ਨਾਲ ਇਕ ਹੋ ਜਾਂਦਾ ਹੈ। ਜਗਿਆਸੂ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਜੇ ਇਹ ਗਿਆਨ ਨਾ ਹੋਵੇ ਤਾਂ ਬਾਕੀ ਦਾ ਸਾਰਾ ਗਿਆਨ ਝੂਠਾ ਹੈ, ਭੁਲੇਖਾ ਹੈ। ਆਮ ਮਨੁੱਖ ਦੁਖ ਸੁਖ ਹੋਰ ਚੱਕਰਾਂ ਵਿਚ ਫਸਿਆ ਰਹਿੰਦਾ ਹੈ ਕਿਉਂਕਿ ਉਸ ਨੂੰ ਸੱਚ ਦਾ ਗਿਆਨ ਨਹੀਂ ਹੈ। ਕ੍ਰਿਸ਼ਨ ਜੀ ਅਰਜਨ ਨੂੰ ਸਮਝਾਉਂਦੇ ਹਨ ਕਿ ਸਰੀਰ ਇਕ ਖੇਤ ਹੈ ਤੇ ਜੀਵ ਆਤਮਾ ਇਕ ਜਗਿਆਸੂ ਹੈ। ਦੋਨਾਂ ਦਾ ਗਿਆਨ ਹੀ ਸੱਚਾ ਗਿਆਨ ਮੰਨਿਆ ਜਾਂਦਾ ਹੈ। ਆਤਮਾ ਸਰੀਰ ਦਾ ਰਾਜਾ ਹੈ ਜਿਵੇਂ ਕਿ ਮੋਤੀਆਂ ਦੀ ਇਕ ਮਾਲਾ ਪਰੋਤੀ ਹੋਵੇ ਤੇ ਧਾਗਾ ਹਰ ਮੋਤੀ ਦੇ ਵਿਚੋਂ ਲੰਘਾਇਆ ਹੁੰਦਾ ਹੈ ਬਿਲਕੁਲ ਉਸ ਤਰ੍ਹਾਂ ਹੀ ਇਹ ਬਹੁਮੁਖੀ ਬ੍ਰਹਿਮੰਡ ਇਕ ਬ੍ਰਹਿਮੰਡ ਵਿਚ ਪਰੋਤਾ ਹੋਇਆ ਹੈ ਜਿਹੜਾ ਇਸ ਨੂੰ ਚਲਾ ਰਿਹਾ ਹੈ।

ਸਰੀਰ ਅਤੇ ਮਨੁੱਖ ਦੀ ਆਤਮਾ ਦਾ ਸਬੰਧ ਵੀ ਬਿਲਕੁਲ ਉਸ ਤਰ੍ਹਾਂ ਹੀ ਹੈ ਅਤੇ ਪੁਰਖ ਤੇ ਪ੍ਰਕ੍ਰਿਤੀ ਦਾ ਸਬੰਧ ਵੀ ਇਹੋ ਜਿਹਾ ਹੀ ਹੈ। ਬ੍ਰਹਿਮੰਡ ਦੋ ਮੋਢੀ ਤਤ੍ਵ ਹਨ ਜੋ ਇਕ ਸਤਿ ਤੋਂ ਪੈਦਾ ਹੋਏ ਹਨ, ਸਤਿ ਕੇਵਲ ਇਕ ਹੈ ਪ੍ਰਮਾਤਮਾ ਇਕ ਹੈ। ਪੁਰਖ ਤੇ ਪ੍ਰਕ੍ਰਿਤੀ ਇਨ੍ਹਾਂ ਤੋਂ ਹੀ ਸਾਰੇ ਸੰਸਾਰ ਦਾ ਪਸਾਰਾ ਹੁੰਦਾ ਹੈ, ਜੜ੍ਹ ਚੇਤਨ ਜੰਮਦੇ ਤੇ ਖਤਮ ਹੁੰਦੇ ਹਨ। ਪ੍ਰਮਾਤਮਾ ਦੀ ਪ੍ਰਕ੍ਰਿਤੀ ਤੋਂ ਬਿਨਾਂ ਕੁਝ ਨਹੀਂ, ਸੰਸਾਰ ਦਾ ਸਾਰਾ ਪਸਾਰਾ ਪ੍ਰਕ੍ਰਿਤੀ ਦਾ ਵਖ ਵੱਖ ਪਸਾਰਾ ਹੀ ਹੈ। ਪ੍ਰਕ੍ਰਿਤੀ ਤੇ ਪੁਰਖ ਦੋਨੋਂ ਹੀ ਅਨਾਦੀ ਹਨ। (ਗੁਰਮਤਿ ਪ੍ਰਕ੍ਰਿਤੀ ਨੂੰ ਅਨਾਦੀ ਮੰਨਣ ਦੀ ਥਾਂ ਪ੍ਰਮੇਸ਼ਰ ਤੋਂ ਹੋਈ ਮੰਨਦੀ ਹੈ। ਅਨਾਦੀ ਕੇਵਲ ਪ੍ਰਭੂ ਤਤ੍ਵ ਹੀ ਹੈ)

3. ਇਸ ਲਈ ਉਹ ਛੇਤ੍ਰ ਜੋ ਹੈ ਅਤੇ ਜਿਹੋ ਜਿਹਾ ਹੈ ਯਥਾ ਜਿੰਨਾਂ ਵਿਕਾਰਾਂ ਵਾਲਾ ਹੈ ਅਤੇ ਜਿਸ ਕਾਰਨ ਤੋਂ ਜੋ ਹੋਇਆ ਹੈ ਤਥਾ ਉਹ ਖਸ਼ੇਤਰਗ ਭੀ ਜੋ ਹੈ ਅਤੇ ਜਿਸ ਪ੍ਰਭਾਵ ਵਾਲਾ ਹੈ ਉਹ ਸਭ ਸੰਖੇਪ ਰੂਪ ਵਿਚ ਮੈਥੋਂ ਸੁਣ।

4. ਇਹ ਖਛੇਤਰ ਅਤੇ ਖਛੇਤਰਗ ਦਾ ਤਤ੍ਵ ਰਿਸ਼ੀਆਂ ਦੁਆਰਾ ਬਹੁਤ ਪ੍ਰਕਾਰ ਕਿਹਾ ਗਿਆ ਹੈ ਅਰਥਾਤ ਸਮਝਾਇਆ ਗਿਆ ਹੈ ਅਤੇ ਨਾਨਾ ਪ੍ਰਕਾਰ ਦੇ ਵੇਦ ਮੰਤਰਾਂ ਨਾਲ ਵਿਭਾਗ ਪੂਰਵਕ ਕਿਹਾ ਗਿਆ ਹੈ ਤਥਾ ਅੱਛੀ ਪ੍ਰਕਾਰ ਨਿਸ਼ਚੇ ਕੀਤੇ ਹੋਏ ਯੁਕਤੀ ਯੁਕਤ ਬ੍ਰਹਮ ਸੂਤਰ ਦੇ ਪਦੋਂ ਦੁਆਰਾ ਭੀ ਵੈਸੇ ਹੀ ਕਿਹਾ ਗਿਆ ਹੈ।

ਜਦੋਂ ਜਗਿਆਸੂ ਸਰੀਰ ਅਤੇ ਆਤਮਾ ਦਾ ਡੂੰਘਾ ਗਿਆਨ ਪ੍ਰਾਪਤ ਕਰ ਲੈਂਦਾ ਹੈ, ਗਿਆਨ ਵਿਗਿਆਨ ਪ੍ਰਾਪਤ ਕਰ ਲੈਂਦਾ ਹੈ ਉਹ ਭਰਪੂਰ ਹੋ ਜਾਂਦਾ ਹੈ। ਉਪਨਿਸ਼ਦਾਂ ਵਿਚ ਉਸ ਨੂੰ ਵਿਵੇਕ ਕਿਹਾ ਗਿਆ ਹੈ ਜਿਸ ਨਾਲ ਆਤਮ

ਗਿਆਨ ਦੀ ਪ੍ਰਾਪਤੀ ਹੁੰਦੀ ਹੈ ਆਤਮਾ ਜੋ ਅਜਰ, ਅਮਰ, ਅਟਲ ਹੈ ਅਤੇ ਸੰਸਾਰ ਜੋ ਛਿਨ ਭੰਗਰ ਹੈ ਇਨ੍ਹਾਂ ਦਾ ਫਰਕ ਪਤਾ ਲਗਦਾ ਹੈ। ਇਹ ਗਿਆਨ ਜੀਵਨ ਵਿਚ ਪਹਿਲਾਂ ਹੀ ਛੋਟੀ ਆਯੂ ਵਿਚ ਹੀ ਦ੍ਰਿੜ੍ਹ ਕਰਾ ਦੇਣਾ ਚਾਹੀਦਾ ਹੈ ਤਾਂ ਜੋ ਜੀਵਨ ਦਾ ਅਰਥ ਪਤਾ ਲਗ ਜਾਏ। ਪੁਰਾਣੇ ਸਮਿਆਂ ਵਿਚ ਸੱਚੇ ਜਗਿਆਸੂ ਬ੍ਰਹਮਚਾਰੀ ਰਹਿ ਕੇ ਆਸ਼ਰਮਾਂ ਵਿਚ ਰਹਿੰਦੇ ਪੱਚੀ ਸਾਲ ਦੀ ਆਯੂ ਤਕ ਬ੍ਰਹਮਚਰੀਆ ਨਿਭਾਉਂਦੇ ਸਨ। ਸਾਰੇ ਗਿਆਨ ਦੀ ਪ੍ਰਾਪਤੀ ਉਹ ਇਕਾਗਰ ਚਿਤ ਹੋ ਕੇ ਕਰਦੇ ਸਨ। ਉਸ ਗਿਆਨ ਨੂੰ ਵੱਖ ਵੱਖ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ ਪਰ ਉਹ ਗਿਆਨ ਆਤਮ ਗਿਆਨ ਤੇ ਸੰਸਾਰਕ ਗਿਆਨ ਕਿਹਾ ਜਾ ਸਕਦਾ ਹੈ, ਆਤਮਾ ਤੇ ਦਿਸਦਾ ਸੰਸਾਰ ਦਾ ਗਿਆਨ, ਪੁਰਖ ਤੇ ਪ੍ਰਕ੍ਰਿਤੀ, ਛੇਤ੍ਰ ਤੇ ਛੇਤ੍ਰਗਯ। ਬ੍ਰਹਮ ਸੂਤਰ ਵਿਚ ਗਿਆਨ ਵਧੇਰੇ ਵਿਸਤਾਰ ਨਾਲ ਦਿਤਾ ਗਿਆ ਹੈ। ਬਹੁਤ ਸਾਰੇ ਪੁਰਾਣੇ ਸਤਿ ਪੁਰਖਾਂ ਨੇ ਵੀ ਇਹ ਗਿਆਨ ਵੱਖ ਵੱਖ ਤਰੀਕਿਆਂ ਨਾਲ ਦਿਤਾ ਹੈ।

5. ਅਤੇ ਹੇ ਅਰਜਨ! ਉਹੋ ਹੀ ਮੈਂ ਤੇਰੇ ਲਈ ਕਹਿੰਦਾ ਹਾਂ ਕਿ ਪੰਜ ਮਹਾਂਭੂਤ ਅਰਥਾਤ ਅਕਾਸ਼, ਵਾਯੂ, ਅਗਨ, ਜਲ ਅਤੇ ਪ੍ਰਿਥਵੀ ਦਾ ਸੂਖਸ਼ਮ ਭਾਵ ਅਹੰਕਾਰ, ਬੁੱਧ ਅਤੇ ਮੂਲ ਪ੍ਰਕ੍ਰਿਤੀ ਅਰਥਾਤ ਤ੍ਰਿਗੁਣਮਈ ਮਾਇਆ ਭੀ ਤਥਾ ਦਸ ਇੰਦ੍ਰੀਆਂ ਅਰਥਾਤ ਸ੍ਰਵਣ, ਤਵਚਾ, ਨੇਤ੍ਰ, ਰਸਨਾ ਅਤੇ ਨੱਕ ਏਵੰ ਵਾਕ, ਹੱਥ, ਪੈਰ, ਉਪਸਥ ਅਤੇ ਗੁਦਾ, ਏਵੇਂ ਮਨ ਅਤੇ ਪੰਜ ਇੰਦ੍ਰੀਆਂ ਦੇ ਵਿਸ਼ੇ ਅਰਥਾਤ ਸ਼ਬਦ, ਸਪਰਸ਼, ਰੂਪ, ਰਸ, ਗੰਧ।

6. ਤਥਾ ਇੱਛਾ, ਦ੍ਵੈਸ਼, ਸੁਖ ਅਤੇ ਸਥੂਲ ਦੇਹ ਦਾ ਪਿੰਡ ਅਤੇ ਚੇਤਨਤਾ ਅਤੇ ਘ੍ਰਿਤ ਇਸ ਪ੍ਰਕਾਰ ਇਹ ਖਸ਼ੇਤਰ ਵਿਕਾਰਾਂ ਦੇ ਸਹਿਤ ਸੰਖੇਪ ਸੇ ਕਿਹਾ ਗਿਆ ਹੈ।

7. ਅਤੇ ਹੇ ਅਰਜਨ! ਸ੍ਰੇਸ਼ਠਤਾ ਦੇ ਅਭਿਮਾਨ ਦਾ ਅਭਾਵ, ਦੰਭਾਚਰਣ ਦਾ ਅਭਾਵ, ਪ੍ਰਾਣੀ ਮਾਤਰ ਨੂੰ ਕਿਸੇ ਪ੍ਰਕਾਰ ਭੀ ਨਾ ਸਤਾਣਾ ਅਤੇ ਖਿਮਾ ਭਾਵ ਤਥਾ ਮਨ ਬਾਣੀ ਦੀ ਸਰਲਤਾ ਸ਼ਰਧਾ ਭਗਤ ਸਹਿਤ ਗੁਰੂ ਕੀ ਸੇਵਾ ਬਾਹਰ ਭੀਤਰ ਸ਼ੁਧ ਅੰਤਸ਼ਕਰਣ ਸਥਿਰਤਾ ਮਨ ਅਤੇ ਇੰਦ੍ਰੀਆਂ ਸਹਿਤ ਸਰੀਰ ਦਾ ਨਿਗ੍ਰਹਿ।

8. ਤਥਾ ਇਸ ਲੋਕ ਅਤੇ ਪਰਲੋਕ ਦੇ ਸੰਪੂਰਨ ਭੋਗਾਂ ਵਿਚ ਅਸਕਤਤਾ ਦਾ ਅਭਾਵ ਅਤੇ ਅਹੰਕਾਰ ਦਾ ਭੀ ਅਭਾਵ, ਏਵੰ ਜਨਮ, ਮ੍ਰਿਤੂ, ਬੁਢਾਪਾ ਅਤੇ ਰੋਗ ਆਦਿ ਸੇ ਦੁਖ ਦੋਸ਼ਾਂ ਦਾ ਬਾਰੰਬਾਰ ਵਿਚਾਰ ਕਰਨਾ।

9. ਤਥਾ ਪੁਤਰ, ਇਸਤ੍ਰੀ, ਘਰ, ਧਨ ਆਦਿ ਆਸਕਤ ਦਾ ਅਭਾਵ ਅਤੇ ਮਮਤਾ ਦਾ ਨਾ ਹੋਣਾ, ਤਥਾ ਪ੍ਰਿਅ-ਅਪ੍ਰਿਅ ਦੀ ਪ੍ਰਾਪਤੀ ਵਿਚ ਸਦਾ ਹੀ ਚਿੱਤ ਦਾ ਸਮ ਰਹਿਣਾ, ਅਰਥਾਤ ਮਨ ਦੇ ਅਨੁਕੂਲ ਤਥਾ ਪ੍ਰਤੀਕੂਲ ਪ੍ਰਾਪਤ ਹੋਣ ਪਰ ਹਰਖ, ਸੋਗ ਆਦਿ ਵਿਕਾਰਾਂ ਦਾ ਨਾ ਹੋਣਾ।

10. ਅਤੇ ਮੁਝ ਪ੍ਰਮੇਸ਼ਰ ਮੇਂ ਸਥਿਤ ਰੂਪ ਧਿਆਨ ਯੋਗ ਦੇ ਦੁਆਰਾ ਅਭਿ ਵਿਚਾਰਣੀ ਭਗਤ ਤਥਾ ਇਕਾਂਤ ਅਤੇ ਸੁਧ ਦੇਸ਼ ਵਿਚ ਰਹਿਣ ਦਾ ਸੁਭਾਵ ਅਤੇ ਵਿਸ਼ੇ ਲਿਪਤ ਮਨੁੱਖਾਂ ਦੇ ਸਮੁਦਾਇ ਪ੍ਰੇਮ ਦਾ ਨਾ ਹੋਣਾ।

11. ਤਥਾ ਅਧਿਆਤਮ ਗਿਆਨ ਨਿਤਯ ਸਥਿਤ ਅਤੇ ਤਤ੍ਵ ਗਿਆਨ ਦੇ ਅਪਰਰੂਪ ਪ੍ਰਮਾਤਮਾ ਨੂੰ ਸਰਬਤਰ ਦੇਖਣਾ, ਇਹ ਸਭ ਤਾਂ ਗਿਆਨ ਹੈ ਅਤੇ ਜੋ ਇਸ ਦੇ ਵਿਪਰੀਤ ਹੈ ਉਹ ਅਗਿਆਨ ਹੈ ਐਸਾ ਕਿਹਾ ਹੈ।

12. ਅਤੇ ਹੇ ਅਰਜਨ, ਜੋ ਜਾਨਣ ਯੋਗ ਹੈ ਤਥਾ ਜਿਸਨੂੰ ਜਾਣ ਕੇ ਮਨੁੱਖ ਪਰਮਾਨੰਦ ਨੂੰ ਪ੍ਰਾਪਤ ਹੁੰਦਾ ਹੈ ਉਸ ਨੂੰ ਅੱਛੀ ਤਰ੍ਹਾਂ ਕਹਾਂਗਾ ਉਹ ਆਦਰਹਿਤ ਪਰਮ ਬ੍ਰਹਮ ਕਥਨੀ ਹੋਣ ਤੋਂ ਨ ਸਤਿ ਕਿਹਾ ਜਾਂਦਾ ਹੈ ਅਤੇ ਨਾ ਅਸਤਿ ਹੀ ਕਿਹਾ ਜਾਂਦਾ ਹੈ।

ਇਨ੍ਹਾਂ ਸ਼ਲੋਕਾਂ ਵਿਚ ਕ੍ਰਿਸ਼ਨ ਜੀ ਪ੍ਰਕ੍ਰਿਤੀ ਦੇ ਸਾਰੇ ਭਾਗ ਗਿਣਦੇ ਹਨ, ਇਹ ਮਨੁੱਖੀ ਸਰੀਰ ਦੇ ਵੀ ਭਾਗ ਹਨ ਤੇ ਵਿਸ਼ਵ ਦੇ ਵੀ ਭਾਗ ਹਨ - ਧਰਤੀ, ਪਾਣੀ, ਅੱਗ, ਹਵਾ ਤੇ ਪੁਲਾੜ ਅਹੰਕਾਰ ਦੀ ਹੋਂਦ, ਬੁੱਧੀ ਪ੍ਰਕ੍ਰਿਤੀ ਦਾ ਪ੍ਰਗਟਾਵਾ ਨਹੀਂ ਹਨ। ਸੁੰਘਣ ਦੀ ਸ਼ਕਤੀ, ਸੁਆਦ, ਦੇਖਣਾ, ਸਪਰਸ਼, ਸੁਣਨਾ, ਮੂੰਹ, ਹੱਥ ਪੈਰ, ਇੰਦ੍ਰੀ, ਮਲਮੂਤਰ ਦੇ ਅੰਗ ਮਨ ਇੰਦ੍ਰੀਆਂ ਦੇ ਪੰਜ ਉਦੇਸ਼ (ਸੁੰਘਣਾ, ਸੁਆਦ, ਆਕਾਸ਼, ਸਪਰਸ਼ ਤੇ ਆਵਾਜ਼) ਇਛਾਵਾਂ, ਨਫਰਤ, ਖੁਸ਼ੀ, ਦਰਦ, ਸਾਰਿਆਂ ਦਾ ਇਕ ਸਮੂੰਹ ਚੇਤਨਤਾ, ਪਾਲਣਹਾਰ ਹੈ। ਇਨ੍ਹਾਂ ਸੱਤਾਂ ਨੂੰ ਮਿਲਾ ਕੇ ਪ੍ਰਕ੍ਰਿਤੀ ਦੇ ਇਕੱਠੀ ਰੂਪ ਬਣ ਜਾਂਦੇ ਹਨ ਅਤੇ ਇਹ ਇਕੱਠੀ ਰੂਪ ਮਿਲਾ ਕੇ ਹੀ ਪ੍ਰਯੋਗ ਖੇਤਰ ਕਹਾਉਂਦਾ ਹੈ ਇਸ ਦੇ ਸਾਰੇ ਹਿੱਸੇ ਹੀ ਬਦਲਦੇ ਰਹਿੰਦੇ ਹਨ ਆਪਸ ਵਿਚ ਮਿਲਦੇ ਰਹਿੰਦੇ ਹਨ ਤੇ ਵੱਖ ਵੱਖ ਰੂਪ ਬਦਲਦੇ ਰਹਿੰਦੇ ਹਨ। ਇਹ ਬਦਲ ਕੇ ਵੱਖ ਵੱਖ ਰੂਪ ਧਾਰਨ ਕਰਦੇ ਰਹਿੰਦੇ ਹਨ ਇਹ ਉਹ ਹਿੱਸੇ ਹਨ ਜਿਨ੍ਹਾਂ ਨਾਲ ਵਿਸ਼ਵ ਦੀ ਰਚਨਾ ਹੁੰਦੀ ਹੈ।

ਇਨ੍ਹਾਂ ਸ਼ਲੋਕਾਂ ਵਿਚ ਗਿਆਨ ਨੂੰ ਅਨੁਭਵ ਵਿਚ ਲਿਆਉਣਾ ਦੱਸਿਆ ਹੈ। ਕਿਸੇ ਦੀ ਚੀਜ਼ ਨੂੰ ਬੁਧੀ ਦੇ ਪੱਧਰ ਤੇ ਜਾਣ ਲੈਣਾ ਗਿਆਨ ਨਹੀਂ ਹੈ। ਇਹ ਅਸੀਂ ਸਭ ਜਾਣਦੇ ਹਾਂ ਕਿ ਕੀ ਕਰਨਾ ਚਾਹੀਦਾ ਹੈ ਕੀ ਨਹੀਂ ਕਰਨਾ ਚਾਹੀਦਾ ਪਰ ਸਾਨੂੰ ਗਿਆਨ ਨੂੰ ਯਥਾਰਥ ਵਿਚ ਬਦਲਣਾ ਨਹੀਂ ਆਉਂਦਾ। ਸਾਨੂੰ ਸਭ ਨੂੰ ਕੁਝ ਮੂਲ ਤੱਤ ਪਤਾ ਹਨ ਕਿਵੇਂ ਰਹਿਣਾ ਹੈ, ਪਰ ਅਸੀਂ ਉਨ੍ਹਾਂ ਨੂੰ ਅਭਿਆਸ ਵਿਚ, ਅਨੁਭਵ ਵਿਚ ਨਹੀਂ ਲਿਆ ਸਕਦੇ। ਇਨ੍ਹਾਂ ਤੱਤਾਂ ਨੂੰ ਅਨੁਭਵੀ ਰੂਪ ਵਿਚ ਜਾਨਣਾ ਬੜਾ ਹੀ ਜ਼ਰੂਰੀ ਹੈ। ਬਚਪਨ ਵਿਚ ਹਰ ਤਰ੍ਹਾਂ ਦੀ ਸਿਖਿਆ ਦਿਤੀ ਜਾਂਦੀ ਹੈ ਕੀ ਚੰਗਾ ਹੈ, ਕੀ ਸੋਹਣਾ ਹੈ, ਸਹਾਨੂੰਭੂਤੀ ਕੀ ਹੈ, ਸੁਚੱਜਤਾ ਕੀ ਹੈ। ਪਰ ਇਹ ਨਹੀਂ ਦੱਸਿਆ ਜਾਂਦਾ ਕਿ ਇਨ੍ਹਾਂ ਨੂੰ ਅਨੁਭਵ ਵਿਚ ਕਿਵੇਂ ਲਿਆਇਆ ਜਾਵੇ। ਸਤਿ ਦੇ ਬਾਰੇ ਜਾਨਣਾ ਸੌਖਾ ਹੈ, ਸਤਿ ਨਾਲ ਜੀਵਨ ਜੀਉਣਾ ਔਖਾ ਹੈ। ਇਨ੍ਹਾਂ ਪੰਜਾਂ ਸ਼ਲੋਕਾਂ ਵਿਚ ਉਹ ਗੁਣ ਦੱਸੇ ਗਏ ਹਨ ਜਿਹੜੇ ਤਰਤੀਬ ਨਾਲ ਯੋਗੀ ਦੇ ਰਾਹ ਵਿਕਸਿਤ ਕੀਤੇ ਜਾ ਸਕਦੇ ਹਨ।

ਅਹੰਕਾਰ, ਮਾਣ ਤੇ ਇਹੋ ਜਿਹੇ ਵਿਚਾਰ ਜਿਹੜੇ

ਦੂਸਰਿਆਂ ਨੂੰ ਦੁਖ ਦੇਣ ਵਾਲੇ ਹੋਣ ਇਹ ਅਗਿਆਨ ਦੀ ਨਿਸ਼ਾਨੀ ਹੈ। ਦਇਆਵਾਨ ਹੋਣ, ਕੋਮਲ ਹੋਣ, ਕ੍ਰਿਪਾਲੂ, ਹੋਣ, ਪਿਆਰ ਵਾਲੇ ਹੋਣ, ਖਿਮਾ ਕਰਨਾ, ਸਪਸ਼ਟ ਹੋਣਾ, ਵੱਡਿਆਂ ਦੀ ਦੇਖ ਭਾਲ ਕਰਨਾ, ਅਧਿਆਪਕਾਂ ਦੀ ਸੇਵਾ ਕਰਨੀ ਅਧਿਆਤਮਕ ਮਾਰਗ ਆਤਮ ਮਾਰਗ ਤੇ ਚੱਲਣਾ ਇਹ ਸਾਰੇ ਗੁਣ ਗਿਆਨਵਾਨ ਦੇ ਹਨ। ਜੇ ਇਹ ਗੁਣ ਨਾ ਹੋਣ, ਮਨੁੱਖ ਅਗਿਆਨੀ ਹੀ ਰਹਿ ਜਾਂਦਾ ਹੈ। ਸਾਰੇ ਗੁਣ ਤੇ ਬੁਰਿਆਈਆਂ ਨੂੰ ਚੰਗੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ, ਗੁਣਾਂ ਨੂੰ ਅੰਦਰ ਵਸਾਉਣ ਦਾ ਯਤਨ ਕਰਨਾ ਚਾਹੀਦਾ ਹੈ, ਉਸ ਲਈ ਪੂਰੀ ਇੱਛਾ ਸ਼ਕਤੀ ਲਗਾਉਣੀ ਚਾਹੀਦੀ ਹੈ, ਪੂਰੀ ਤਨ ਦੇਹੀ ਨਾਲ ਯਤਨ ਕਰਨਾ ਚਾਹੀਦਾ ਹੈ।

ਜਗਿਆਸੂ ਨੂੰ ਇਨ੍ਹਾਂ ਗੁਣਾਂ ਦਾ ਅਭਿਆਸ ਕਰਨਾ ਚਾਹੀਦਾ ਹੈ, ਇਹ ਗੁਣ ਉਸ ਦੀ ਚੇਤਨਤਾ ਦੇ ਵਿਸਤਾਰ ਲਈ ਸਹਾਇਕ ਹੋਣਗੇ ਤੇ ਉਹ ਚੇਤਨਤਾ ਦੀ ਡੂੰਘਾਈ ਤੇ ਉਚਾਈ ਨੂੰ ਪਕੜ ਸਕੇਗਾ। ਇਸ ਦੀ ਸਹਾਇਤਾ ਨਾਲ ਉਹ ਆਤਮ ਮਾਰਗ ਤੇ ਬਹੁਤ ਚੰਗੀ ਤਰ੍ਹਾਂ ਚਲ ਸਕੇਗਾ। ਮਿਸਾਲ ਵਜੋਂ ਜੇ ਕੋਈ ਪਿਆਰ ਕਰਨ ਦਾ ਅਭਿਆਸ ਕਰਨਾ ਚਾਹੁੰਦਾ ਹੈ ਉਸ ਨੂੰ ਅਹਿੰਸਾ ਦਾ ਅਭਿਆਸ ਕਰਨਾ ਚਾਹੀਦਾ ਹੈ ਭਾਵ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ, ਕਿਸੇ ਨੂੰ ਦੁਖ ਨਹੀਂ ਪਹੁੰਚਾਉਣਾ ਚਾਹੀਦਾ। ਜੇ ਅਜੇ ਵੀ ਉਹ ਸੰਸਾਰਕ ਭੋਗਾਂ ਦੇ ਪਿਛੇ ਦੌੜ ਰਿਹਾ ਹੈ, ਮੋਹ ਵਿਚ ਗ੍ਰਸਿਆ ਪਿਆ ਹੈ ਤਾਂ ਉਹ ਅਜੇ ਅਗਿਆਨ ਦੇ ਹਨ੍ਹੇਰੇ ਵਿਚ ਹੀ ਹੈ। ਇਹ ਆਤਮ ਮਾਰਗ ਨਹੀਂ ਹੈ। ਆਤਮ ਮਾਰਗ ਤੇ ਚੱਲਣ ਲਈ ਸਭ ਤੋਂ ਪਹਿਲਾਂ ਮਨੁੱਖ ਆਪਣੀਆਂ ਕਮੀਆਂ ਲਈ ਜਾਣੂੰ ਹੋ ਜਾਂਦਾ ਹੈ, ਦੂਸਰਾ ਉਹ ਫੇਰ ਉਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਯਤਨ ਕਰਦਾ ਹੈ, ਤੀਸਰੀ ਥਾਂ ਤੇ ਉਹ ਅਹਿੰਸਾ ਵਰਗੇ ਹੋਰ ਗੁਣ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ ਅਹਿੰਸਾ ਪਿਆਰ ਦਾ ਹੀ ਪ੍ਰਗਟਾਵਾ ਹੈ। ਚੌਥੇ ਥਾਂ ਤੇ ਮਨੁੱਖ ਉਹ ਸਾਰੇ ਕਰਮ ਕਰਨ ਤੋਂ ਟਲਦਾ ਹੈ ਜਿਹੜੇ ਉਸ ਦੇ ਆਤਮ ਮਾਰਗ ਤੇ ਚੱਲਣ ਵਿਚ ਬਾਧਕ ਹੁੰਦੇ ਹਨ।

ਜਿਹੜੇ ਅੰਦਰ ਦੀ ਆਤਮਾ ਤੇ ਪੂਰਨ ਵਿਸ਼ਵਾਸ਼ ਰਖਦੇ ਹਨ ਤੇ ਅੰਤਰ ਆਤਮਾ ਨੂੰ ਪਿਆਰ ਕਰਦੇ ਹਨ ਤੇ ਉਸ ਨੂੰ ਪ੍ਰਮਾਤਮਾ ਦਾ ਰੂਪ ਜਾਣਦੇ ਹਨ ਉਹ ਆਪਣੇ ਸਾਥੀ ਨਾਲ ਮੋਹ ਨਹੀਂ ਰਖਦੇ, ਬੱਚਿਆਂ ਤੇ ਘਰ ਨਾਲ ਕੋਈ ਮੋਹ ਨਹੀਂ ਰਖਦੇ। ਜਦੋਂ ਸਥਿਰਤਾ ਪ੍ਰਾਪਤ ਹੋ ਜਾਂਦੀ ਹੈ, ਮਨ ਦਾ ਟਿਕਾਅ ਪ੍ਰਾਪਤ ਹੋ ਜਾਂਦਾ ਹੈ, ਸਮਤਾ ਆ ਜਾਂਦੀ ਹੈ, ਬਾਹਰ ਦੇ ਸਾਰੇ ਬੰਧਨਾਂ ਨਾਲ ਮੋਹ ਖਤਮ ਹੋ ਜਾਂਦਾ ਹੈ ਤੇ ਆਪਣੇ ਅੰਦਰ ਨਾਲ ਮੋਹ ਪੈ ਜਾਂਦਾ ਹੈ, ਇਹੋ ਜਿਹਾ ਜਗਿਆਸੂ ਆਪਣੇ ਆਪ ਨੂੰ ਵਖਰਾ ਕਰ ਲੈਂਦਾ ਹੈ, ਇਕੱਲਾ ਕਰ ਲੈਂਦਾ ਹੈ ਤੇ ਆਪਣੀ ਸਾਰੀ ਸ਼ਕਤੀ ਸਾਧਨਾ ਵਿਚ ਲਗਾ ਦਿੰਦਾ ਹੈ। ਉਸ ਨੂੰ ਇਹ ਹੀ ਠੀਕ ਲਗਦਾ ਹੈ ਕਿ ਉਹ ਭਜਨ ਸਿਮਰਨ ਵਿਚ ਰਹੇ ਜਾਂ ਫੇਰ ਸਾਧੂਆਂ ਦੀ ਸੰਗਤ ਵਿਚ ਰਹੇ ਪਰ ਜਿਹੜੇ ਇਸੇ ਸੰਸਾਰ ਵਿਚ ਵਿਚਰਦੇ ਰਹਿੰਦੇ ਹਨ, ਮਨ ਇਛਾਵਾਂ ਨਾਲ ਭਰਿਆ ਰਹਿੰਦਾ ਹੈ, ਜਿਹੜੇ ਆਪਣੇ ਅੰਤਰ ਝਾਤੀ ਨਹੀਂ ਮਾਰਦੇ ਉਹ ਅਗਿਆਨ ਵਿਚ ਹੀ ਰਹਿੰਦੇ ਹਨ। ਸੰਤਾਂ ਮਹਾਤਮਾ ਦਾ ਵਿਹਾਰ ਦੇਖ ਕੇ ਤੇ ਅਗਿਆਨ ਦਾ ਵਿਹਾਰ ਦੇਖ ਕੇ, ਬੜੀ ਛੇਤੀ ਹੀ ਸਮਝ ਆ ਜਾਂਦੀ ਹੈ ਕਿ ਦੋਨੋਂ ਰਸਤੇ ਕਿੰਨੇ ਵਿਪਰੀਤ ਹਨ। ਇਕ ਰੌਸ਼ਨੀ ਦਾ ਮਾਰਗ ਹੈ ਦੂਸਰਾ ਹਨ੍ਹੇਰੇ ਦਾ ਮਾਰਗ ਹੈ, ਇਕ ਗਿਆਨ ਦਾ ਮਾਰਗ ਹੈ ਦੂਸਰਾ ਅਗਿਆਨ ਦਾ। ਮਨੁੱਖ ਦੇ ਵਿਹਾਰ ਦੇ ਕੁਝ ਗੁਣਾਂ ਤੋਂ ਪਤਾ ਲਗਦਾ ਹੈ ਕਿ ਉਹ ਗਿਆਨੀ ਹੈ ਜਾਂ ਨਹੀਂ। ਉਸ ਦੇ ਚਜ ਆਚਾਰ ਨੂੰ ਦੇਖ ਕੇ, ਉਹ ਕਿਵੇਂ ਗੱਲਬਾਤ ਕਰਦਾ ਹੈ, ਕੀ ਸੋਚਦਾ ਹੈ, ਕਿਵੇਂ ਕਰਮ ਕਰਦਾ ਹੈ, ਸਾਨੂੰ ਬੜੀ ਛੇਤੀ ਹੀ ਪਤਾ ਲਗ ਜਾਂਦਾ ਹੈ, ਕੌਣ ਗਿਆਨ ਦੇ ਮਾਰਗ ਤੇ ਹੈ। ਦਿਆਲਤਾ, ਮਾਫ ਕਰਨਾ, ਮੋਹ ਤੋਂ ਰਹਿਤ ਹੋਣਾ, ਆਪਣੇ ਤੇ ਕਾਬੂ ਰੱਖਣਾ ਇਹ ਗਿਆਨ ਵਾਲੇ ਦੇ ਗੁਣ ਹਨ। ਦੂਸਰੇ ਪਾਸੇ ਹੰਕਾਰ, ਮਾਣ, ਨਫਰਤ, ਹਉਮੈ, ਮੋਹ ਭੋਗਾਂ ਦੀ ਇੱਛਾ ਇਹ ਅਗਿਆਨ ਦੀਆਂ ਨਿਸ਼ਾਨੀਆਂ ਹਨ।

13. ਪ੍ਰੰਤੂ ਉਹ ਸਭ ਪਾਸਿਓਂ ਹੱਥ-ਪੈਰ ਵਾਲਾ ਅਤੇ ਸਭ ਪਾਸਿਓਂ ਨੇਤ੍ਰ, ਸਿਰ ਅਤੇ ਮੁਖ ਵਾਲਾ ਤਥਾ ਸਭ ਪਾਸਿਓਂ ਸਰੋਤ ਵਾਲਾ ਹੈ ਕਿਉਂਕਿ ਉਹ ਸੰਸਾਰ ਵਿਚ ਸਭ ਨੂੰ ਵਿਆਪਤ ਕਰਕੇ ਸਥਿਰ ਹੈ।

14. ਅਤੇ ਸੰਪੂਰਨ ਇੰਦ੍ਰੀਆਂ ਦੇ ਵਿਸ਼ਿਆਂ ਨੂੰ ਜਾਨਣ ਵਾਲਾ ਹੈ ਪ੍ਰੰਤੂ ਵਾਸਤਵ ਵਿਚ ਸਭ ਇੰਦ੍ਰੀਆਂ ਤੋਂ ਰਹਿਤ ਹੈ ਤਥਾ ਆਸਕਤਿ ਰਹਿਤ ਹੈ ਅਤੇ ਗੁਣਾਂ ਤੋਂ ਅਤੀਤ ਹੁੰਦਾ ਭੀ ਅਪਨੀ ਯੋਗ ਮਾਇਆ ਨਾਲ ਸਭ ਨੂੰ ਧਾਰਨ ਪੋਸ਼ਣ ਕਰਨ ਵਾਲਾ ਅਤੇ ਗੁਣਾਂ ਨੂੰ ਭੋਗਣੇ ਵਾਲਾ ਹੈ।

15. ਤਥਾ ਉਹ ਪ੍ਰਮਾਤਮਾ ਚਰ ਅਚਰ ਸਭ ਭੂਤਾਂ ਦੇ ਬਾਹਰ ਭੀਤਰ ਪਰੀਪੂਰਨ ਹੈ ਅਤੇ ਚਰ ਅਚਰ ਰੂਪ ਭੀ ਓਹੋ ਹੀ ਹੈ ਅਤੇ ਉਹ ਸੂਖਸ਼ਮ ਹੋਣ ਕਰਕੇ ਜਾਨਣ ਵਿਚ ਨਹੀਂ ਆਉਂਦਾ, ਅਤੀ ਨੇੜੇ ਅਤੇ ਦੂਰ ਓਹੋ ਹੀ ਸਥਿਤ ਹੈ।

16. ਉਹ ਸਭ ਜੀਵਾਂ ਵਿਚ ਵੱਖ ਵੱਖ ਵਟਿਆ ਹੋਇਆ ਨਾ ਹੋ ਕੇ ਵੀ ਵਟਿਆ ਹੋਇਆ ਹੈ ਸਥਿਤ ਹੈ, ਸਾਰੇ ਜੀਵਾਂ ਦਾ ਪਾਲਕ ਹੈ, ਲੈਅ ਕਰਨ ਵਾਲਾ ਹੈ ਅਤੇ ਸਭ ਦਾ ਕਰਤਾ ਹੈ।

ਉਪਨਿਸ਼ਦਾਂ ਵਿਚ ਇਕ ਅਰਦਾਸ ਹੈ, "ਹੇ ਪ੍ਰਭੂ! ਮੈਨੂੰ ਅਸਤਿ ਤੋਂ ਸਤਿ ਵਲ ਲੈ ਜਾ, ਹਨ੍ਹੇਰੇ ਤੋਂ ਚਾਨਣ ਵਿਚ ਲੈ ਜਾ, ਨਾਸ਼ਵਾਨ ਤੋਂ ਅਵਿਨਾਸ਼ੀ ਬਣਾ ਦੇ। ਜਦੋਂ ਤੋਂ ਮਨੁੱਖ ਹੋਂਦ ਵਿਚ ਆਇਆ ਹੈ ਉਹ ਅਵਿਨਾਸ਼ੀ ਹੋਣ ਦੀ ਇੱਛਾ ਰਖਦਾ ਹੈ ਤੇ ਸਥਿਰ ਹੋਣ ਦੀ ਤੇ ਚਾਨਣ ਬਣਨ ਦੀ ਇੱਛਾ ਰਖਦਾ ਹੈ। ਮਨੁੱਖ ਅਵਿਨਾਸ਼ ਹੋਣ ਦੀ ਇੱਛਾ ਰਖਦਾ ਹੈ ਪਰ ਇਹ ਜਾਣਦਾ ਹੈ ਕਿ ਸੰਸਾਰ ਵਿਚ ਕੁਝ ਵੀ ਅਵਿਨਾਸ਼ੀ ਨਹੀਂ ਹੈ। ਅੰਤਰ ਦੀ ਖੋਜ ਦਾ ਇਹ ਨਤੀਜਾ ਕੇਵਲ ਅੰਤਰ ਆਤਮਾ ਹੀ ਅਮਰ ਹੈ ਉਸ ਨੂੰ ਪ੍ਰਾਪਤ ਕਰਨ ਨਾਲ ਪਹਿਲਾਂ ਮਨੁੱਖ ਨੂੰ ਡੂੰਘੀ ਤਰ੍ਹਾਂ ਨਾਲ ਅੰਦਰ ਜਾਣਾ ਪੈਂਦਾ ਹੈ, ਸਤਿ ਮਨੁੱਖ ਦੀਆਂ ਗਿਆਨ ਇੰਦ੍ਰੀਆਂ ਤੇ ਮਨ ਤੋਂ ਪਰ੍ਹੇ ਦੀ ਗੱਲ ਹੈ। ਸਾਨੂੰ ਸਤਿ ਨੂੰ ਲੱਭਣ ਲਈ ਬਾਹਰ ਐਧਰ ਓਧਰ ਦੇਖ ਕੇ ਸਮਾਂ ਬੇਅਰਥ ਨਹੀਂ ਗਵਾਉਣਾ ਚਾਹੀਦਾ, ਸਤਿ ਤਾਂ ਸਾਡੇ ਸਰੀਰ ਦੇ ਅੰਦਰ

(ਬਾਕੀ ਪੰਨਾ 62 ਤੇ)

# ਸਮਰਪਣ ਪਰਮ ਸੁਖ

***ਸੰਤ ਕਲਿਆਣ ਦਾਸ ਸਿੰਘ***
***ਸ੍ਰੀ ਅਨੰਦਪੁਰ ਸਾਹਿਬ ਵਾਲੇ***

ਮਰਦਾਨਾ ਬੋਲਿਆ, ਮਹਾਰਾਜ! ਆਪ ਜੀ ਕਹਿੰਦੇ ਸੀ ਕਿ ਜੇ ਚਿਤ ਸਿਮਰਨ ਵਿਚ ਲੱਗ ਜਾਵੇ ਤਾਂ ਕੁਝ ਵੀ ਕਰਨ ਦੀ ਲੋੜ ਨਹੀਂ। ਖਾਣ ਪੀਣ ਦੀਆਂ ਵਸਤਾਂ, ਅੰਨ ਦਾਣਾ, ਫਲ, ਵਸਤੂਆਂ ਹਰ ਸ਼ੈ (ਵਸਤੂ) ਆਪੇ ਉਪਲਬਧ ਹੋਣਗੀਆਂ, ਪਦਾਰਥਾਂ ਦੇ ਢੇਰ ਲੱਗ ਜਾਣਗੇ। ਜੇ ਚਿੱਤ ਨਿਰੰਜਨ ਨਾਲ ਲੱਗ ਜਾਵੇ ਤਾਂ ਹੱਥ ਕਾਰ ਵੱਲ ਕਿਉਂ ਲਾਈਏ, ਜੇ ਚਿੱਤ ਨਿਰੰਜਨ ਨਾਲ ਲੱਗ ਜਾਵੇ ਤਾਂ ***'ਹਾਥ ਪਾਉ ਕਰਿ ਕਾਮੁ ਸਭੁ ਪੰਨਾ – 1376'*** ਫੇਰ ਹੱਥਾਂ ਨਾਲ ਕੰਮ ਕਿਉਂ ਕਰੀਏ? ਵਿਹਲੇ ਬਹਿ ਕੇ ਕੇਵਲ ਨਾਮ ਹੀ ਨਾ ਜਪੀ ਜਾਈਏ। ਵਿਅਰਥ (ਫਜ਼ੂਲ) ਟੰਟੇਬਾਜੀ ਕਰਨ ਦੀ ਕੀ ਲੋੜ ਹੈ।

ਮਹਾਰਾਜ ਬੋਲੇ, "ਮਰਦਾਨਿਆ! ਸਰੀਰਧਾਰੀ ਅਕਰਤਾ ਨਹੀਂ ਹੋ ਸਕਦਾ, ਵਿਹਲਾ ਨਹੀਂ ਹੋ ਸਕਦਾ, ਹਰ ਵੇਲੇ ਸਰੀਰ ਤੇ ਮਨ ਕੁਝ ਨਾ ਕੁਝ ਕਰਦੇ ਹਨ। ਫਲਾਣਾ ਕੀ ਕਰਦਾ ਹੈ? ਕੁਝ ਨਹੀਂ, ਵਿਹਲਾ ਬੈਠਾ ਹੈ, ਬੈਠਣਾ ਵੀ ਕਰਮ ਹੈ, ਪਿਆ ਹੈ, ਪੈਣਾ ਵੀ ਕਰਮ ਹੈ; ਸੁੱਤਾ ਹੈ, ਸੌਣਾ ਵੀ ਕਰਮ ਹੈ; ਬੋਲਣਾ ਵੀ ਕਰਮ ਹੈ, ਚੁਪ ਹੋਣਾ ਵੀ ਕਰਮ ਹੈ। ਮਨ ਵੀ ਵਿਹਲਾ ਨਹੀਂ ਰਹਿੰਦਾ, ਫੁਰਨਿਆਂ ਦੇ ਢੇਰ ਲਾਈ ਜਾਂਦਾ ਹੈ। ਜੇ ਮਨ ਇਕਾਗਰ ਕਰਕੇ ਬੈਠਾ ਹੋਵੇ ਤਾਂ ਵੀ ਕਹਿੰਦੇ ਹਨ, ਧਿਆਨ ਵਿਚ ਬੈਠਾ ਹੈ, ਮਨ ਕਰ ਰਿਹਾ ਹੈ 'ਧਿਆਨ' ਇਹ ਕਰਮ ਹੈ, ਸਰੀਰ ਕਰ ਰਿਹਾ 'ਬੈਠਣ' ਦਾ ਕਰਮ ਅਕਰਤਾ ਨਹੀਂ ਹੋ ਸਕਦਾ।

ਅਕਰਤਾ ਤਾਂ ਕੇਵਲ ਕਰਤਾਰ ਹੈ, ਉਹ ਕਰਤਾ ਹੋ ਕੇ ਵੀ ਅਕਰਤਾ ਹੈ। ਸ੍ਰਿਸ਼ਟੀ ਰਚਦਾ ਹੈ, ਪਾਲਦਾ ਹੈ, ਸੰਘਾਰ (ਨਾਸ਼) ਕਰਦਾ ਹੈ। ਫੇਰ ਅਕਰਤਾ ਹੈ, ਆਪ ਕੁਝ ਨਹੀਂ ਕਰਦਾ, ਕਰਨ ਵਾਲਾ ਜ਼ੁੰਮੇਵਾਰ ਹੈ। ਜ਼ਿੰਮੇਵਾਰ ਪਕੜਿਆ ਜਾਂਦਾ ਹੈ। ਉਹ ਜ਼ਿੰਮੇਵਾਰ ਨਹੀਂ, ਉਹ ਬੰਧਨ ਵਿਚ ਨਹੀਂ, ਉਹ ਪਕੜਿਆ ਨਹੀਂ ਜਾਂਦਾ।

ਉਹ ਕਰਤਾ ਵੀ ਹੈ, ਅਕਰਤਾ ਵੀ, ਉਹ ਤਟਸਥ (ਕਿਨਾਰੇ) ਰਹਿ ਕੇ ਕਰਦਾ ਹੈ, ਉਸ ਦਾ ਹੁਕਮ ਚਲਦਾ ਹੈ, ਉਹ ਹੁਕਮ ਦਾ ਮਾਲਕ ਹੈ, ਆਰਡਰ (ਹੁਕਮ) ਦਿੰਦਾ ਹੈ, ਹੁਕਮ ਦੇਣਾ ਵੀ ਕਰਮ ਹੈ, ਉਹ ਵੀ ਨਹੀਂ ਦਿੰਦਾ ਉਸਦਾ ਹੁਕਮ ਵੀ ਆਟੋਮੈਟਿਕ (ਸੁਭਾਵਿਕ) ਹੈ, ਹੁਕਮ ਆਪੇ (ਸ੍ਵੈ ਚਾਲਿਤ) ਹੁੰਦਾ ਹੈ, ਹੁਕਮ ਨਿਯਮ ਬੱਧ ਅਤੇ ਅਟੱਲ ਹੈ, ਕੁਝ ਵੀ ਹੁਕਮ ਤੋਂ ਬਾਹਰ ਨਹੀਂ ਵਾਂਢੇ ਨਹੀਂ –

***ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥***
***ਪੰਨਾ – 1***

ਇਹ ਹੁਕਮ ਹੀ ਕੁਦਰਤ ਹੈ, ਉਹ ਕਾਦਰ ਹੈ, ਕੁਦਰਤ ਦਾ ਮਾਲਕ ਸੁਆਮੀ ਹੈ, ਕੁਦਰਤ ਦਾ ਪੈਦਾ ਕਰਨ ਵਾਲਾ ਹੈ। ਕੁਦਰਤ ਨੂੰ ਪੈਦਾ ਕਰਨਾ ਵੀ ਕਰਮ ਹੈ, ਲੇਕਿਨ ਉਹ ਕੁਦਰਤ ਨੂੰ ਪੈਦਾ ਕਰਕੇ ਵੀ ਅਕਰਤਾ ਹੈ ਕਿਉਂਕਿ ਕੁਦਰਤ ਵੀ ਆਟੋਮੈਟਿਕ ਹੈ, ਸੁਭਾਵਿਕ ਹੈ, ਨਿਯਮਬੱਧ ਹੈ, ਸਭ ਕੁਝ ਉਸਦੇ ਡਰ ਵਿਚ ਹੈ, ਪ੍ਰਕਿਰਤੀ ਵੀ ਡਰ ਵਿਚ ਹੈ, ਭਉ ਵਿਚ ਹੈ, ਕੋਈ ਵੀ, ਕੁਝ ਵੀ ਉਸਦੇ ਡਰ ਤੋਂ ਬਾਹਰ ਨਹੀਂ, ਕੇਵਲ ਕਰਤਾਰ ਹੀ ਨਿਰਭਉ ਹੈ।

***ਸਗਲਿਆ ਭਉ ਲਿਖਿਆ ਸਿਰਿ ਲੇਖੁ॥***
***ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ ਪੰਨਾ – 464***

ਕੇਵਲ ਕਰਤਾਰ ਹੀ ਕਰਤਾ ਹੁੰਦਿਆਂ ਹੋਇਆ ਵੀ ਅਕਰਤਾ ਹੈ। ਕਾਰਣ ਵੀ ਆਪ ਹੈ।

***ਕਾਰਣ ਕਰਣ ਅਕਰਤਾ ਕਹੀਐ॥***
***ਭਾਨ ਪਰਕਾਸ ਜਗਤ ਜਿਉ ਲਹੀਐ॥***
***ਪੈਂਤੀਸ ਅਖਰੀ ਮਹਲਾ੧॥***

ਜਿਸ ਤਰ੍ਹਾਂ ਸੂਰਜ ਭਾਵੇਂ ਕਿਸੇ ਨੂੰ ਕਰਮ ਕਰਨ ਨੂੰ ਨਹੀਂ ਆਖਦਾ, ਨਾ ਹੀ ਪ੍ਰੇਰਦਾ ਹੈ, ਨਾ ਹੀ ਆਪਣੇ ਵਲੋਂ ਪ੍ਰੇਰਕ ਬਣਨ ਦਾ ਯਤਨ ਕਰਦਾ ਹੈ। ਜਦੋਂ ਸੂਰਜ ਚੜ੍ਹਦਾ ਹੈ ਤਾਂ ਸਾਰਾ ਸੰਸਾਰ ਧੰਦੇ ਲੱਗ ਜਾਂਦਾ ਹੈ, ਬਾਣੀਆ ਹੱਟ ਖੋਲ੍ਹ ਲੈਂਦਾ ਹੈ, ਪੁਜਾਰੀ ਮੰਦਰ ਪੂਜਾ ਅਰੰਭ ਕਰ ਦਿੰਦਾ ਹੈ, ਕਸਾਈ ਬਕਰੇ ਵੱਢਣ ਲੱਗ ਜਾਂਦਾ ਹੈ। ਸੂਰਜ ਹੱਟ ਖੋਲ੍ਹਣ ਨੂੰ ਨਹੀਂ ਕਹਿੰਦਾ, ਪੂਜਾ ਕਰਨ ਨੂੰ ਨਹੀਂ ਕਹਿੰਦਾ, ਬੱਕਰੇ ਵੱਢਣ ਨੂੰ ਨਹੀਂ ਕਹਿੰਦਾ। ਤਾਂ ਵੀ ਸੂਰਜ ਦਾ ਪ੍ਰਕਾਸ਼ ਪਾ ਕੇ ਸਕ੍ਰਿਯ ਹੁੰਦੇ ਹਨ, ਸੂਰਜ ਦੀ ਰੋਸ਼ਨੀ ਪਾ ਕੇ ਦੁਨੀਆਂ ਕ੍ਰਿਯਾਸ਼ੀਲ ਹੋ ਕੇ ਕਰਮ ਕਰਦੀ ਹੈ, ਸੂਰਜ ਅਸਤ ਹੋਇਆਂ ਸਭ ਕੰਮਾਂ ਨੂੰ ਛੱਡ ਕੇ ਪੈ ਜਾਂਦੇ ਹਨ। ਸੂਰਜ ਅਕਰਤਾ ਹੈ। ਤਿਵੇਂ –

***ਕਾਰਣ ਕਰਣ ਅਕਰਤਾ ਕਹੀਐ॥***

ਕਾਰਣ ਵੀ ਹੈ, ਕਰਣ ਵੀ ਹੈ ਫੇਰ ਅਕਰਤਾ ਹੈ। ਇਹ ਸਿਫਤ ਕਰਤਾਰ (ਅਕਾਲ ਪੁਰਖ) ਵਿਚ ਹੀ ਹੈ। ਮਨੁੱਖ ਜੀਵ ਵਿਚ ਨਹੀਂ। ਜੀਵ ਅਕਰਤਾ ਨਹੀਂ ਹੋ ਸਕਦਾ, ਜਨਮ ਤੋਂ ਲੈ ਕੇ ਮਰਣ ਤੱਕ ਕਰਦਾ ਹੈ; ਜਨਮ ਰਿਹਾ ਹੈ, ਮਰ ਰਿਹਾ ਹੈ।

ਕਰਮ ਤਿੰਨ ਪ੍ਰਕਾਰ ਦੇ ਹੁੰਦੇ ਹਨ। 1. ਕਰਮ 2. ਅਕਰਮ 3. ਵਿਕਰਮ (ਨੋਟ – ਗੀਤਾ ਦੀ ਫਿਲਾਸਫੀ ਤੋਂ ਅਲੱਗ ਮੇਰੀ ਆਪਣੀ ਫਿਲਾਸਫੀ ਹੈ।)

1. ਜੋ ਸੰਕਲਪ (ਫੁਰਨੇ) ਅਤੇ ਇੱਛਾ ਨਾਲ ਸੰਬੰਧਿਤ ਹੋ ਕੇ ਕਰਮ ਕਰਦਾ ਹੈ ਉਹ ਕਰਮ ਹੈ, ਬੰਧਨ ਦਾ ਕਾਰਣ ਹੈ, ਪਕੜ ਦਾ ਕਾਰਣ ਹੈ, ਫਲ ਦੀ ਕੋਈ ਗਾਰੰਟੀ ਨਹੀਂ, ਮਿਲੇ ਨਾ ਮਿਲੇ, ਥੋੜ੍ਹਾ ਮਿਲੇ, ਬਹੁਤਾ ਮਿਲੇ।

2. ਅਕਰਮ ਜੋ ਕਰਮ ਬਿਨਾ ਫੁਰਨੇ ਤੋਂ, ਬਿਨਾ ਸੰਕਲਪ ਤੋਂ, ਬਿਨਾਂ ਇੱਛਾ ਤੋਂ ਇਸ ਕੋਲੋਂ ਹੁੰਦਾ ਹੈ, ਉਹ ਅਕਰਮ ਹੈ। ਜਿਵੇਂ, ਸ੍ਵਾਸ ਲੈਣਾ ਕਰਮ ਹੈ, ਸ੍ਵਾਸ ਬਿਨਾਂ ਇੱਛਾ ਤੇ, ਬਿਨਾਂ ਫੁਰਨੇ ਤੋਂ ਸਭਾਵਿਕ ਚਲਦਾ ਹੈ, ਸ੍ਵਾਸ ਸੁਤੇ ਹੈ, ਇਹ ਅਕਰਮ ਹੈ। ਚਲਦਿਆਂ ਪੈਰਾਂ ਹੇਠ ਕੀੜੀਆਂ ਮਰ ਗਈਆਂ, ਅਕਰਮ

ਹੈ। ਇਸ ਵਿਚ (ਕੀੜੀਆਂ ਮਾਰਣ ਵਿਚ) ਫੁਰਨਾ ਤੇ ਇੱਛਾ ਨਹੀਂ। ਇਹ ਅਚੇਤ ਪਾਪ ਹੈ, ਇਸ ਦੀ ਵੀ ਕੁਝ ਪਕੜ ਹੈ।

***ਨਰ ਅਚੇਤ ਪਾਪ ਤੇ ਡਰੁ ਰੇ॥ ਪੰਨਾ – 220***

ਕਿਤੇ ਸਤਸੰਗ ਹੋ ਰਿਹਾ ਹੈ, ਕੀਰਤਨ ਹੋ ਰਿਹਾ ਹੈ, ਰਾਹ ਚਲਦੇ ਦੇ ਕੰਨਾਂ ਵਿਚ ਧੁੰਨ ਪੈ ਗਈ; ਫੁਰਨਾ ਨਹੀਂ, ਇੱਛਾ ਨਹੀਂ, ਕੁਝ ਫਲ ਮਿਲੇਗਾ, ਸੁਣਨਾ ਕਰਮ ਹੈ, ਸੰਕਲਪ ਨਹੀਂ ਹੈ, ਸੁਤੇ ਹੈ, ਇਹ ਅਕਰਮ ਹੈ।

3. ਵਿਕਰਮ – ਜੋ ਕਰਮ ਕਰਕੇ ਗੁਰੂ ਦੇ ਅਰਪਣ ਕਰ ਦੇਵੇ, ਜਾਂ ਸਮਰਪਣ ਹੋ ਕੇ ਕਰਮ ਕਰੇ, ਮੈਂ ਕੁਝ ਨਹੀਂ ਕਰ ਰਿਹਾ, ਮੈਂ ਕੁਝ ਨਹੀਂ ਕੀਤਾ, ਤੂੰ ਹੀ ਕਰ ਰਿਹਾ ਹੈ, ਤੂੰ ਹੀ ਕਰ ਰਿਹਾ ਹੈਂ, ਤੂੰ ਹੀ ਦਾਤਾ ਹੈਂ, ਤੂੰ ਹੀ ਦੇ ਰਿਹਾ ਹੈਂ –

***ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ॥***

***ਪੰਨਾ – 652***

ਤੇਰੇ ਬਿਨਾ ਹੋਰ ਕੋਈ ਦੂਜਾ ਦਾਤਾ ਨਹੀਂ।

***ਤੁਝ ਬਿਨ ਦਾਤਾ ਅਵਰ ਨ ਬੀਆ॥***

ਤੇਰਾ ਦਿਤਾ ਥੋੜ੍ਹਾ ਵੀ ਬਹੁਤਾ ਹੈ। ਸਮਰਪਣ ਹੋ ਕੇ ਕਰਮ ਕਰਨਾ, ਅਹੰ ਤੋਂ ਰਹਿਤ ਹੋ ਕੇ ਕਰਮ ਕਰਨਾ ਵਿਕਰਮ ਹੈ। ਪਕੜ ਤੋਂ ਰਹਿਤ ਹੈ ਨਿਰਬੰਧ ਹੈ, ਉਸ ਨੂੰ ਕੋਈ ਲੇਪ ਨਹੀਂ। ਜੋ 'ਮੈਂ' ਭਾਵ ਨਾਲ ਕਰਮ ਕਰਦਾ ਹੈ, ਉਹ ਕਰਮ ਬੇੜੀ ਹੈ, ਜਨਮ ਮਰਣ ਦਾ ਕਾਰਣ ਹੈ। ਚੰਗਾ ਹੋ ਜਾਵੇ ਤਾਂ ਕਹਿਣਾ ਮੈਂ ਕੀਤਾ, ਮਾੜਾ ਹੋ ਜਾਵੇ ਤਾਂ ਗੁਰੂ ਨੇ ਕਰਾਇਅ ਹੈ,ਾ ਓਹੀ ਕਰਣਹਾਰ ਹੈ। ਇਹ ਚਾਲਾਕੀ ਉਥੇ ਨਹੀਂ ਚਲਦੀ, ਉਹ ਅੰਤਰੀਵੀ ਡੂੰਘੇ ਭਾਵ ਪਹਿਚਾਣਦਾ ਹੈ।

***ਘਟ ਘਟ ਕੇ ਅੰਤਰ ਕੀ ਜਾਨਤ॥***
***ਭਲੇ ਬੁਰੇ ਕੀ ਪੀਰ ਪਛਾਨਤ॥ (ਚੌਪਈ)***

ਸਮਰਪਿਤ ਹੋਇਆ ਵੀ ਕਰਮ ਕਰਦਾ ਹੈ। ਉਸਦਾ ਕਰਮ ਵਿਕਰਮ ਬਣ ਜਾਂਦਾ ਹੈ, ਉਹ ਫਲ ਦੀ ਇੱਛਾ ਨਹੀਂ ਰਖਦਾ, ਫਲ ਗੁਰੂ ਅਰਪਣ ਕਰ ਦਿੰਦਾ ਹੈ।

***ਕਾਹੂ ਫਲ ਕੀ ਇਛਾ ਨਹੀ ਬਾਛੈ॥***
***ਕੇਵਲ ਭਗਤਿ ਕੀਰਤਨ ਸੰਗਿ ਰਾਚੈ॥ ਪੰਨਾ – 274***

ਗੁਰਸਿਖ ਕਿਰਤ ਕਰਦਾ ਹੈ, ਸ਼ੁੱਧ ਅੰਨ ਪੈਦਾ ਕਰਦਾ ਹੈ, ਨੇਕ ਕਮਾਈ ਦਾ ਪਵਿੱਤਰ ਭੋਜਨ ਖਾਂਦਾ ਹੈ, ਇਸ ਲਈ ਮਨ ਉਚੇ ਮੰਡਲਾਂ ਵਿਚ ਖੇਡਦਾ ਹੈ ਅਤੇ ਚੜ੍ਹਦੀ ਕਲਾ ਵਿਚ ਰਹਿੰਦਾ ਹੈ।

ਦੋ ਗੱਲਾਂ ਪੂਰੀਆਂ ਹੋਣ ਤੇ ਤੀਜੀ ਗੱਲ ਸਿਰੇ ਚੜ੍ਹਦੀ ਹੈ। ਪਹਿਲੀ ਅਹਾਰ ਸ਼ੁਧ, ਦੂਜੀ ਵਿਹਾਰ ਸ਼ੁਧ ਤਾਂ ਤੀਜਾ ਪ੍ਰਮਾਰਥ ਸਿੱਧ ਹੁੰਦਾ ਹੈ। ਜਿਸਦਾ ਅਹਾਰ ਸ਼ੁਧ ਨਹੀਂ ਉਸਦਾ ਮਨ ਵੀ ਸ਼ੁਧ ਨਹੀਂ ਹੋ ਸਕਦਾ।

ਮਾੜੀ ਕਮਾਈ ਦਾ ਅੰਨ ਖਾਣ ਨਾਲ ਜਗਿਆਸੂ, ਸਾਧਕ ਦੀ ਬਿਰਤੀ ਠੀਕ ਨਹੀਂ ਰਹਿੰਦੀ, ਸਾਧਕ ਸਾਧਨਾ ਤੋਂ ਗਿਰ ਜਾਂਦਾ ਹੈ। ਜਗਿਆਸੂ ਦਾ ਮਨ ਢਿੱਲਾ ਪੈ ਜਾਂਦਾ ਹੈ।

ਦੂਜਾ ਸਾਧਕ ਨੂੰ ਬਿਗਾਨਾ ਅੰਨ ਖਾ ਕੇ ਮੁੱਲ ਉਤਾਰਨਾ ਪੈਂਦਾ ਹੈ। ਸੁੱਕਾ ਅੰਨ, ਕੇਵਲ ਉਦਰ ਭਰਨ ਲਈ ਖਾਣ ਦਾ, ਛੇ ਘੰਟੇ ਦਾ ਨਿਤਨੇਮ ਭਜਨ ਸਿਮਰਨ ਬਿਕ ਜਾਂਦਾ ਹੈ, ਘੀ, ਦੁਧ, ਕੜਾਹ, ਖੀਰ, ਫਲ ਫਰੂਟ, ਮੇਵੇ ਪਦਾਰਥ ਖਾਣ ਦਾ ਹੋਰ ਅਤੀਰਿਕਤ ਮੁੱਲ ਦੇਣਾ ਪੈਂਦਾ ਹੈ। ਭਜਨ ਬੰਦਗੀ ਸਭ ਰੋਟੀ ਤੇ ਲੱਗ ਜਾਂਦੀ ਹੈ। ਜੇ ਕਿਸੇ ਅਧਰਮੀ ਕੁਕਰਮੀ ਦਾ ਖਾਧਾ ਜਾਵੇ ਤਾਂ ਮੋਨ ਬਿਰਤੀ ਚੌੜ ਹੋ ਜਾਂਦੀ ਹੈ। ਜੇ ਰੋਟੀ ਦੇ ਮੁਲ ਨਾਲੋ ਵੱਧ ਭਗਤੀ ਕਰੇ ਤਾਂ ਕੁਝ ਪੱਲੇ ਬਚਦਾ ਹੈ। ਜੇ ਭਗਤੀ ਹੀ ਘੱਟ ਕਰਦਾ ਹੋਵੇ ਤਾਂ ਅੰਨ ਦਾ ਮੁੱਲ ਕਿਥੋਂ ਤਾਰੇਗਾ ਕਰਜਾਈ ਹੋ ਜਾਵੇਗਾ, ਅਨਮੋਲ ਮਨੁੱਖਾ ਦੇਹੀ ਨਿਲਾਮ ਹੋ ਜਾਵੇਗੀ। ਲਹਿਣੇਦਾਰ ਕੁਰਕੀ ਕਰਾ ਲੈਣਗੇ।

ਇੱਕ ਸੱਜਣ ਸੰਤਾਂ ਨੂੰ ਚੋਖਾ ਖਾਂਦੇ ਪੀਦੇ ਵੇਖ ਕੇ, ਕਿ ਬੜੇ ਫੱਲ ਪਦਾਰਥ ਖਾਣ ਨੂੰ ਮਿਲਦੇ ਹਨ, ਕੰਮ ਕੋਈ ਨਹੀਂ, ਨਾਲ ਹੋ ਤੁਰਿਆ। ਦਿਨੇ ਖੂਬ ਛਕਿਆ ਕਰੇ ਤੇ ਰਾਤ ਨੂੰ ਗਹਿਰੀ ਨੀਂਦ ਸੋਇਆ ਕਰੇ। ਭਗਤ ਕਬੀਰ ਜੀ ਨੇ ਉਸ ਨੂੰ ਚਿਤਾਵਨੀ ਦਿੱਤੀ, ਭਲੇ ਲੋਕਾਂ! ਸਾਧੂਆਂ ਨਾਲ ਰਹਿਣਾ ਹੈ ਤਾਂ ਭਜਨ ਕਰਿਆ ਕਰ, ਨਹੀਂ ਤਾਂ ਘਰ ਚਲਿਆ ਜਾਹ ਤੇ ਕੋਈ ਕ੍ਰਿਤ ਕਮਾਈ ਕਰਕੇ ਰੋਟੀ ਖਾਹ, ਇਹ ਸਾਧਾਂ ਦੇ ਟੁਕੜੇ ਹਜ਼ਮ ਨਹੀਂ ਹੋਣੇ, ਮਨੁੱਖਾ ਦੇਹੀ ਬੜੀ ਔਖੀ ਮਿਲੀ ਹੈ, ਅਜਾਈਂ ਨਾ ਗਵਾ।

***ਭਈ ਪਰਾਪਤਿ ਮਾਨੁਖ ਦੇਹੁਰੀਆ***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ – 12***

ਓ ਭੋਲੇ! ਇਹ ਮੁਫਤ ਰੋਟੀਆਂ ਖਾਣ ਦਾ ਲੇਖਾ ਦੇਣਾ ਪਵੇਗਾ। ਅੱਗੋਂ ਮਹਾਂਪੁਰਖਾਂ ਨੇ ਵੀ ਕਿਹਾ, ਇਸ ਨੂੰ ਬਹੁਤ ਸਮਝਾਇਆ ਪ੍ਰੰਤੂ ਇਹ ਨਹੀਂ ਮੰਨਿਆ, ਇਹ ਸਾਨੂੰ ਦੰਦ ਲੱਗ ਗਿਆ ਹੈ।

ਕੁਝ ਸਮੇਂ ਤੋਂ ਬਾਅਦ ਉਸ ਦੀ ਮ੍ਰਿਤੂ ਹੋ ਗਈ ਤੇ ਇਕ ਜ਼ਿੰਮੀਦਾਰ ਦੇ ਘਰ ਗਊ ਸੂਈ ਤਾਂ ਵੱਛਾ ਬਣ ਗਿਆ, ਚੰਗਾ ਪਾਲਿਆ ਤੇ ਹਾਲੀ ਕੱਢ ਲਿਆ, ਬੜੀ ਕਮਾਈ ਦਿੱਤੀ। ਫੇਰ ਅੱਗੇ ਤੋਂ ਅੱਗੇ ਜਿਨ੍ਹਾਂ ਦੇ ਖਾਂਦਾ ਰਿਹਾ ਸੀ, ਵਿਕਦਾ ਰਿਹਾ, ਲੇਖਾ ਪੂਰਾ ਕਰਦਾ ਰਿਹਾ। ਫੇਰ ਇਹੋ ਜਿਹੇ ਘਰ ਆ ਗਿਆ ਜਿਸ ਨੇ ਸੁੱਕੀ ਤੂੜੀ ਤੇ ਚੰਗਾ ਵਾਹਿਆ ਤੇ ਗਰਦਨ ਤੇ ਕੰਨ੍ਹਾ ਪੈ ਕੇ ਲਾਗਾ ਲੱਗ ਗਿਆ, ਕੰਧਾ ਮਤਾੜਿਆ ਗਿਆ, ਉਸ ਨੇ ਐਕਸਟ੍ਰਾ ਸਟੱਪਨੀ ਬਣਾ ਕੇ ਮੰਗਣ ਵਾਲਿਆਂ ਨੂੰ ਦੇ ਦਿੱਤਾ। ਭਲਾ ਮੰਗਣ ਵਾਲੇ ਬਿਗਾਨੇ ਬੈਲ੍ਹ ਨੂੰ ਦਾਣਾ ਕਿੱਥੋ ਪਾਉਂਦੇ ਨੇ। ਵਾਹੁਣਾ ਤੇ ਚਰਣ ਛੱਡ ਦੇਣਾ। ਹੱਡ ਨਿਕਲ ਆਏ, ਲਿੱਸਾ ਹੋ ਗਿਆ।

ਭਗਤ ਕਬੀਰ ਜੀ ਤੁਰੇ ਜਾਂਦੇ ਸਨ, ਬੈਲ ਨੂੰ ਚਰਦਾ ਵੇਖ ਕੇ ਦਿਬਤ ਦ੍ਰਿਸ਼ਟੀ ਪੈ ਗਈ, ਪਛਾਣ ਲਿਆ ਇਹ ਉਹੀ ਮੋਟੂ ਸਾਧ ਹੈ। ਕਹਿਣ ਲੱਗੇ, ਕਿਉਂ ਬਈ ਵੇਖਿਆ ਸਾਡਾ ਕਿਹਾ ਨਹੀਂ ਮੰਨਿਆ, ਹੁਣ ਹਲ ਤੇ ਹਲਟ ਖਿੱਚ ਕੇ ਲੇਖਾ ਦੇਣਾ ਪੈ ਰਿਹਾ ਹੈ, ਉਹ ਵੀ ਬੇਗਾਨੇ ਘਰੀਂ ਜਾ ਜਾ। ਬੈਲ ਨੇ ਸਿਰ ਮਾਰਿਆ ਤਾਂ ਭਗਤ ਜੀ ਬੋਲੇ, ਹੁਣ ਮੂੰਡ ਧੁਨਨ ਤੇ

ਪਛਤਾਣ ਤੋਂ ਬਿਨਾਂ ਕੀ ਕਰ ਸਕਦਾ ਹੈਂ?

*ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥*
*ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ॥*
*ਹਰਿ ਬਿਨੁ ਬੈਲ ਬਿਰਾਨੇ ਹੋਈਹੈ॥*
*ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥*
*ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ॥*
*ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ॥*
*ਦੁਖੁ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ॥*
*ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ॥*
*ਭ੍ਰਮਤ ਫਿਰਕ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ॥*

*ਪੰਨਾ – 524*

ਜਿਹੜੇ ਗ੍ਰਿਹਸਤੀ ਆਪਣੀ ਕਮਾਈ ਕਰਕੇ ਖਾਂਦੇ ਹਨ, ਉਨ੍ਹਾਂ ਨੇ ਆਪਣੀ ਭਗਤੀ ’ਚੋਂ ਕਿਸੇ ਨੂੰ ਕੁਝ ਨਹੀਂ ਦੇਣਾ, ਜੋ ਘੰਟਾ, ਦੋ ਦੋ ਘੰਟੇ, ਚਾਰ ਘੰਟੇ ਬਾਣੀ, ਨਾਮ ਦੀ ਕਮਾਈ ਕਰਨੀ ਹੈ, ਉਹ ਸਾਰੀ ਟੋਟਲ ਜਮ੍ਹਾਂ ਹੋ ਜਾਣੀ ਹੈ। ਜਿਹੜੀ ਗੁਰਸਿੱਖ ਸਾਧੂ ਸੰਤ ਦੀ ਸੇਵਾ ਕਰਨੀ ਹੈ, ਉਹ ਵਖਰੀ ਸਾਈਡ ਬਿਜਨਸ ਕਮਾਈ ਬਣ ਜਾਂਦੀ ਹੈ। ਜਿਨ੍ਹਾਂ ਕਮਾਈ ਵਾਲੇ ਨਾਮ ਰਸੀਏ ਮਹਾਂਪੁਰਖਾਂ ਦੀ ਸੇਵਾ ਹੋ ਜਾਂਦੀ ਹੈ, ਸੰਗਤ ਦੀ ਸੇਵਾ ਹੋ ਜਾਂਦੀ ਹੈ, ਉਹ ਪਰਲੋਕ ਵਿਚ ਵਾਧਾ ਬਣਦੀ ਹੈ, ਪੱਕੀ ਜਮ੍ਹਾਂ (6.4) ਹੋ ਜਾਂਦੀ ਹੈ, ਵਧਦੀ ਰਹਿੰਦੀ ਹੈ

*‘ਦਿਹ ਦੁਨੀਆ ਸੱਤਰ ਆਖਿਰ’*

ਜਿਹੜੀ ਕਮਾਈ ਪਖੰਡੀ ਸਾਧ ਤੇ ਨਾਮ ਤੋਂ ਹੀਣੇ ਜਾਂ ਅਧੂਰੇ ਸਾਧ ਖਾ ਜਾਂਦੇ ਹਨ, ਉਹ ਬੈਲ ਬਣ ਕੇ ਲੇਖਾ ਦੇਣਗੇ, ਕੁੱਤੇ ਬਣ ਕੇ ਰਾਖੀ ਕਰਨਗੇ, ਜਾਂ ਗਊਆਂ ਮੱਝਾਂ ਬਣ ਕੇ ਦੁੱਧ ਦੇਣਗੇ; ਪੀਤਾ ਦੁੱਧ, ਸਣੇ ਸੂਦ ਵਾਪਸ ਮੋੜਨਗੇ।

ਨਾਮ ਤੋਂ ਬਿਨਾਂ, ਬੰਦਗੀ ਤੋਂ ਬਿਨਾਂ ਬੇਗਾਨਾ ਮਾਲ ਖਾਣਾ ਪਚੇਗਾ ਨਹੀਂ, ਸ਼ਰਧਾਲੂ, ਗ੍ਰਿਹਸਤੀ ਦਾ ਭੋਜਨ ਬੰਦਗੀ ਵਾਲੇ ਕਮਾਈ ਵਾਲੇ ਮਹਾਂਪੁਰਖ ਹੀ ਹਜ਼ਮ ਕਰ ਸਕਦੇ ਹਨ। ਉਨਾਂ ਦਾ ਛਕਿਆ, ਘਰ ਪਵਿੱਤਰ ਹੋ ਜਾਂਦਾ ਹੈ, ਸੇਵਕ ਦਾ ਉਧਾਰ ਹੋ ਜਾਂਦਾ ਹੈ, ਅਗੰਮੀ ਬਰਕਤਾਂ ਹਾਸਲ ਹੋ ਜਾਂਦੀਆਂ ਹਨ।

ਅੱਜ ਕੱਲ ਤਾਰਕ ਮਹਾਂਪੁਰਖ ਘੱਟ ਹਨ, ਬੈਲ ਬਣਨ ਵਾਲੇ ਅਧਿਕਾਰੀ ਕੈਨਡੀਡੇਟ (Candidate) ਬਹੁਤ ਹਨ, ਜਗਿਆਸੂ ਸੇਵਾਦਾਰਾਂ ਦੇ ਦੋਵੇਂ ਹੱਥ ਲੱਡੂ ਹਨ, ਅੱਖਾਂ ਮੀਚ ਕੇ ਗੁਣ ਔਗੁਣ ਵੇਖੇ ਬਿਨਾ ਸੇਵਾ ਕਰੀ ਜਾਣ। ਜੇ ਅਸਲੀ ਸੰਤ ਹੋਵੇਗਾ ਤਾਂ ਫਲ ਦੇ ਜਾਵੇਗਾ, ਤਾਰ ਜਾਵੇਗਾ, ਜੇ ਨਕਲੀ ਸੰਤ ਹੋਵੇਗਾ ਤਾਂ ਬੈਲ ਬਣਕੇ ਵਗੇਗਾ ਜਾਂ ਗਊ ਮੱਝਾਂ ਬਣਕੇ ਦੁਧ ਪਿਆਵੇਗਾ। ਨਿੰਦਨੀਆਂ ਕਟਾਕਸ਼ ਕਰਕੇ ਸੇਵਾ ਕਿਉਂ ਗਵਾਵੇ।

ਮਰਦਾਨਿਆ! ਨੇਕ ਕਮਾਈ ਕਰਕੇ, ਆਪਣੇ ਹੱਥਾਂ ਨਾਲ ਕ੍ਰਿਤ ਕਰਕੇ ਛਕਿਆਂ ਮਨ ਪਵਿੱਤਰ ਰਹਿੰਦਾ ਹੈ, ਬਿਰਤੀ ਸਹਿਜ ਜੁੜਦੀ ਹੈ। ਮਾੜੀ ਜਾਂ ਲੁੱਟ ਮਚਾਈ ਦੀ ਕਮਾਈ ਨਾਲ ਲਿਵ ਟੁਟ ਜਾਂਦੀ ਹੈ। ਠੱਗੀ ਤੇ ਪਾਪ ਦੀ ਕਮਾਈ ਦਾ ਇਸ਼ਟ, ਗੁਰੂ, ਪ੍ਰਮੇਸ਼ਰ ਨੂੰ ਭੋਗ ਨਹੀਂ ਲਗਦਾ। ਤ੍ਰਿਲੋਚਨ ਬ੍ਰਾਹਮਣ ਸਾਰੀ ਉਮਰ ਠਾਕੁਰਾਂ ਦੀ ਪੂਜਾ ਕਰਦਾ ਰਿਹਾ, ਭੋਗ ਲਵਾਂਦਾ ਰਿਹਾ, ਠਾਕੁਰ ਨਹੀਂ ਮਿਲਿਆ, ਭੋਗ ਨਹੀਂ ਲਗਿਆ। ਗੰਦੀ ਤੇ ਹਰਾਮ ਦੀ ਕਮਾਈ ਨਾਲ ਮਨ ਵੀ ਮੈਲਾ, ਗੰਦਾ ਹੋ ਗਿਆ, ਉਹ ਮੰਦਰ ਦੀ ਪੂਜਾ ਦਾ ਧਾਨ ਖਾਂਦਾ ਰਿਹਾ ਸੀ। ਹੇਰਾਫੇਰੀ ਦੀ ਕਮਾਈ ਖਾ ਕੇ ਮਨ ਵੀ ਹੇਰਾ ਫੇਰੀ ਕਰ ਰਿਹਾ ਸੀ। ਅਨਘੜ ਪੱਥਰ ਨੂੰ ਠਾਕੁਰ ਕਹਿ ਕੇ ਧੰਨੇ ਨੂੰ ਦਿਤਾ ਤੇ ਉਸਦੇ ਬਦਲੇ ਛਾਂਟ ਕੇ ਵਧੀਆ ਗਊ ਲੈ ਗਿਆ। ਹੇਰਾ ਫੇਰੀ ਨਾਲ ਕਿਤੇ ਠਾਕੁਰ ਮਿਲਦਾ ਹੈ? ਨਹੀਂ।

ਧੰਨਾ ਸਰਲ ਚਿੱਤ ਤੇ ਦਸਾਂ ਨੌਹਾਂ ਦੀ ਕ੍ਰਿਤ ਕਰਕੇ ਰੋਟੀ ਖਾਂਦਾ ਸੀ। ਉਸਦਾ ਮਨ, ਅੰਨ ਸਦਕਾ ਪਵਿੱਤਰ ਸੀ। ਠਾਕੁਰ ਨੂੰ ਰੁੱਖਾ ਹੀ ਖਾਣਾ ਪਿਆ, ਠਾਕੁਰ ਵੀ ਬਹੁਤ ਦਿਨਾਂ ਤੋਂ ਭੁਖਾ ਤੜਪਦਾ ਸੀ, ਕਿਉਂਕਿ ਤ੍ਰਿਲੋਚਨ ਦਾ ਅਸ਼ੁਧ ਅੰਨ ਠਾਕੁਰ ਖਾਂਦਾ ਨਹੀਂ ਸੀ, ਸ਼ੁਧ ਅੰਨ ਮਿਲ ਨਹੀਂ ਸੀ ਰਿਹਾ। ਅੰਦਰੋਂ ਤਾਂ ਠਾਕੁਰ ਧੰਨੇ ਦੀ ਕ੍ਰਿਤ ਕਮਾਈ ਦਾ ਸ਼ੁਧ ਭੋਜਨ ਵੇਖ ਕੇ ਲਾਲਾਂ ਸੁਟ ਰਿਹਾ ਸੀ, ਉਪਰੋਂ ਉਪਰੋਂ ਨਖਰੇ ਕਰ ਰਿਹਾ ਸੀ। ਬਹੁਤ ਦਿਨਾਂ ਤੋਂ ਭੁਖਾ ਸੀ।

*ਗੋਬਿੰਦ ਭਾਉ ਭਗਤਿ ਦਾ ਭੁਖਾ॥*

*ਭਾਈ ਗੁਰਦਾਸ ਜੀ ਵਾਰ 10/7*

ਧੰਨੇ ਦੇ ਮਨ ਵਿਚ ਭਾਵਨਾ ਵੀ ਸੀ।

ਧੰਨੇ ਨੇ ਇਕੋ ਦਬਕਾ ਮਾਰਿਆ, ਠਾਕੁਰ ਨੇ ਝੱਟ ਪ੍ਰਤੱਖ ਹੋ ਕੇ ਮਿੱਸਾ ਪ੍ਰਸ਼ਾਦਾ ਛਕ ਲਿਆ ਤੇ ਅਗੋਂ ਤੋਂ ਅੜੀ ਨਾ ਕਰਨ ਦਾ ਵਾਅਦਾ ਕੀਤਾ। ਇਹ ਨੇਕ ਕ੍ਰਿਤ ਕਮਾਈ ਦਾ ਸਦਕਾ ਸੀ। ਜੇ ਧੰਨੇ ਦੀ ਨੇਕ ਕਮਾਈ ਨਾ ਹੁੰਦੀ ਤਾਂ ਠਾਕੁਰ ਨੇ ਭੋਗ ਨਹੀਂ ਲਾਉਣਾ ਸੀ, ਧੰਨਾ ਭਾਵੇਂ ਖੁਦਕੁਸ਼ੀ ਵੀ ਕਿਉਂ ਨਾ ਕਰ ਲੈਂਦਾ।

ਫੇਰ ਸ਼ੁਧ ਕਮਾਈ ਦਾ ਸ਼ੁਧ ਪ੍ਰਸ਼ਾਦਾ ਖਾਣ ਦਾ ਮਾਰਿਆ ਠਾਕੁਰ ਧੰਨੇ ਦੀਆਂ ਗਊਆਂ ਚਰਾਉਂਦਾ ਰਿਹਾ, ਨੱਕੇ ਮੋੜਦਾ ਰਿਹਾ। ਇਹ ਬਰਕਤ ਨੇਕ ਕਮਾਈ ਦੀ ਸੀ।

ਸ੍ਰੀ ਕ੍ਰਿਸ਼ਨ ਜੀ ਦੁਰਯੋਧਨ ਨੂੰ ਸਮਝਾਉਣ ਗਏ ਸਨ ਕਿ ਪਾਂਡਵਾਂ ਨੂੰ ਬਾਨ ਪ੍ਰਸਥ ਦਾ ਪਥਰੀਲਾ ਉਜਾੜ ਇਲਾਕਾ ਦੇ ਦੇਵੋ। ਦੁਰਯੋਧਨ ਦੇ ਇਨਕਾਰ ਕਰਨ ਤੇ ਫੇਰ ਕਿਹਾ ਕੇਵਲ ਪੰਜ ਪਿੰਡ ਦੇ ਦੇ, ਫੇਰ ਕਿਹਾ ਇਕ ਪਿੰਡ ਹੀ ਦੇ ਛੱਡ। ਸ਼ਾਮ ਤੱਕ ਵਿਚਾਰ ਵਟਾਂਦਰਾ ਹੁੰਦਾ ਰਿਹਾ, ਅਖੀਰ ਦੁਰਯੋਧਨ ਨੇ ਆਪਣਾ ਫੈਸਲਾ ਸੁਣਾ ਦਿਤਾ ਕਿ ਜਿਤਨੀ ਮਿੱਟੀ ਸੂਈ ਦੀ ਨੋਕ ਤੇ ਚੜ੍ਹਦੀ ਹੈ ਮੈਂ ਉਤਨੀ ਧਰਤੀ ਵੀ ਨਹੀਂ ਦੇਣੀ। ਸ਼ਾਮ ਪੈ ਗਈ, ਭਗਵਾਨ ਬੋਲੇ ਫੇਰ ਯੁੱਧ ਹੋਵੇਗਾ। ਦੁਰਯੋਧਨ ਨੇ ਕਿਹਾ, ਯੁੱਧ ਕਰਾਂਗਾ।

ਭਗਵਾਨ ਨਿਰਾਸ ਹੋ ਕੇ ਉਠ ਖੜ੍ਹੇ ਹੋਏ, ਦੁਰਯੋਧਨ ਬਨਾਵਟੀ ਸਨਮਾਨ ਵਜੋਂ ਬੋਲਿਆ, “ਕ੍ਰਿਸ਼ਨਾ! ਸ਼ਾਮ ਪੈ ਗਈ ਹੈ ਇਥੇ ਹੀ ਪੈ ਜਾ ਤੇ ਭੋਜਨ ਦਾ ਵਕਤ ਹੈ ਇਥੇ ਹੀ ਭੋਜਨ ਕਰ, ਹੁਣ ਕੁਵੇਲੇ ਕਿਥੇ ਜਾਏਂਗਾ?”

ਸ੍ਰੀ ਕ੍ਰਿਸ਼ਨ ਜੀ ਬੋਲੇ, “ਭੋਜਨ ਕਿਸੇ ਦਾ ਪ੍ਰੇਮ ਵੇਖ ਕੇ ਕੀਤਾ ਜਾਂਦਾ ਹੈ। ਬਿਨਾਂ ਪ੍ਰੇਮ ਤੋਂ ਕੋਈ ਕਿਸੇ ਦੇ ਭੋਜਨ ਨਹੀਂ ਕੀਤਾ ਜਾਂਦਾ। ਹਾਂ ਬਿਨਾਂ ਪ੍ਰੇਮ ਤੋਂ ਵੀ ਭੋਜਨ ਕੀਤਾ ਜਾਂਦਾ

ਹੈ ਜੇ ਬਿਪਤਾ ਪੈ ਗਈ ਹੋਵੇ, ਬਿਪਤਾ ਵੇਲੇ ਕਿਸੇ ਦੇ ਵੀ ਭੋਜਨ ਕੀਤਾ ਜਾਂਦਾ ਹੈ। ਪ੍ਰੇਮ ਤੇਰੇ ਵਿਚ ਨਹੀਂ, ਬਿਪਤਾ ਮੈਨੂੰ ਨਹੀਂ ਪਈ। ਮੈਂ ਤੇਰੇ ਭੋਜਨ ਕਿਉਂ ਕਰਾਂ?"

ਉਸ ਅਹੰਕਾਰੀ ਦਾ ਰਾਜ ਅੰਸੀ ਅੰਨ ਸੀ, ਬਿਦਰ ਦੀ ਆਪਣੀ ਨੌਕਰੀ ਦੀ ਨੇਕ ਕ੍ਰਿਤ ਕਮਾਈ ਸੀ, ਭਗਵਾਨ ਨੂੰ ਓਹੀ ਸਵਾਦ ਲੱਗਿਆ ਅਲੂਣਾ ਸਾਗ।

ਧੰਨੇ ਅਤੇ ਬਿਦਰ ਵਿਚ ਭਾਵਨਾ ਵੀ ਸੀ। ਸ਼ੁਧ ਕ੍ਰਿਤ ਕਮਾਈ ਕਰਕੇ ਇਨ੍ਹਾਂ ਦਾ ਮਨ ਨਿਰਮਲ ਤੇ ਭਾਵਨਾ ਯੁਕਤ ਸੀ। ਪਵਿੱਤਰ ਅੰਨ ਨਾਲ ਹੀ ਮਨ ਪਵਿੱਤਰ ਹੁੰਦਾ ਹੈ।

***ਜੈਸਾ ਅੰਨ ਤੈਸਾ ਮਨ॥***

ਮਹਾਂਭਾਰਤ ਦਾ ਯੁੱਧ ਸਮਾਪਤ ਹੋਇਆ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਆਖਿਆ, ਹੇ ਅਰਜੁਨ! ਸਾਰੀ ਸੈਨਾ ਦਾ ਵਿਧੀਵਤ ਸਸਕਾਰ ਨਹੀਂ ਹੋ ਸਕਿਆ, ਸਮੂਹਿਕ ਸਸਕਾਰ (ਇਕੱਠਾ) ਕਰ ਦਿਤੇ ਹਨ, ਪਰੰਤੂ ਵੱਡਿਆਂ ਦੀਆਂ ਦੇਹਾਂ ਢੂੰਡ ਕੇ ਵਿਧੀਵਤ ਸਸਕਾਰ ਕਰੋ। ਭੀਸ਼ਮ ਪਿਤਾਮਾ ਅਜੇ ਜੀਵਿਤ ਹਨ, ਉਨ੍ਹਾਂ ਦੀ ਵੀ ਸਾਰ ਲਵੋ। ਸਭ ਚਲ ਪਏ - ਪੰਜੇ ਪਾਂਡਵ ਤੇ ਦ੍ਰੋਪਤੀ ਵੀ, ਜਿਥੇ ਪਿੱਠ ਵਿਚ ਲੱਗੇ ਸੌ ਬਾਣਾਂ ਦੀ ਸੇਜ ਦੀ ਤਰ੍ਹਾਂ ਪਏ ਸਨ ਉਥੇ ਪਹੁੰਚੇ। ਸਭਨਾਂ ਨੇ ਨਮਸ਼ਕਾਰ ਕੀਤੀ, ਦ੍ਰੋਪਤੀ ਨੇ ਵੀ ਮੱਥਾ ਟੇਕਿਆ। ਸ੍ਰੀ ਕ੍ਰਿਸ਼ਨ ਜੀ ਪੈਰਾਂ ਵੱਲ ਬੈਠ ਗਏ ਤਾਂ ਕਿ ਭੀਸ਼ਮ ਨੂੰ ਕਰਵਟ ਨਾ ਲੈਣੀ ਪਵੇ, ਕਰਵਟ ਲੈਣ ਨਾਲ ਬਾਣ ਅੰਦਰ ਨੂੰ ਸਰਕਣੇ ਸਨ ਤੇ ਅਸਹਿ ਪੀੜਾ ਹੋਣੀ ਸੀ। ਭੀਸ਼ਮ ਬੋਲੇ, ਭਗਵਾਨ! ਤੁਹਾਡੇ ਦਰਸ਼ਨਾਂ ਹਿਤ ਸਰੀਰ ਰਖਿਆ ਹੋਇਆ ਸੀ, ਤੁਹਾਡੇ ਦਰਸ਼ਨ ਹੋ ਗਏ ਹਨ ਹੁਣ ਚਲਾਂਗਾ।

ਦ੍ਰੋਪਤੀ ਬੋਲੀ, "ਐ ਪਿਤਾਮਾ! ਮੇਰਾ ਇਕ ਪ੍ਰਸ਼ਨ ਹੈ, ਉਸ ਦਾ ਉਤਰ ਦੇਵੋ।"

"ਹਾਂ ਬੇਟੀ ਕਹੋ।"

"ਪਿਤਾ ਜੀ ਆਪ ਬੜੇ ਵਿਦਵਾਨ, ਜਤੀ, ਧਰਮਾਤਮਾ ਆਤਮ ਬੇਤੇ, ਵੇਦਾਂ ਸਾਸ਼ਤਰਾਂ ਦੇ ਗਿਆਤਾ ਸੀ, ਦ੍ਰੋਣਾਚਾਰਯ ਭੀ ਏਵੇਂ ਹੀ ਸੀ। ਭਰੀ ਸਭਾ ਵਿਚ ਜਦੋਂ ਦੁਰਯੋਧਨ ਮੈਨੂੰ ਨੰਗੀ ਕਰਨ ਲਗਿਆ ਤਾਂ ਤੁਸੀਂ ਮੂਕ (ਚੁਪ) ਕਿਸ ਤਰ੍ਹਾਂ ਬੈਠੇ ਰਹੇ? ਤੁਸੀਂ ਬੋਲੇ ਨਹੀਂ, ਇਸ ਅਨਰਥ ਨੂੰ ਕਿਵੇਂ ਵੇਖਦੇ ਰਹੇ? ਤੁਸੀਂ ਭਰੀ ਸਭਾ ਵਿਚ ਆਪਣੀਆਂ ਅੱਖਾਂ ਨਾਲ ਨੰਗੀ ਨੂੰਹ ਨੂੰ ਵੇਖਣ ਲਈ ਕਿਵੇਂ ਬੈਠੇ ਰਹੇ? ਜੇ ਤੁਹਾਡਾ ਵੱਸ ਨਹੀਂ ਸੀ ਚਲਦਾ ਤਾਂ ਤੁਸੀਂ ਉਠ ਕੇ ਕਿਉਂ ਨ ਗਏ? ਇਤਨੀ ਢੀਠਤਾ ਤੁਸੀਂ ਕਿਵੇਂ ਕੀਤੀ?" ਭੀਸ਼ਮ ਜੀ ਬੋਲੇ, "ਬੇਟੀ! ਤੇਰਾ ਆਰੋਪ (ਇਤਰਾਜ) ਯੋਗਹ (ਜਾਇਜ਼) ਹੈ। ਮੈਂ ਸਵਿਕਾਰ ਕਰਦਾ ਹਾਂ। ਪਰੰਤੂ ਕੁਝ ਹੱਦ ਤੱਕ ਮੈਂ ਵੀ ਸੱਚਾ ਹਾਂ ਕਿਉਂਕਿ ਮੈਂ ਬੇਬਸ ਸੀ।"

"ਪਿਤਾ ਜੀ! ਤੁਸੀਂ ਬੇਬਸ ਸੀ? ਉਸ ਨੂੰ ਤਾੜਨਾ ਕਰਕੇ, ਧਮਕਾ ਕੇ ਵਰਜਿਤ ਕਰ ਸਕਦੇ ਸੀ, ਜਾਂ ਫਿਰ ਉਠ ਕੇ ਜਾ ਸਕਦੇ ਸੀ, ਤੁਸੀਂ ਪ੍ਰਾਧੀਨ ਤਾਂ ਨਹੀਂ ਸੀ ਸੁਤੰਤਰ ਸੀ। ਫਿਰ ਚੁਪ ਸਾਧ ਕੇ ਤਮਾਸ਼ਬੀਨ ਬਣਕੇ ਕਿਵੇਂ ਬੈਠੇ ਰਹੇ? ਆਪਣੀ ਪੋਤ ਨੂਖਾ (ਨੂੰਹ) ਦਾ ਭਰੀ ਸਭਾ ਵਿਚ ਨੰਗੇਜ਼ ਵੇਖਣ ਦਾ ਸਾਹਸ ਕਿਵੇਂ ਕੀਤਾ?"

ਭੀਸ਼ਮ ਬੋਲੇ, ਬੇਟੀ ਸੁਣ! ਕਿਸੇ ਰਾਜਾ ਦੇ ਇਕ ਸਾਧੂ ਗੁਰੂ ਸਨ, ਵੇਦਾਂ ਸਾਸ਼ਤਰਾਂ ਦੇ ਗਿਆਤਾ ਤੇ ਬੀਤ ਰਾਗ, ਤਿਆਗੀ, ਨਾਮ ਰਸੀਏ ਅਤੇ ਬੜੇ ਵਿਚਾਰਵਾਨ ਸਨ। ਰਾਜੇ ਨੇ ਮਹਿਲ ਦੀ ਉਪਰਲੀ ਮੰਜਿਲ ਤੇ ਉਨ੍ਹਾਂ ਦੀ ਰਿਹਾਇਸ਼ ਕੀਤੀ ਹੋਈ ਸੀ, ਲੈਟ੍ਰਿਨ ਬਾਥਰੂਮ ਤੇ ਘੁੰਮਣ ਦੀ ਖੁੱਲੀ ਜਗ੍ਹਾ ਉਪਰ ਹੀ ਸੀ। ਉਹ ਇਕਾਕੀ (ਇਕੱਲੇ) ਤੇ ਇਕਾਂਤ ਸੇਵੀ ਸਨ। ਮਹਿਲਾਂ 'ਚੋਂ ਹੀ ਛਕਣ ਨੂੰ ਭੋਜਨ ਆਉਂਦਾ ਸੀ, ਕਿਸੇ ਹੋਰ ਦਾ ਨਿਮੰਤਰਣ ਨਹੀਂ ਸਨ ਲੈਂਦੇ। ਇਕ ਘੰਟਾ ਕ੍ਰਿਆ ਤੇ ਨਹਾਉਣਾ ਧੋਣਾ ਕਰਦੇ ਤੇ 23 ਘੰਟੇ ਧਿਆਨ ਬੰਦਗੀ ਨਿਤਨੇਮ ਕਰਦੇ ਸਨ, ਬਹੁਤ ਘੱਟ ਕਿਸੇ ਨਾਲ ਬੋਲਦੇ ਸਨ।

ਇਕ ਦਿਨ ਜਦੋਂ ਸੰਝਾਂ ਦਾ ਭੋਜਨ ਛਕ ਕੇ ਧਿਆਨ ਵਿਚ ਬੈਠੇ ਤਾਂ ਮਨ ਧਿਆਨ ਵਿਚ ਨਾ ਲਗਿਆ, ਊਟ ਪਟਾਂਗ ਫੁਰਨੇ ਉਪਜਣ ਲੱਗੇ। ਵਿਚ ਵਾਲੀ ਮੰਜਿਲ ਤੇ ਰਾਣੀ ਦਾ ਸ਼ਨਾਨ ਗ੍ਰਹਿ (ਬਾਥਰੂਮ) ਸੀ, ਉਸਦੇ ਬਾਹਰ ਰਾਣੀ ਆਪਣਾ ਨੌ ਲੱਖਾ ਹਾਰ ਕਿੱਲੀ ਤੇ ਟੰਗ ਕੇ ਭੁਲ ਗਈ ਸੀ, ਉਸ ਵੱਲ ਸੰਤਾਂ ਦੀ ਨਿਗਾਹ ਚਲੀ ਗਈ, ਮਨ ਸਥਿਰਤਾ ਤੋਂ ਹਟ ਕੇ ਤਰੰਗਿਤ ਹੋਇਆ ਹੋਇਆ ਸੀ। ਬਿਚਾਰ ਉਠਿਆ ਕਿ ਇਹ ਹਾਰ ਚੁਕ ਲਿਆ ਜਾਵੇ ਅਤੇ ਰੌਲਾ ਗੌਲਾ ਬੰਦ ਹੋਏ ਤੇ ਕਿਸੇ ਹੋਰ ਸ਼ਹਿਰ ਵਿਚ ਵੇਚ ਦਿਤਾ ਜਾਵੇ। ਉਠੇ ਤੇ ਹਾਰ ਕਿਲੀ ਤੋਂ ਉਤਾਰ ਲਿਆਂਦਾ, ਬਿਸਤਰੇ ਦੇ ਸਰਹਾਣੇ ਰੱਖ ਲਿਆ।

ਦਿਨ ਚੜ੍ਹੇ ਰਾਣੀ ਨੂੰ ਹਾਰ ਦਾ ਚੇਤਾ ਆਇਆ, ਗਲ ਨੂੰ ਹੱਥ ਮਾਰਿਆ ਤਾਂ ਗਲ ਖਾਲੀ, ਹਾਰ ਕੋਈ ਨਾ। ਗੁਸਲਖਾਨੇ ਵਲ ਭੱਜੀ, ਹਾਰ ਉਥੇ ਵੀ ਨਾ, ਇਧਰ ਵੇਖ ਓਧਰ ਵੇਖ, ਪਰ ਹਾਰ ਨਾ ਲੱਭਿਆ ਤਾਂ ਰਾਣੀ ਨੇ ਰਾਜੇ ਨੂੰ ਇਤਲਾਹ ਦਿਤੀ, ਰਾਜੇ ਨੇ ਨੌਕਰ ਇਕੱਠੇ ਕੀਤੇ, ਪੁਛ ਤਾਛ ਕੀਤੀ ਤੇ ਫੇਰ ਮਾਰ ਕੁਟਾਈ ਸ਼ੁਰੂ ਹੋ ਗਈ। ਹਾਰ ਮਹਿਲ ਤੋਂ ਬਾਹਰ ਕਿਵੇਂ ਗਿਆ, ਹਾਰ ਮਹਿਲ ਵਿਚ ਹੀ ਹੈ। ਵਿਚਾਰੇ ਨੌਕਰਾਂ ਦੀ ਸ਼ਾਮਤ ਆ ਗਈ। ਨੌਕਰਾਂ ਨੂੰ ਜੇਲ੍ਹ ਸੁੱਟ ਦਿਤਾ ਗਿਆ। ਘੋਸ਼ਣਾ ਕੀਤੀ ਗਈ ਕਿ ਜੋ ਸੋ ਹਾਰ ਦਾ ਖੋਜ ਖੁਰਾ ਲੱਭ ਕੇ ਦੇਵੇਗਾ, ਉਸ ਨੂੰ ਇਨਾਮ ਦਿਤਾ ਜਾਵੇਗਾ, ਜੋ ਖੁਦ ਪੇਸ਼ ਹੋ ਕੇ ਹਾਰ ਲਿਆ ਦਏਗਾ ਉਸ ਨੂੰ ਖਿਮਾ ਕਰ ਦਿਤਾ ਜਾਵੇਗਾ। ਕਿਸੇ ਕੋਲ ਹਾਰ ਹੋਵੇ ਤਾਂ ਮੋੜੇ। ਸੰਤਾਂ ਤੇ ਸ਼ੱਕ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ।

ਅਗਲੇ ਦਿਨ ਮਹਾਤਮਾ ਸੌਚ ਪਾਣੀ ਗਏ, ਅੰਨ ਅੰਸ਼ ਸਰੀਰ ਵਿਚੋਂ ਖਾਰਿਜ਼ ਹੋ ਗਿਆ ਤਾਂ ਬੁੱਧ ਜਾਗੀ, ਵਿਚਾਰ ਕਰਨ ਲੱਗੇ, ਤੂੰ ਹਾਰ ਕੀ ਕਰਨਾ ਸੀ? ਤੇਰੀ ਕੋਈ ਪਤਨੀ ਸੀ। ਜਿਸ ਨੂੰ ਦੇਣਾ ਸੀ? ਤੂੰ ਵੇਚ ਕੇ ਪੈਸੇ ਕੀ ਕਰਨੇ ਸੀ? ਉਹ ਕਿਹੜੀ ਚੀਜ਼ ਹੈ ਜੋ ਤੈਨੂੰ ਨਹੀਂ ਮਿਲਦੀ? ਰਾਜਾ ਤੇਰਾ ਪਰਮ ਸ਼ਰਧਾਲੂ ਹੈ, ਜੋ ਹੁਕਮ ਕਰੇਂ ਉਹ ਹਾਜ਼ਰ ਕਰ ਦਿੰਦਾ ਹੈ; ਤੂੰ ਹਾਰ ਚੋਰੀ ਕਿਸ ਲਈ ਕੀਤਾ? ਤੂੰ ਇਹ ਪੈਸੇ ਕੀ ਕਰਨੇ ਸਨ? ਮੁਫਤ ਦੀ ਗਰੀਬ ਮਾਰ ਕਰਾ ਦਿਤੀ। ਸੰਤ ਪਰਉਪਕਾਰੀ ਹੁੰਦੇ ਹਨ, ਤੂੰ ਪਰ ਅਪ-ਕਾਰੀ ਬਣ ਗਿਆ, ਕਿਤਨੀ ਸ਼ਰਮਨਾਕ ਗੱਲ ਕੀਤੀ ਹੈ? ਹੁਣ ਤੈਨੂੰ ਕੀ ਸਜਾ ਦਿਤੀ ਜਾਵੇ? ਸੋਚ ਸੋਚ ਕੇ ਮਹਾਤਮਾ ਜੀ ਨੇ ਆਪਣੇ ਲਈ ਇਹ ਸਜਾ ਨਿਯੁਕਤ ਕੀਤੀ ਕਿ ਦਰਬਾਰ ਵਿਚ ਜਾ ਕੇ ਆਪਣੇ ਆਪ ਨੂੰ ਦੱਸੇ ਕਿ ਮੈਂ ਹੀ ਚੋਰ ਹਾਂ, ਤੇ ਅਪਮਾਨਿਤ ਹੋਣ ਦਾ ਦੰਡ ਲੈ।

ਸੰਤ ਹਾਰ ਲੈ ਕੇ ਭਰੇ ਦਰਬਾਰ ਵਿਚ ਪੇਸ਼ ਹੋਏ, ਹਾਰ ਰਾਜੇ ਅੱਗੇ ਰਖਿਆ ਅਤੇ ਬੇਨਤੀ ਕੀਤੀ, ਰਾਜਨ! ਬੰਦਿਆਂ ਨੂੰ ਛੱਡ ਦੇ, ਉਹ ਸਭ ਬੇ-ਕਸੂਰ ਹਨ। ਦੋਸ਼ੀ ਮੈਂ ਹਾਂ, ਚੋਰ ਮੈਂ ਹਾਂ, ਹਾਰ ਚੋਰੀ ਮੈਂ ਕੀਤਾ ਸੀ।

ਰਾਜੇ ਨੂੰ ਯਕੀਨ ਨਹੀਂ ਆਇਆ, ਮਹਾਰਾਜ! ਇਹ ਨਹੀਂ ਹੋ ਸਕਦਾ, ਆਪ ਕਿਸੇ ਨੂੰ ਬਚਾਉਣ ਵਾਸਤੇ ਆਪਣੇ ਆਪ ਨੂੰ ਚੋਰ ਕਹਿ ਰਹੇ ਹੋ। ਚਲੋ ਮੈਂ ਉਸ ਨੂੰ ਮਾਫ ਕੀਤਾ, ਤੁਹਾਡਾ ਹੁਕਮ ਮੈਂ ਕਿਵੇਂ ਮੋੜ ਸਕਦਾ ਹਾਂ, ਘੱਟੋ-ਘੱਟ ਚੋਰ ਦਾ ਪਤਾ ਤਾਂ ਦੱਸ ਦਿਓ? ਰਾਜਨ! ਮੈਂ ਕਿਸੇ ਨੂੰ ਨਹੀਂ ਬਚਾਅ ਰਿਹਾ, ਚੋਰ ਮੈਂ ਹਾਂ ਅਤੇ ਦੰਡ ਲਈ ਹਾਜ਼ਰ ਹੋਇਆ ਹਾਂ, ਹੋਰ ਕੋਈ ਕਰਦਾ ਤਾਂ ਖਿਮਾ ਯੋਗ ਹੁੰਦਾ। ਮੈਂ ਸਾਧੂ ਹੋ ਕੇ ਚੋਰੀ ਕੀਤੀ ਮੈਂ ਅਕਸ਼ੂਮਜ (ਮੁਆਫੀ ਯੋਗ) ਯੋਗ ਨਹੀਂ ਹਾਂ, ਮੈਨੂੰ ਦੰਡ ਦਿਓ, ਪਰ ਉਸ ਤੋਂ ਪਹਿਲਾਂ ਮੈਨੂੰ ਇਹ ਦੱਸੋ ਕਿ ਜੋ ਭੋਜਨ ਪਿਛਲੀ ਰਾਤ ਮੈਨੂੰ ਭੇਜਿਆ ਗਿਆ ਸੀ, ਉਸ ਦੀ ਰਸਦ ਕਿਥੋਂ ਆਈ ਸੀ?

ਰਾਜੇ ਨੇ ਰਸੋਈਆ ਬੁਲਾਇਆ ਤੇ ਪੁਛਿਆ, "ਭਾਈ! ਪਰਸੋਂ ਸੰਤਾਂ ਦੇ ਲੰਗਰ ਦੀ ਰਸਦ ਕਿਥੋਂ ਆਈ ਸੀ?" ਰਸੋਈਏ ਨੇ ਕਿਹਾ, ਜੀ ਕੁਠਾਰੀ (ਸਟੋਰ ਕੀਪਰ) ਦੇ ਗਿਆ ਸੀ। ਕੁਠਾਰੀ ਨੂੰ ਸਦਿਆ ਗਿਆ, ਕਿਉਂ ਭਈ ਪਰਸੋਂ ਜੋ ਰਸਦ ਤੂੰ ਲਾਂਗਰੀ ਨੂੰ ਦੇ ਕੇ ਗਿਆ ਸੀ ਉਹ ਕਿਥੋਂ ਲਿਆਇਆ ਸੀ?

ਕੁਠਾਰੀ ਨੇ ਦਸਿਆ, ਜੀ ਫਲਾਣੇ ਇਲਾਕੇ ਦਾ ਕੋਤਵਾਲ (ਥਾਣੇਦਾਰ) ਦੇ ਗਿਆ ਸੀ, ਮੈਂ ਉਹ ਬਾਹਰ ਦੀ ਬਾਹਰ ਰਸੋਈਏ ਨੂੰ ਭੇਜ ਦਿਤੀ ਸੀ। ਫੇਰ ਕੋਤਵਾਲ ਸੱਦਿਆ ਗਿਆ ਤੇ ਪੁਛਿਆ, ਕਿਉਂ ਭਾਈ ਤੂੰ ਉਹ ਰਾਸ਼ਣ ਕਿਥੋਂ ਲਿਆਇਆ ਸੀ? ਕੋਤਵਾਲ ਨੇ ਦਸਿਆ ਕਿ ਮਹਾਰਾਜ! ਸ਼ਹਿਰ ਵਿਚ ਇਕ ਸੁਨਿਆਰ ਸੀ ਜਿਸ ਨੂੰ ਸੋਨਾ ਚੋਰੀ ਕਰਕੇ ਕਿਸੇ ਨੂੰ ਮੁਲੱਮੇ ਦੇ ਗਹਿਣੇ ਦੇਣ ਦੇ ਦੋਸ਼ ਵਿਚ ਆਪ ਜੀ ਨੇ ਸਜ਼ਾ ਦਿਤੀ ਸੀ ਕਿ ਇਸ ਨੂੰ ਮਾਇਆ ਦੰਡ (ਜੁਰਮਾਨੇ) ਤੋਂ ਇਲਾਵਾ ਇਸ ਦੇ ਘਰ ਸਮੱਗਰੀ ਜ਼ਬਤ ਕੀਤੀ ਜਾਵੇ। ਸੋ ਮਹਾਰਾਜ ਉਸ ਦੇ ਭਾਂਡੇ, ਕੱਪੜੇ ਤੇ ਰਾਸ਼ਨ ਜ਼ਬਤ ਕਰਕੇ ਖਜ਼ਾਨੇ ਜਮ੍ਹਾ ਕੀਤਾ ਗਿਆ ਸੀ ਅਤੇ ਰਸਦ ਰਾਸ਼ਣ ਕੁਠਾਰੀ ਨੂੰ ਭੇਜ ਦਿਤਾ ਸੀ।

ਸੰਤ ਬੋਲੇ,"ਰਾਜਨ! ਉਸ ਮਾੜੀ ਕਮਾਈ 'ਚੋਂ ਮੈਨੂੰ ਪ੍ਰਸ਼ਾਦਾ ਛਕਾਇਆ ਗਿਆ, ਇਸ ਕਰਕੇ ਸਾਡੀ ਬੁੱਧੀ ਤੇ ਮਨ ਪ੍ਰਭਾਵਿਤ ਹੋਏ ਤੇ ਭਜਨ ਵਿਚ ਬਿਰਤੀ ਨਹੀਂ ਲੱਗੀ ਅਤੇ ਚੋਰੀ ਦਾ ਫੁਰਨਾ ਜਾਗਿਆ।

ਰਾਜਨ ਸਾਨੂੰ ਦੰਡ ਦਿਉ। ਨਹੀਂ ਮਹਾਰਾਜ, ਇਹ ਮੇਰਾ ਹੀ ਕਸੂਰ ਹੈ ਜੋ ਆਪ ਨੂੰ ਸ਼ੁਧ ਭੋਜਨ ਨਹੀਂ ਮਿਲਿਆ। ਅੱਗੇ ਤੋਂ ਆਪ ਜੀ ਲਈ ਨੇਕ ਕਮਾਈ ਦੇ ਭੋਜਨ ਦਾ ਪ੍ਰਬੰਧ ਰੱਖਿਆ ਜਾਵੇਗਾ। ਨਹੀਂ ਰਾਜਨ, ਹੁਣ ਅਸੀਂ ਛੁੱਟੀ ਚਾਹਵਾਂਗੇ, ਅੱਜ ਤੋਂ ਰਾਜ ਅੰਸ਼ ਨਹੀਂ ਛਕਾਂਗੇ, ਹੁਣ ਸਾਨੂੰ ਆਗਿਆ ਦੇਵੋ। ਸੰਤ ਰਮਤੇ ਹੋ ਗਏ।

"ਬੇਟੀ! ਐਡੇ ਬੀਤ ਰਾਗ ਨਾਮ ਅਭਿਆਸੀ ਸੰਤ ਨੇ ਕੇਵਲ ਇਕ ਦਿਨ ਹੀ ਅਸ਼ੁਧ ਭੋਜਨ, ਬਦ ਕਮਾਈ ਦਾ ਭੋਜਨ ਛਕਿਆ ਸੀ, ਉਨ੍ਹਾਂ ਦੀ ਬੁੱਧ ਮਾਰੀ ਗਈ, ਮਨ ਵਿਕਰਿਤ (ਵਿਗੜ) ਹੋ ਗਿਆ। ਮੈਂ ਤਾਂ ਕਿਤਨੇ ਵਰਸ਼ਾਂ ਤੋਂ ਦੁਰਯੋਧਨ

(ਇਥੋਂ ਕੱਟ ਕੇ ਭੇਜੋ ਜੀ)

## ਲਾਈਫ ਮੈਂਬਰਸ਼ਿਪ (Life-Membership) ਲਈ ਖੁਸ਼ਖਬਰੀ

'ਆਤਮ ਮਾਰਗ' ਦੇ ਪਾਂਧੀਆਂ ਨੂੰ ਸਤਿਗੁਰੂ ਜੀ ਦੀ ਨਦਰ ਬਖਸ਼ਿਸ਼ ਪ੍ਰਾਪਤ ਹੋਵੇ। ਮਹਾਂਪੁਰਸ਼ਾਂ ਨੇ ਆਪ ਸਭ ਪਾਠਕਾਂ ਨੂੰ ਅਸੀਸਾਂ ਭੇਜਦਿਆਂ ਇਹ ਆਦੇਸ਼ ਦਿਤਾ ਹੈ ਕਿ ਆਪ ਸਭ ਪਾਠਕ ਹਿੰਮਤ ਕਰਕੇ ਜੀਵਨ ਕਾਲ ਲਈ ਲਾਈਫ-ਮੈਂਬਰ ਬਣ ਜਾਉ। ਲਾਈਫ ਮੈਂਬਰਸ਼ਿਪ ਲਈ ਦੇਸ਼ ਵਾਸਤੇ ਕੇਵਲ 2000/- ਰੁਪਏ ਅਤੇ ਵਿਦੇਸ਼ ਲਈ 500 US$ ਜਾਂ 300£) ਚੰਦਾ ਹੋਵੇਗਾ। ਅਜਿਹਾ ਕਰਨ ਨਾਲ ਆਪ ਨੂੰ ਸਾਰੀ ਜ਼ਿੰਦਗੀ ਨਿਰੰਤਰ ਮੈਗਜ਼ੀਨ ਮਿਲਦਾ ਰਹੇਗਾ। ਜੇਕਰ 20 ਸਾਲ ਤੋਂ ਬਾਅਦ ਕਿਸੇ ਤਰ੍ਹਾਂ ਨਾਲ ਇਸ ਵਿਚ ਥੋੜ੍ਹਾ ਬਹੁਤ ਵਾਧਾ ਘਾਟਾ ਕਰਨਾ ਪਿਆ ਤਾਂ ਆਪ ਦੀ ਸਹਿਮਤੀ ਨਾਲ ਕੀਤਾ ਜਾਵੇਗਾ। ਆਪਣੇ ਪਰਿਵਾਰ ਲਈ ਅਨਮੋਲ ਦਾਤ ਪ੍ਰਾਪਤ ਕਰਨ ਵਿਚ ਦੇਰ ਨਾ ਕਰੀਏ। ਜਿਨ੍ਹਾਂ ਪਾਠਕਾਂ ਨੇ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ, ਉਨ੍ਹਾਂ ਲਾਈਫ ਮੈਂਬਰ ਬਣੇ ਪਾਠਕਾਂ ਦੇ ਨਾਮ ਲਗਾਤਾਰ ਆਤਮ ਮਾਰਗ ਵਿਚ ਛਪਦੇ ਰਹਿਣਗੇ। 'ਆਤਮ ਮਾਰਗ' ਨਾਲ ਜੁੜੇ ਸਭ ਪਰਿਵਾਰ ਵਡਭਾਗੀ ਹਨ। ਇਸ ਪੰਨੇ ਦੇ ਪਿਛਲੇ ਪਾਸੇ ਛਪਿਆ ਫਾਰਮ ਭਰ ਕੇ ਅਤੇ ਚੰਦੇ ਦੀ ਰਕਮ ਬੈਂਕ ਡਰਾਫਟ/ਮਨੀਆਰਡਰ/ਚੈਕ ਰਾਹੀਂ ਦਫਤਰ ਆਤਮ ਮਾਰਗ ਨੂੰ ਭੇਜੋ ਜੀ। ਮਨੀਆਰਡਰ/ਬੈਂਕ ਡਰਾਫਟ/ਚੈਕ **'ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰੱਸਟ'** ਦੇ ਨਾਂ ਤੇ ਭੇਜਿਆ ਜਾਵੇ।

(ਫਾਰਮ ਲਈ ਪਰਤੋ ਜੀ)

ਦਾ ਅੰਨ ਖਾ ਰਿਹਾ ਹਾਂ, ਮੇਰੀ ਬੁੱਧ ਕਿਵੇਂ ਠੀਕ ਰਹਿ ਸਕਦੀ ਸੀ? ਹੁਣ ਅਠਾਰਾਂ ਦਿਨਾਂ ਤੋਂ ਭੁਖਾ ਪਿਆ ਹਾਂ, ਅੰਨ ਦਾ ਪ੍ਰਭਾਵ ਸਮਾਪਤ ਹੋ ਗਿਆ ਹੈ ਤਾਂ ਮਨ ਪਵਿੱਤਰ ਹੋ ਗਿਆ ਹੈ, ਬੁੱਧ ਚੇਤਨ ਹੋ ਗਈ ਹੈ। ਮੈਂ ਆਪਣਾ ਦੋਸ਼ ਅਨੁਭਵ ਕਰ ਰਿਹਾ ਹਾਂ, ਬੇਟੀ ਖਿਮਾ ਕਰ ਦੇਣਾ।"

ਜਿਸਨੇ ਸਿਮਰਨ ਕਰਣਾ ਹੈ, ਉਹ ਨੇਕ ਕਮਾਈ ਦਾ ਭੋਜਨ ਕਰੇ।

***ਬ੍ਰਹਮਣੀ ਕੈਲੀਘਾਤੁ ਕੰਞਕਾ ਅਣਚਾਰੀ ਕਾ ਧਾਨੁ॥***
***ਫਿਟਕ ਫਿਟਕਾ ਕੋੜੁ ਬਦੀਆਂ ਸਦਾ ਸਦਾ ਅਭਿਮਾਨ॥***
***ਪੰਨਾ – 1413***

ਉਸਦੀ ਸੁਰਤਿ ਨਹੀਂ ਜੁੜ੍ਹੇਗੀ, ਸਿਮਰਨ ਤੇ ਸਮਰਪਣ ਦੋਵੇਂ ਮਿਤਰ ਹਨ ਇਕੱਠੇ ਰਹਿੰਦੇ ਹਨ, ਸਿਮਰਨ ਆਵੇਗਾ ਤਾਂ ਸਮਰਪਣ ਹੋਵੇਗਾ, ਸਿਮਰਨ ਸ਼ੁੱਧ ਭੋਜਨ ਤੋਂ ਪੈਦਾ ਹੋਵੇਗਾ।

***ਜਾਂ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਗੀਤਿ।***
***ਤਿਸ ਦੇ ਹਥੋਂ ਖਾਧਿਆਂ ਵਿਸਰੇ ਹਰਿ ਕੀ ਪ੍ਰੀਤਿ।***
***(ਰਹਿਤਨਾਮਾ)***

***ਬਾਕੀ ਫੇਰ (ਚਲਦਾ)***

LLLLLLL

(ਪੰਨਾ 56 ਦੀ ਬਾਕੀ)

ਹੀ ਹੈ। ਉਹ ਜਿਹੜਾ ਅਵਿਨਾਸ਼ੀ ਹੈ, ਅਜਰ ਹੈ, ਅਮਰ ਹੈ, ਆਦਿ ਅੰਤ ਤੋਂ ਬਾਹਰ ਹੈ, ਮੋਹ ਤੋਂ ਰਹਿਤ ਹੈ, ਅਤਿ ਚਮਕਦਾਰ ਹੈ, ਸ਼ਾਨਦਾਰ ਹੈ, ਸਰਬ ਵਿਆਪਕ ਹੈ ਅੰਦਰ ਬਾਹਰ ਉਹ ਹੀ ਵਿਚਰ ਰਿਹਾ ਹੈ, ਨਾਲ ਰਹਿੰਦਾ ਹੈ ਪਰ ਬਹੁਤ ਦੂਰ ਹੈ, ਕੇਵਲ ਇਕ ਹੈ ਪਰ ਬਹੁਰੂਪੀ ਦਿਸਦਾ ਹੈ, ਕੇਵਲ ਤੋਂ ਕੇਵਲ ਉਹ ਹੀ ਜਾਨਣ ਯੋਗ ਹੈ ਉਹ ਹੀ ਪੂਰਨ ਉਚਾ ਸਰਬ ਵਿਆਪਕ, ਹਰ ਇਕ ਦੇ ਅੰਦਰ ਨਿਵਾਸ ਰਖਦਾ ਹੈ।

ਜਗਿਆਸੂ ਨੂੰ ਉਸ ਇਕ ਦੀ ਪ੍ਰਾਪਤੀ ਦੇ ਗਿਆਨ ਦਾ ਅਭਿਆਸ ਕਰਨਾ ਚਾਹੀਦਾ ਹੈ, ਨਾਸ਼ ਤੋਂ ਅਵਿਨਾਸ਼ ਦਾ, ਆਦਿ ਤੋਂ ਅੰਤ ਦਾ, ਅਭਿਆਸ ਹੀ ਕੇਵਲ ਮਾਤਰ ਇਕ ਤਰੀਕਾ ਹੈ। ਅੰਤਰ ਦੇ ਮਾਰਗ ਤੇ ਚੱਲਣ ਲਈ ਸਭ ਤੋਂ ਪਹਿਲਾਂ ਜਗਿਆਸੂ ਨੂੰ ਮੋਹ ਤੋਂ ਮੁਕਤ ਹੋਣਾ ਪੈਂਦਾ ਹੈ, ਮਨ ਨੂੰ ਇਕਾਗਰ ਰੱਖਣਾ ਪੈਂਦਾ ਹੈ, ਸੰਤੋਖ ਵਿਚ ਰਹਿਣਾ ਪੈਂਦਾ ਹੈ। ਇਸ ਤਰ੍ਹਾਂ ਨਾਲ ਅੰਤਰ ਦਾ ਸਫਰ ਆਤਮਾ ਤਕ ਪਹੁੰਚਾ ਦਿੰਦਾ ਹੈ।

***'ਚਲਦਾ'***

LLLLLLL

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................
2. ਨਾਮ/ Name..........................................................................
3. ਪਿਤਾ ਦਾ ਨਾਮ/Father's Name.............................................
4. ਪੂਰਾ ਪਤਾ/Full address........................................................

........................................................

........................................................

PINCODE.......................Telephone..............

ਮੈਂ ..................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ..............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ..................................

# ਵਿਦੇਸ਼ ਫੇਰੀ

***ਪ੍ਰੋ. ਗੁਰਦੇਵ ਸਿੰਘ***

ਡਾਕਟਰ ਜਸਬੀਰ ਸਿੰਘ ਸੋਨੀ ਅਮਰੀਕਾ ਵਿਚ ਹਰਟ ਸਪੈਸ਼ਲਿਸਟ ਹਨ। 1998 ਵਿਚ ਬਾਬਾ ਜੀ ਨਾਲ ਇਨ੍ਹਾਂ ਦੀ ਭੇਂਟ ਹੋਈ ਸੀ। ਇਨ੍ਹਾਂ ਦੇ ਘਰੋਂ ਬੀਬੀ ਜੀ ਵੀ ਡਾਕਟਰ ਹਨ। ਇਨ੍ਹਾਂ ਦੇ ਦੋ ਪਿਆਰੇ ਬੱਚੇ ਹਨ ਇਕ ਲੜਕਾ ਤੇ ਇਕ ਲੜਕੀ ਹੈ। ਪਰਿਵਾਰ ਵਿਚ ਕੁਝ ਆਪਸੀ ਤਨਾਵ ਕਾਰਨ, ਮਤਭੇਦ ਕਾਰਨ ਪਤੀ ਪਤਨੀ ਆਪਸ ਵਿਚ ਖਿਚੇ ਖਿਚੇ ਰਹਿ ਰਹੇ ਸਨ। ਜਿਉਂ ਹੀ ਬਾਬਾ ਜੀ ਦੀ ਸੰਗਤ ਹੋਈ, ਦੋਵਾਂ ਜੀਆਂ ਤੇ ਜਾਦੂ ਵਰਗਾ ਅਸਰ ਹੋਇਆ ਤੇ ਸਭ ਗਿਲੇ ਸ਼ਿਕਵੇ ਭੁਲਾ ਕੇ ਹੁਣ ਖੁਸ਼ੀਆਂ ਖੇੜਿਆਂ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ। ਡਾਕਟਰ ਸੋਨੀ ਜੀ ਟਰਲਾਕ ਵਿਖੇ, ਜਿਥੇ ਬਾਬਾ ਜੀ ਨਿਵਾਸ ਰਖਦੇ ਸਨ, ਉਥੇ ਹਰ ਰੋਜ਼ ਸ਼ਾਮ ਨੂੰ ਬਾਬਾ ਜੀ ਨੂੰ ਚੈਕ ਕਰਕੇ ਦਵਾਈ ਦਿਆ ਕਰਦੇ ਸਨ ਤੇ ਰਾਤ ਦੇ ਬਾਰਾਂ ਇਕ ਵਜੇ ਘਰ ਪਰਤਿਆ ਕਰਦੇ ਸਨ। ਜਦੋਂ ਇਨ੍ਹਾਂ ਨੂੰ ਪਤਾ ਲਗਾ ਕਿ ਬਾਬਾ ਜੀ ਫਰਵਰੀ ਵਿਚ ਅਮਰੀਕਾ ਪਹੁੰਚ ਰਹੇ ਹਨ ਤਾਂ ਇਨ੍ਹਾਂ ਨੇ ਪਹਿਲਾਂ ਸਰਦਾਰ ਮਹਿੰਦਰ ਸਿੰਘ ਗਿੱਲ ਨੂੰ ਬਾਬਾ ਜੀ ਦੇ ਘਰ ਚਰਨ ਪੁਆਉਣ ਵਾਸਤੇ ਬੇਨਤੀ ਕਰ ਰੱਖੀ ਸੀ। ਸੋ 12 ਫਰਵਰੀ ਨੂੰ ਸ਼ਾਮ ਨੂੰ 4.30 ਵਜੇ ਬਾਬਾ ਜੀ ਇਨ੍ਹਾਂ ਦੇ ਗ੍ਰਹਿ ਵਿਖੇ ਪੁੱਜੇ, ਅਰਵਿੰਦਰ ਸਿੰਘ ਤੱਖਰ (ਰਾਜ), ਮਹਿੰਦਰ ਸਿੰਘ ਗਿੱਲ ਤੇ ਪ੍ਰੋ. ਗੁਰਦੇਵ ਸਿੰਘ ਵੀ ਨਾਲ ਸਨ। ਇਨ੍ਹਾਂ ਦਾ ਘਰ ਔਰਨੀਡਾ ਵੈਲੀ ਵਿਖੇ ਉਚੀਆਂ ਪਹਾੜੀਆਂ ਵਿਚ ਸੁੰਦਰ ਦਰਖਤਾਂ ਵਿਚ ਘਿਰਿਆ ਬੜੀ ਰਮਣੀਕ ਥਾਂ ਤੇ ਸਥਿਤ ਹੈ ਜਿਸ ਲਈ ਮਸੂਰੀ ਵਾਂਗ ਚੜ੍ਹਾਈ ਚੜ੍ਹ ਕੇ ਜਾਣਾ ਪੈਂਦਾ ਹੈ। ਇਨ੍ਹਾਂ ਦੇ ਘਰ ਤੋਂ ਪਹਿਲਾਂ ਮਾਊਂਟ ਡਿਆਲ ਨਾਮ ਦੀ ਇਕ ਸੁੰਦਰ ਪਹਾੜੀ ਵਿਚੋਂ ਗੁਜ਼ਰਨਾ ਪੈਂਦਾ ਹੈ ਜਿਥੇ ਗਲੋਬਲ ਦਿਸਾਂਤਰ ਰੇਖਾ (longitude) ਅਤੇ ਅਕਸ਼ਾਂਸ਼ (latitude) ਦੀਆਂ ਦੋਵੇਂ ਪਲੇਟਾਂ ਮਿਲਦੀਆਂ ਹਨ ਅਤੇ ਇਸ ਤੋਂ ਅੱਗੇ ਕੌਨਕਾਰਡ ਸ਼ਹਿਰ ਵਿਚੋਂ ਦੀ ਹੋ ਕੇ ਆਉਣਾ ਪੈਂਦਾ ਹੈ। ਇਹ ਸਾਰਾ ਇਲਾਕਾ ਬਹੁਤ ਹੀ ਰਮਣੀਕ ਤੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਹੈ। ਇਹ ਸਾਰਾ ਪਰਿਵਾਰ ਬਾਬਾ ਜੀ ਦੀ ਇੰਤਜ਼ਾਰ ਵਿਚ ਬੜੀ ਦੇਰ ਤੋਂ ਬੈਠਾ ਸੀ ਤੇ ਜਿਉਂ ਹੀ ਪਹੁੰਚੇ, ਸਾਰਿਆਂ ਨੇ ਜੀ ਆਇਆਂ ਆਖਿਆ। ਡਾਟਕਰ ਸੋਨੀ ਦਾ ਲੜਕਾ ਆਦੇਸ਼ ਸੋਨੀ ਦਸ ਕੁ ਸਾਲ ਦਾ ਹੈ ਜਿਸਨੂੰ ਬਚਪਨ ਤੋਂ ਹੀ ਐਲਰਜੀ ਕਾਰਨ ਸਾਹ ਦੀ ਤਕਲੀਫ ਹੈ। ਡਾਕਟਰ ਸੋਨੀ ਜੀ ਇਸ ਗੱਲ ਤੋਂ ਪਰੇਸ਼ਾਨ ਸਨ ਤੇ ਬਾਬਾ ਜੀ ਨੂੰ ਇਸ ਦੀ ਸਿਹਤ ਠੀਕ ਹੋਣ ਲਈ ਬੇਨਤੀ ਕੀਤੀ। ਬਾਬਾ ਜੀ ਨੇ ਇਸਨੂੰ ਰੋਮਨ ਵਿਚ ਗੁਰਬਾਨੀ ਦਾ ਪਾਠ ਭੇਜਣ ਲਈ ਬਚਨ ਕੀਤਾ ਸੀ ਡਾਕਟਰ ਸੋਨੀ ਜੀ ਨੇ ਗੱਲਬਾਤ ਰਾਹੀਂ ਦੱਸਿਆ ਸੀ ਕਿ ਉਹ ਪੰਜਾਬ ਵਿਚ ਕਿਸੇ ਥਾਂ ਤੇ ਵੀ ਇਕ ਬੱਚਿਆਂ ਦਾ ਹਸਪਤਾਲ ਖੋਲ੍ਹਣਾ ਚਾਹੁੰਦੇ ਹਨ ਅਤੇ ਰਤਵਾੜਾ ਸਾਹਿਬ ਵਿਖੇ ਇਨਫਰਮੇਸ਼ਨ ਟੈਕਨਾਲੋਜੀ ਦੇ ਇਨਸਟੀਚਿਊਟ ਲਈ ਆਪਣਾ ਤੇ ਹੋਰ ਸਾਥੀਆਂ ਦਾ ਯੋਗਦਾਨ ਪਾਉਣਾ ਚਾਹੁੰਦੇ ਹਨ ਤਾਂ ਕਿ ਪੰਜਾਬ ਦੇ ਨੌਜਵਾਨਾਂ ਨੂੰ ਇਸ ਹਾਈ ਟੈਕ ਖੇਤਰ ਦੀ ਭਰਪੂਰ ਜਾਣਕਾਰੀ ਮਿਲ ਸਕੇ। ਬਾਬਾ ਜੀ ਨੇ ਬਚਨ ਕੀਤਾ ਕਿ ਜਦੋਂ ਸਮਾਂ ਆਏਗਾ ਉਨ੍ਹਾਂ ਨਾਲ ਸੰਪਰਕ ਕੀਤਾ ਜਾਵੇਗਾ ਤੇ ਉਨ੍ਹਾਂ ਦੀ ਸੇਵਾਵਾਂ ਨੂੰ ਲੋਕ ਭਲਾਈ ਹਿਤ ਜ਼ਰੂਰ ਹੀ ਪ੍ਰਵਾਨ ਕੀਤਾ ਜਾਵੇਗਾ। ਬਾਬਾ ਜੀ ਨੇ ਡਾਕਟਰ ਸੋਨੀ ਜੀ ਨੂੰ ਡਾਕਟਰ ਸਵਾਮੀ ਰਾਮ ਜੀ ਦੀ ਪੰਜਾਬ ਵਿਚ ਇੰਜਨੀਅਰਿੰਗ ਸਿਟੀ ਦੀ ਯੋਜਨਾ ਬਾਰੇ ਵੀ ਦੱਸਿਆ ਕਿ ਉਹ ਕਿਨ੍ਹਾਂ ਕਾਰਨਾਂ ਕਰਕੇ ਮੁਲਤਵੀ ਕਰ ਦਿਤਾ ਸੀ। ਬਾਬਾ ਜੀ ਨੇ ਰਤਵਾੜਾ ਸਾਹਿਬ ਸਮਾਗਮ ਬਾਰੇ ਬਚਨ ਕੀਤੇ ਕਿ ਕਿਸ ਤਰ੍ਹਾਂ ਉਥੇ ਯੋਜਨਾ-ਬਧ ਤਰੀਕੇ ਨਾਲ ਹਰ ਕੰਮ ਨੂੰ ਨਜਿੱਠਿਆ ਜਾਂਦਾ ਹੈ, ਸੰਗਤ, ਵਾਲੰਟੀਅਰ ਸਾਰੇ ਸਹਿਯੋਗੀ ਇਸ ਦੀ ਸਫਲਤਾ ਲਈ ਆਪੋ ਆਪਣੀ ਥਾਂ ਪੂਰਾ ਸਹਿਯੋਗ ਦਿੰਦੇ ਹਨ। ਇਸੇ ਕਰਕੇ ਇਹ ਸੰਸਾਰ ਭਰ ਵਿਚ ਆਪਣੀ ਮਿਸਾਲ ਆਪ ਹੀ ਹੈ। ਬਾਬਾ ਜੀ ਹਾਲੇ ਬਚਨ ਕਰ ਹੀ ਰਹੇ ਸਨ ਕਿ ਸਰਦਾਰ ਮਨਜੀਤ ਸਿੰਘ ਔਲਖ ਜਿਨ੍ਹਾਂ ਦਾ ਪਿੰਡ ਕੁਪ ਹੈ ਜੋ ਰਾੜਾ ਸਾਹਿਬ ਦੇ ਨੇੜੇ ਹੈ। ਇਨ੍ਹਾਂ ਦਾ ਘਰ ਮੋਰਾਗਮ ਵਿਖੇ ਹੈ ਤੇ ਇਹ ਬਾਬਾ ਜੀ ਨੂੰ ਆਪਣੇ ਘਰ ਲਿਜਾਣ ਲਈ ਪਹੁੰਚ ਗਏ। ਇਨ੍ਹਾਂ ਦੇ ਘਰ ਕਾਫੀ ਸੰਗਤ ਜੁੜੀ ਹੋਈ ਸੀ ਤੇ ਇਸ ਪਰਿਵਾਰ ਨੇ ਬਾਬਾ ਜੀ ਨੂੰ ਬੜਾ ਆਦਰ ਮਾਣ ਤੇ ਸ਼ਰਧਾ ਦਿਖਾਈ ਤੇ ਘਰੇਲੂ ਉਲਝਣ ਬਾਰੇ ਸੇਧ ਲਈ। ਬਾਬਾ ਜੀ ਨੇ ਸੰਪਟ ਪਾਠ ਕਰਵਾਉਣ ਵਾਸਤੇ ਬਚਨ ਕੀਤਾ। ਇਥੇ ਬਾਬਾ ਜੀ ਥੋੜੀ ਦੇਰ ਹੀ ਰੁਕੇ ਅਤੇ ਫੇਰ ਬੀਬੀ ਅਮਰਜੀਤ ਕੌਰ ਔਜਲਾ ਦੇ ਘਰ, ਜੋ ਪਿਨੌਲ ਵਿਖੇ ਹੈ, ਪਹੁੰਚੇ, ਉਥੇ ਵੀ ਕਾਫੀ ਸੰਗਤ ਬਾਬਾ ਜੀ ਦਾ ਇੰਤਜ਼ਾਰ ਕਰ ਰਹੀ ਸੀ। ਇਥੇ ਮੋਰਿੰਡੇ ਪਾਸ ਇਉਂਦ ਦੇ ਪ੍ਰੇਮੀ ਵੀ ਆਏ ਹੋਏ ਸਨ ਜਿਨ੍ਹਾਂ ਨੇ ਬਾਬਾ ਜੀ ਨਾਲ ਬਚਨ ਕੀਤੇ ਅਤੇ ਬਾਬਾ ਜੀ ਨੇ ਇਨ੍ਹਾਂ ਨਾਲ ਰੋਪੜ ਜ਼ਿਲੇ ਵਿਚ ਕਿਸ ਤਰ੍ਹਾਂ ਪ੍ਰਚਾਰ ਹੋਇਆ, ਬਾਰੇ ਦੱਸਿਆ ਕਿ ਕਿਸ ਤਰ੍ਹਾਂ ਪਿੰਡ ਪਿੰਡ ਦੀਵਾਨ ਲਾ ਕੇ ਲੋਕਾਂ ਵਿਚ ਸਿੱਖੀ ਪ੍ਰਤੀ ਜਾਗਰੂਪਤਾ ਲਿਆਂਦੀ ਤੇ ਹੁਣ ਰੋਪੜ ਜ਼ਿਲਾ ਸਭ ਤੋਂ ਅੱਗੇ ਹੈ। ਜਿਥੇ ਜਿਥੇ ਵੀ ਬਾਬਾ ਜੀ ਨੇ ਚਰਨ ਪਾਏ, ਹਰ ਥਾਂ ਸੰਗਤਾਂ ਨੇ ਆਤਮ ਮਾਰਗ ਦੀ ਰਿਨੂਅਲ ਤੇ ਮੈਂਬਰਸ਼ਿਪ ਲਈ ਉਤਸ਼ਾਹ ਵਿਖਾਇਆ। ਅੱਗੇ ਹਰਕਲੀਸ ਏਰੀਏ ਵਿਚ ਪਹੁੰਚੇ ਜਿਥੇ ਸਰਦਾਰ ਜਗਜੀਤ ਸਿੰਘ ਜੋ ਕਿ ਪਿੰਡ ਚੂੜ੍ਹ-ਚੱਕ, ਮੋਗੇ ਜ਼ਿਲੇ ਦੇ ਜੰਮਪਲ ਹਨ। ਇਹ ਬੜੇ ਸੁਲਝੇ ਹੋਏ ਤੇ ਪਿਆਰ ਵਾਲੇ ਪ੍ਰੇਮੀ ਹਨ। ਇਨ੍ਹਾਂ ਨੇ ਆਪਣਾ ਪ੍ਰਭਾਵ ਦੱਸਿਆ ਕਿ ਆਤਮ ਮਾਰਗ ਇਕ ਅਨਮੋਲ ਵਸਤੂ ਹੈ ਤੇ ਇਸ ਵਿਚ ਬਹੁਤ ਸਾਰੇ ਭਰਮ ਭੁਲੇਖੇ ਤੇ ਇਤਿਹਾਸਕ ਕਥਨਾਂ ਦਾ ਸਪਸ਼ਟੀਕਰਨ ਮਿਲਦਾ ਹੈ। ਇਥੇ ਬਾਬਾ ਜੀ ਨੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਬਾਰੇ ਬਚਨ ਕੀਤੇ ਕਿ ਮਾਤਾ ਜੀ ਮਹਾਨ ਯੋਗੀ ਸਨ ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਮਹਾਰਾਜ ਵਾਂਗ ਹੀ ਤਪ ਤੇ ਸਾਧਨਾ ਕੀਤੀ ਹੋਈ ਸੀ ਅਤੇ ਉਨ੍ਹਾਂ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸੁਣ ਕੇ ਵਾਹਿਗੁਰੂ ਦਾ ਸ਼ੁਕਰ ਕੀਤਾ ਅਤੇ ਆਪਣੀ ਮਰਜ਼ੀ ਨਾਲ ਸਰੀਰ ਤਿਆਗ ਦਿਤਾ ਸੀ ਜਿਸ ਤਰ੍ਹਾਂ ਕਿ ਮਾਤਾ ਜੀਤੋ ਜੀ ਨੇ ਅਤੇ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਨੇ ਸਰੀਰ ਦਾ ਤਿਆਗ ਕਰ ਦਿਤਾ ਸੀ ਤੇ ਉਨ੍ਹਾਂ ਤੇ ਇਹ ਅਵਸਥਾ ਢੁਕਦੀ ਸੀ -

***ਗੁਰਮੁਖਿ ਆਵੈ ਜਾਇ ਨਿਸੰਗੁ॥ ਪੰਨਾ - 932***

ਸ਼ਾਮ ਦਾ ਦੀਵਾਨ ਗੁਰਦੁਆਰਾ ਸਾਹਿਬ ਐਲਸਬਰਾਂਟੇ

ਸਜਿਆ ਤੇ ਸੰਗਤਾਂ ਦੂਰ ਦੁਰਾਡੇ ਤੋਂ ਪੁਜ ਕੇ ਗੁਰਦੁਆਰਾ ਸਾਹਿਬ ਦਾ ਹਾਲ ਪੂਰਾ ਭਰਿਆ ਹੋਇਆ ਸੀ। ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਨੇ ਸ਼ਾਮ 8 ਵਜੇ ਤਕ 'ਆਪ ਮੁਕਤ ਮੋਹੇ ਤਾਰੇ' ਬਾਰੇ ਸੰਗਤਾਂ ਨਾਲ ਪ੍ਰਵਚਨ ਸਾਂਝੇ ਕੀਤੇ ਅਤੇ ਉਪਰੰਤ 9.30 ਵਜੇ ਤਕ ਬਾਬਾ ਜੀ ਨੇ ਪ੍ਰਵਚਨ ਕੀਤੇ ਕਿ ਜਿਵੇਂ ਧਾਨਾਂ ਦੀ ਖੇਤੀ ਪਾਣੀ ਤੋਂ ਬਗੈਰ ਸੁਕ ਜਾਂਦੀ ਹੈ ਇਸੇ ਤਰ੍ਹਾਂ ਗੁਰਸਿੱਖੀ ਹੈ, ਜੇ ਇਸਨੂੰ ਸਤਿਸੰਗ ਰੂਪੀ ਪਾਣੀ ਨਾ ਮਿਲੇ ਤਾਂ ਇਹ ਸੁਕ ਜਾਂਦੀ ਹੈ। ਸੁਕਦੇਵ ਮੁਨੀ ਜੀ ਬਾਰੇ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਪਿਛਲੇ 101 ਜਨਮਾਂ ਦਾ ਗਿਆਨ ਸੀ ਤੇ ਛੋਟੀ ਉਮਰ ਵਿਚ ਭਗਤੀ ਕਰਨ ਚਲ ਪਏ ਸੀ। ਇਸ ਦੇਹੀ ਵਿਚ ਹੀ ਭਜਨ ਬੰਦਗੀ ਕਰਕੇ ਪੂਰਾ ਲਾਭ ਲੈਣਾ ਚਾਹੀਦਾ ਹੈ ਫੇਰ ਪਤਾ ਨਹੀਂ ਕਿਥੇ ਜਨਮ ਮਿਲੇ। ਇਸ ਪ੍ਰਥਾਇ ਮੁਰਾਦਾਬਾਦ ਵਾਲੇ ਮੋਹਨਲਾਲ ਦੀ ਸੱਚੀ ਵਾਰਤਾ ਸੁਣਾਈ ਕਿ ਕਿਵੇਂ ਇਕ ਸੇਠ ਮਰ ਕੇ ਦੂਜੇ ਥਾਂ ਇਕ ਗਰੀਬ ਮਾਸਟਰ ਦੇ ਘਰ ਪੈਦਾ ਹੋ ਗਿਆ ਸੀ। ਇਸ ਸਰੀਰ ਵਿਚ ਹੀ ਵਾਹਿਗੁਰੂ ਦਾ ਵਾਸਾ ਹੈ –

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥*** ***ਪੰਨਾ – 1033***

ਨੌਂ ਦਰਵਾਜ਼ੇ ਬੰਦ ਕਰਕੇ ਦਸਵੇਂ ਦੁਆਰ ਰਾਹੀਂ ਪ੍ਰਮੇਸ਼ਰ ਦੇ ਦਰਸ਼ਨ ਕਰਕੇ ਜੀਵਨ ਦੀ ਸਫਲਤਾ ਪ੍ਰਾਪਤ ਹੋ ਜਾਂਦੀ ਹੈ। ਇਹ ਸਬਦਿ ਸੁਰਤਿ ਦਾ ਮਾਰਗ ਹੈ। ਸੰਗਤ ਨੂੰ ਸਨਹੋਜ਼ੇ ਵਾਲਿਆਂ ਦੀ ਤਰ੍ਹਾਂ ਅੰਮ੍ਰਿਤ ਵੇਲੇ ਨਾਮ ਜਪਣ ਵਾਸਤੇ ਕਿਹਾ ਕਿ ਵਾਹਿਗੁਰੂ ਮੰਤਰ ਦਾ ਜਾਪ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ ਅਤੇ ਸੰਗਤ ਤੋਂ ਇਸ ਦੀ ਪ੍ਰੈਕਟਿਸ ਕਰਵਾਈ। ਬਾਬਾ ਜੀ ਨੇ ਖੁਦ ਆਪ ਪ੍ਰਦਰਸ਼ਨ (domonstration) ਕਰਕੇ ਸੰਗਤ ਨੂੰ ਸੇਧ ਦਿਤੀ ਅਤੇ ਦੱਸਿਆ ਕਿ ਇਸ ਦੀ ਸਾਧਨਾ ਕਰਨ ਨਾਲ ਹੌਲੀ ਹੌਲੀ, ਸੇਵਾ ਸਿਮਰਨ ਤੇ ਆਤਮ ਮਾਰਗ ਦੇ ਰਸਤੇ ਉਤੇ ਚਲਦਿਆਂ ਇਸ ਦੀ ਸੋਝੀ ਹੋ ਜਾਂਦੀ ਹੈ।

13 ਫਰਵਰੀ ਨੂੰ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸਰਦਾਰ ਸੁਰਜੀਤ ਸਿੰਘ ਦੂਲ ਜੋ ਕਿ ਰਿਚਮੰਡ ਰਹਿੰਦੇ ਹਨ, ਦੇ ਗ੍ਰਹਿ ਵਿਖੇ ਹੋਇਆ ਇਹ ਆਤਮ ਮਾਰਗ ਦੇ ਲਾਈਫ ਮੈਂਬਰ ਹਨ, ਬਹੁਤ ਸਾਰੀ ਸੰਗਤ ਕੀਰਤਨ ਸਰਵਣ ਕਰਨ ਵਾਸਤੇ ਪੁੱਜੀ ਅਤੇ ਦੁਪਹਿਰ ਦਾ ਆਖਰੀ ਦੀਵਾਨ ਗੁਰਦੁਆਰਾ ਐਲਸਬਰਾਂਟੇ ਵਿਖੇ ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਨੇ ਲਗਾਇਆ ਜਿਸ ਵਿਚ ਬ੍ਰਹਮਗਿਆਨੀ ਭਾਈ ਘਨਈਆ ਜੀ ਬਾਰੇ ਤੇ ਪੂਰਨ ਸਤਿਗੁਰੂ ਨਿਰਵੈਰ ਨਿਰਾਲੇ ਬਾਰੇ ਵਖਿਆਨ ਕੀਤਾ। ਕੁਝ ਰੁਝੇਵਿਆਂ ਕਾਰਨ ਬਾਬਾ ਜੀ ਇਥੇ ਪਹੁੰਚ ਨਹੀਂ ਸਕੇ ਸਨ। ਇਥੇ ਬਹੁਤ ਜ਼ੋਰ ਦੀ ਬਾਰਿਸ਼ ਪੈ ਰਹੀ ਸੀ। ਸਰਦਾਰ ਬਲਬੀਰ ਸਿੰਘ ਖਾਖ ਇਸ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਨ ਜੋ ਕਿ ਆਤਮ ਮਾਰਗ ਦੇ ਲਾਈਫ ਮੈਂਬਰ ਹਨ ਅਤੇ ਇਨ੍ਹਾਂ ਨੇ ਬਹੁਤ ਸਹਿਯੋਗ ਦੇ ਕੇ ਆਤਮ ਮਾਰਗ ਦੇ ਕਈ ਮੈਂਬਰ ਬਣਵਾਏ ਤੇ ਸੰਗਤ ਨੂੰ ਮੈਂਬਰ ਬਣਨ ਲਈ ਪ੍ਰੇਰਿਆ। ਇਹ ਬਹੁਤ ਹੀ ਪਿਆਰ ਵਾਲੇ ਗੁਰਸਿੱਖੀ ਜੀਵਨ ਵਾਲੇ ਪ੍ਰੇਮੀ ਹਨ ਤੇ ਸਨੀਵੇਲ ਦੇ ਦੀਵਾਨਾਂ ਤੇ ਹਰ ਰੋਜ਼ ਹਾਜ਼ਰੀ ਭਰਦੇ ਰਹੇ ਸਨ।

ਜਥੇ ਨੇ ਦੁਪਹਿਰ ਦਾ ਪ੍ਰਸ਼ਾਦਾ ਸਰਦਾਰ ਦਲਜੀਤ ਸਿੰਘ ਦਿਉਲ ਦੇ ਗ੍ਰਹਿ ਵਿਖੇ ਛਕਿਆ ਤੇ ਬਾਬਾ ਜੀ ਵੀ ਇਨ੍ਹਾਂ ਦੇ ਗ੍ਰਹਿ ਵਿਖੇ ਪੁੱਜੇ ਸਨ। ਇਹ ਆਪ ਲਾਈਫ ਮੈਂਬਰ ਬਣੇ ਤੇ ਹੋਰ ਇਕ ਦੋ ਦੋਸਤਾਂ ਨੂੰ ਬਣਾਇਆ।

ਉਪਰੰਤ ਬਰਿਜ ਟੈਂਡਰ ਬੇਟ ਸ਼ਾਪ, ਵਾਲਨੈਟ ਗਰੋਵ ਵਿਖੇ, ਬੇਕਰੀ ਸ਼ਾਪ ਵਿਚ ਚਰਨ ਪਾਏ, ਇਸ ਪ੍ਰੇਮੀ ਸਰਵਣ ਸਿੰਘ ਬਰਿੰਗ ਨੇ ਬਹੁਤ ਸ਼ਰਧਾ ਵਿਖਾਈ ਤੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਫੇਰ ਸਰਦਾਰ ਲਛਮਣ ਸਿੰਘ ਹੁੰਡਲ, ਯੂਬਾਸਿਟੀ ਵਾਲਿਆਂ ਦੇ ਗ੍ਰਹਿ ਵਿਖੇ ਪੁਜੇ। ਇਥੇ ਬਾਬਾ ਜੀ ਨੇ ਟਾਈਮ ਐਂਡ ਸਪੇਸ ਬਾਰੇ ਪ੍ਰਵਚਨ ਕੀਤੇ ਅਤੇ ਹਉਮੈ ਤੱਤ, ਨਾਮ ਤੱਤ ਤੇ ਮਾਇਆ ਤੱਤ ਜੋ ਅਨਰਬਚਨੀ ਹੈ, ਬਾਰੇ ਦੱਸਿਆ। ਪ੍ਰਕਿਰਤੀ ਦੇ ਤਿੰਨ ਗੁਣਾਂ ਦੇ ਸੰਤੁਲਨ ਵਿਗੜਨ ਨਾਲ creation ਹੁੰਦੀ ਹੈ ਤੇ ਬਿਗ ਬੈਂਗ ਹੋਇਆ। ਡਾਕਟਰ ਸਟੀਫਨ ਦੀ ਥਿਊਰੀ ਅਤੇ ਮਿਥਿਆ ਗਿਆਨ ਤੇ ਤੱਤ ਗਿਆਨ ਬਾਰੇ ਦੱਸਿਆ ਅਤੇ ਗੁਰੂ ਮਹਾਰਾਜ ਦੇ ਇਨ੍ਹਾਂ ਬਚਨਾਂ ਦਾ ਸਾਰ ਦੱਸਿਆ –

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥***
***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥*** ***ਪੰਨਾ – 946***

ਇਸ ਤੋਂ ਬਾਅਦ ਸਰਦਾਰ ਜੁਗਿੰਦਰ ਸਿੰਘ ਨਿਜਰ, ਸਰਦਾਰ ਬਲਦੇਵ ਸਿੰਘ ਸਰਾ ਦੇ ਗ੍ਰਹਿ ਵਿਖੇ ਹੁੰਦੇ ਹੋਏ ਸਰਦਾਰ ਹਰਭਜਨ ਸਿੰਘ ਸੰਧੂ ਦੇ ਗ੍ਰਹਿ ਵਿਖੇ ਪੁਜੇ। ਇਨ੍ਹਾਂ ਨੇ ਪਿਆਰ ਨਾਲ ਜੀ ਆਇਆਂ ਆਖਿਆ ਅਤੇ ਲਾਈਫ ਮੈਂਬਰ ਵੀ ਬਣੇ।

**LLLLLL**

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ –** – 4, 11, 18, 25 ਫਰਵਰੀ।

**ਪੂਰਨਮਾਸ਼ੀ –** 8 ਫਰਵਰੀ, ਦਿਨ ਵੀਰਵਾਰ।

**ਸੰਗਰਾਂਦ –** 12 ਫਰਵਰੀ, ਦਿਨ ਸੋਮਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ –** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।